

INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
30/-
ਨਵੰਬਰ
2021
ਸਤਿਗੁਰ ਨਾਨਕ
ਪ੍ਰਗਟਿਆ ਮਿਟੀ ਧੁੰਧੁ
ਜਗਿ ਚਾਨਣੁ ਹੋਆ।
ਪ੍ਰਕਾਸ਼ ਗੁਰਪੁਰਬ ਸਮਾਗਮ
19 ਨਵੰਬਰ, ਰਤਵਾੜਾ ਸਾਹਿਬ

# ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ (1918-2001)

## ਬਾਨੀ – ਟਰੱਸਟ ਰਤਵਾੜਾ ਸਾਹਿਬ

ਆਪ ਜੀ ਦਾ ਜਨਮ ਪਿੰਡ ਧਮੋਟ, ਜ਼ਿਲਾ ਲੁਧਿਆਣਾ (ਪੰਜਾਬ) ਦੇ ਇਕ ਆਮ ਕਿਸਾਨ ਪਰਿਵਾਰ ਵਿਚ ਹੋਇਆ। ਪੂਰਬਲੇ ਜਨਮਾਂ ਦੀਆਂ ਕਮਾਈਆਂ ਤੇ ਸੰਸਕਾਰਾਂ ਸਦਕਾ ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲਿਆ। 18 ਸਾਲ ਦੀ ਉਮਰ ਤੱਕ ਆਪ ਪੜ੍ਹਾਈ ਲਿਖਾਈ ਅਤੇ ਘਰੇਲੂ ਕੰਮ ਕਰਦੇ ਹੋਏ ਵੀ ਵੱਧ ਤੋਂ ਵੱਧ ਸਮਾਂ ਨਾਮ ਸਿਮਰਨ ਵਿਚ ਬਿਤਾਉਂਦੇ ਸੀ। ਇਸੇ ਕਰਕੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਆਪ ਜੈਸੇ ਅਮੋਲਕ ਹੀਰੇ ਨੂੰ ਪਹਿਲੀ ਮਿਲਣੀ ਵਿਚ ਹੀ ਪਰਖ ਕੇ ਇਹ ਬਚਨ ਕੀਤਾ ਸੀ **'ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ।'** ਉਨ੍ਹਾਂ ਦੇ ਹੁਕਮ ਤੇ ਸਹਿਜ ਵਿਚ ਰਹਿ ਕੇ ਆਪ ਜੀ ਨੇ ਸਾਰਾ ਜੀਵਨ ਬਤੀਤ ਕੀਤਾ। ਭਰ ਜੁਆਨੀ ਵਿਚ ਸਿੰਧ ਵਿਖੇ ਗੁਰਮਤਿ ਪ੍ਰਚਾਰ ਕੀਤਾ, ਫੇਰ ਸੈਕਟਰੀਏਟ ਸਰਵਿਸ ਕੀਤੀ ਅਤੇ ਚੰਡੀਗੜ੍ਹ ਦੀਵਾਨ ਸਜਾਉਂਦੇ ਰਹੇ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਹੁਕਮ ਪਾ ਕੇ ਯੂ.ਪੀ. ਵਿਚ ਫਾਰਮ ਅਬਾਦ ਕੀਤਾ ਤੇ ਖੇਤੀ-ਬਾੜੀ ਕਰਦੇ ਹੋਏ ਨਾਲ-ਨਾਲ ਕਥਾ-ਕੀਰਤਨ ਦੁਆਰਾ ਗੁਰਮਤਿ ਉਪਦੇਸ਼ ਦੇ ਕੇ ਲੱਖਾਂ ਪ੍ਰਾਣੀਆਂ ਨੂੰ ਨਸ਼ੇ, ਚੋਰੀਆਂ ਤੋਂ ਹਟਾ ਕੇ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸ਼ਬਦ' ਗੁਰੂ ਦੇ ਲੜ ਲਾਇਆ। ਜਿਥੇ ਕਿਤੇ ਵੀ ਆਪ ਜੀ ਨੇ ਕਿਰਤ ਕੀਤੀ, ਆਪਣੀ ਮਿਸਾਲ ਕਾਇਮ ਕਰ ਦਿਤੀ। ਜੋ ਸਿੰਧ ਵਿਚ ਰਹੇ ਤਾਂ ਉਥੇ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਸਭ ਨਾਲ ਇਕੋ ਜਿਹਾ ਪਿਆਰ ਭਰਿਆ ਵਰਤਾਰਾ ਕੀਤਾ। ਜੇ ਸੈਕਟਰੀਏਟ ਸਰਵਿਸ ਕੀਤੀ ਤਾਂ ਦਿਨ-ਰਾਤ ਤਨ ਦੇਹੀ ਨਾਲ ਦਫਤਰੀ ਕੰਮ ਨੂੰ ਨਿਬੇੜਿਆ ਤਾਂਕਿ ਗਰੀਬ ਲੋਕਾਂ ਨਾਲ ਕੋਈ ਧੱਕਾ ਨਾ ਹੋਵੇ, ਜਿਸ ਦੇ ਫਲਸਰੂਪ ਆਪ ਜੀ ਨੂੰ ਕਮਿਸ਼ਨਰ ਫਲੈਚਰ ਵਲੋਂ ਸਪੈਸ਼ਲ ਸਨਮਾਨ ਪੱਤਰ ਦਿਤਾ ਗਿਆ। ਇਸ ਤੋਂ ਪਹਿਲਾਂ ਜਦੋਂ ਪਟਿਆਲੇ ਫੋਜ ਵਿਚ ਸਰਵਿਸ ਕੀਤੀ ਉਥੇ ਵੀ ਰਿਸ਼ਵਤ ਲੈਣ ਤੋਂ ਨਾਂਹ ਕਰਕੇ ਸੱਚ 'ਤੇ ਪਹਿਰਾ ਦਿਤਾ ਜਿਸ ਤੋਂ ਅਫਸਰਾਂ ਨੂੰ ਵੀ ਚੰਗੀ ਸਿੱਖਿਆ ਪ੍ਰਾਪਤ ਹੋਈ। ਜੋ ਯੂ.ਪੀ ਫਾਰਮਿੰਗ (ਕਿਸਾਨੀ) ਦਾ ਕੰਮ ਕੀਤਾ ਤਾਂ ਨਾਲ-ਨਾਲ ਦਿਨ ਰਾਤ ਗੁਰਮਤਿ ਦੀਵਾਨ ਲਗਦੇ ਜਿਸ ਵਿਚ ਆਪ ਆਪਣੀ ਟਰੈਕਟਰ-ਟਰਾਲੀ ਦੁਆਰਾ ਸੰਗਤਾਂ ਨੂੰ ਲੈ ਕੇ ਜਾਂਦੇ ਸਨ। ਇਸੇ ਕਰਕੇ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ ਜਦੋਂ ਯੂ.ਪੀ. ਦੇ ਦੀਵਾਨਾਂ ਵਿਚ ਆਪ ਜੀ ਦੇ ਫਾਰਮ 'ਤੇ ਚਰਨ ਪਾਉਣ ਆਏ ਤਾਂ ਆਪ ਦਾ ਨਾਮ ਲੈ ਕੇ ਬਚਨ ਕੀਤਾ ਕਿ **'ਵਰਿਆਮ ਸਿੰਘ! ਫਕੀਰੀ ਤੇਰੀ, ਫਕੀਰੀ ਤੇਰੀ, ਫਕੀਰੀ ਤੇਰੀ।''** ਭਾਵ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਆਪ ਜੀ ਪੂਰਨ ਸੰਤ ਵੀ ਹੋ। ਸੰਤ ਮਹਾਰਾਜ ਜੀ ਦਾ ਹੁਕਮ ਪਾ ਕੇ ਤੁਰੰਤ ਹੀ ਫਾਰਮ ਵੇਚ ਦਿਤਾ ਤੇ 1978 ਵਿਚ ਚੰਡੀਗੜ੍ਹ ਆ ਗਏ ਜਿਥੇ ਆਲੇ-ਦੁਆਲੇ ਰੋਪੜ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਪਹਿਲਾ ਦੀਵਾਨ, ਪਿੰਡ ਸਾਰੰਗਪੁਰ (ਚੰਡੀਗੜ੍ਹ) ਵਿਚ ਲਾਇਆ। ਫੇਰ ਮੁੜ ਕੇ ਪਿੱਛੇ ਨਹੀਂ ਦੇਖਿਆ ਤੇ ਪਿੰਡ-ਪਿੰਡ ਤੇ ਘਰ-ਘਰ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਜਦੋਂ ਰੋਪੜ ਜ਼ਿਲੇ ਦੇ ਪ੍ਰੇਮੀ ਆ ਕੇ ਕਹਿੰਦੇ ਕਿ ਸਾਡਾ ਜ਼ਿਲਾ ਪਛੜਿਆ ਹੈ ਤਾਂ ਆਪ ਜੀ ਬਚਨ ਕਰਦੇ ਕਿ ਰੋਪੜ ਸਿੱਖੀ ਵਿਚ ਸਭ ਤੋਂ ਅੱਗੇ ਹੋਵੇਗਾ।

ਇਥੇ ਦੇਸ਼ ਵਿਚ ਹੀ ਨਹੀਂ, ਅਮਰੀਕਾ, ਕੈਨੇਡਾ, ਇੰਗਲੈਂਡ, ਵਿਚ ਵੀ ਪ੍ਰਚਾਰ ਕਰਕੇ ਅਨੇਕਾਂ ਪ੍ਰਾਣੀਆਂ ਨੂੰ 'ਸ਼ਬਦ ਗੁਰੂ' ਦੇ ਲੜ ਲਾਇਆ। ਆਪ ਜੀ ਨੇ ਮਿਸਾਲ ਕਾਇਮ ਕੀਤੀ ਤੇ ਕਦੀ ਵੀ ਕਿਸੇ ਗੁਰੂ ਘਰ ਤੋਂ ਮਾਇਕ ਸਿਰੋਪਾ ਸਵੀਕਾਰ ਨਹੀਂ ਕੀਤਾ। ਜੋ ਸਹਿਜ ਸੁਭਾਅ ਮਾਇਆ ਆਈ ਉਸ ਨੂੰ ਸੰਗਤਾਂ ਦੇ ਭਲੇ ਲਈ ਤੇ ਗੁਰੂ ਕੇ ਲੰਗਰ ਵਾਸਤੇ ਖਰਚ ਕੀਤਾ। ਕੁਦਰਤੀ ਆਫਤਾਂ ਭੁਚਾਲ, ਹੜਾਂ ਸਮੇਂ ਪੀੜਤਾਂ ਦੀ ਸੇਵਾ ਕੀਤੀ। ਪਰਾ ਤੇ ਅਪਰਾ ਵਿਦਿਆ ਲਈ ਸਕੂਲ ਕਾਲਜ ਸਥਾਪਿਤ ਕੀਤੇ। ਸਹਿਤਕ ਖੇਤਰ ਵਿੱਚ ਰੂਹਾਨੀ ਮੈਗਜ਼ੀਨ ਆਤਮ ਮਾਰਗ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ ਅਨੇਕਾਂ ਰੂਹਾਨੀ ਪੁਸਤਕਾਂ ਤਿਆਰ ਕਰਵਾਈਆਂ। ਆਪ ਜੀ 31 ਅਕਤੂਬਰ 2001 ਵਿਚ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰਸਟ ਦੀਆਂ ਸਾਰੀਆਂ ਸੇਵਾਵਾਂ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ ਸੌਂਪ ਕੇ ਪੰਜ ਭੂਤਕ ਸਰੀਰ ਤਿਆਗ ਕੇ ਸਚਖੰਡ ਜਾ ਬਿਰਾਜੇ ਗਏ।



# ਆਤਮ ਮਾਰਗ

ਸਾਲ-ਸਤਾਈਵਾਂ, ਮਹੀਨਾ-ਨਵੰਬਰ, 2021

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


ਚੇਅਰਮੈਨ
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ – ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ – ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ – ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ – ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ: 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 8 |
| | *ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ* | |
| 3. | ਜਨਮ ਜਨਮ ਕੀ ਹਉਮੈ ਮਲੁ ਲਾਗੀ..... | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਅਗੰਮ ਅਗੋਚਰ ਦਾ ਮਾਰਗ | 17 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਮਰਣਹਾਰੁ ਇਹੁ ਜੀਅਰਾ ਨਾਹੀ | 21 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਮਹਾ ਅਨੰਦ ਭਏ ਸੁਖ ਪਾਇਆ....... | 29 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਮਹਾਂਪੁਰਸ਼ਾਂ ਵਲੋਂ ਪਰਉਪਕਾਰੀ ਕਾਰਜ ਅਤੇ ਅਭੁੱਲ ਯਾਦਾਂ | 31 |
| 8. | ਸਤਿਗੁਰ ਨਾਨਕੁ ਪ੍ਰਗਟਿਆ.......। | 41 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 9. | ਨਾਮ-ਜਪੁ-ਸਿਮਰਨ ਕਿਉਂ ਤੇ ਕਿਵੇਂ? | 43 |
| | *ਡਾ. ਜਗਜੀਤ ਸਿੰਘ* | |
| 10. | ਏਕੁ ਜੁ ਸਾਧੂ ਮੋੁਹਿ ਮਿਲਿਓ.........। | |
| | (ਪਿਆਰੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਵਿਚ) | 45 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 11. | ਗੁਰਬਾਣੀ ਅਰਥ ਭੰਡਾਰ | 54 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 12. | ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ | |
| | (ਸਤਿਕਾਰਯੋਗ ਬੀਜੀ ਮਾਤਾ ਰਣਜੀਤ ਕੌਰ ਜੀ ਦੀ ਯਾਦ ਨੂੰ ਸਮਰਪਿਤ) | 56 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 13. | ਗੁਰੂ ਨਾਨਕ ਆਗਮਨ | 60 |
| | *ਡਾ. ਭਾਈ ਵੀਰ ਸਿੰਘ* | |
| 14. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 62 |
| | *ਡਾ. ਸਵਾਮੀ ਰਾਮ ਜੀ* | |
| 15. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ, ਕੀਰਤਨ ਲਾਈਵ ਟੈਲੀਕਾਸਟ ਅਤੇ ਬੈਂਕ ਅਕਾਊਂਟ | 64 |
| 16. | ਵਿਦੇਸ਼ੀ ਸੰਗਤਾਂ ਲਈ ਅਕਾਊਂਟ ਸਬੰਧੀ ਜ਼ਰੂਰੀ ਸੂਚਨਾ | 65 |
| 17. | ਪੁਸਤਨ ਸੂਚੀ | 66 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

**ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥**
**ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ਅੰਗ –** ੭੨੯

ਪ੍ਰੀਤਮ ਪਿਆਰੇ ਦੇ ਵਿਯੋਗ ਵਿਚ, ਜਗਿਆਸੂ ਮਿਲਣ ਦੀ ਤਾਂਘ ਹਿਰਦੇ ਵਿਚ ਰੱਖਦਾ ਤਰਲੇ ਲੈਂਦਾ, ਅਰਜ਼ੋਈ ਕਰਦਾ ਹੈ – ਹੇ ਆਤਮਿਕ ਰਸਤੇ ਦੇ ਪਾਂਧੀ! ਆਤਮ ਮਾਰਗ ਰਾਹੀਂ ਮੈਨੂੰ ਪਿਆਰੇ ਨੂੰ ਮਿਲਣ ਦਾ ਰਸਤਾ ਦੱਸੋ। ਪਿਆਰੇ ਨੂੰ ਮਿਲਣ ਦਾ ਸੁਖੈਨ ਤਰੀਕਾ ਦੱਸੋ ਕਿ ਕਿਵੇਂ ਮੇਰਾ ਮਿਲਾਪ ਹੋਵੇ? ਪ੍ਰੀਤਮ ਦੇ ਨਾਲ ਇਕਮਿਕ ਹੋਏ ਬ੍ਰਹਮ ਸਤੋਤਰੀ, ਬ੍ਰਹਮ ਨੇਸ਼ਟੀ, ਬ੍ਰਹਮ ਵਕਤਾ, ਅਭੇਦ ਅਵਸਥਾ ਦੇ ਮਾਲਕ ਆਤਮ ਰਸੀਏ, ਮਹਾਂਪੁਰਸ਼ ਨੇ ਦਸਣਾ ਕੀਤਾ ਕਿ ਗੁਣਾਂ ਦੀ ਪੰਡ, ਗੁਣਾਂ ਦਾ ਤੋਸਾ ਨਾਲ ਬੰਨਣਾ ਪੈਣਾ ਹੈ ਤਾਂ ਉਸ ਪ੍ਰੀਤਮ ਪਿਆਰੇ ਵਾਹਿਗੁਰੂ ਦਾ ਮਿਲਾਪ ਹੋਵੇਗਾ। ਹੁਣ ਫਿਰ ਪ੍ਰਸ਼ਨ ਪੈਦਾ ਹੋਇਆ ਕਿ ਕਿਹੜੇ ਗੁਣ ਧਾਰਨ ਕਰਨੇ ਹਨ? ਕਿਹੜਾ ਤੋਸਾ ਹੈ? ਜਿਸ ਨੂੰ ਪੱਲੇ ਬੰਨ੍ਹ ਕੇ ਤੁਰਨ ਨਾਲ, ਆਤਮ ਮਾਰਗੀ ਪੈਂਡਿਆਂ ਤੇ ਚਲਦਿਆਂ-ਚਲਦਿਆਂ ਉਨ੍ਹਾਂ ਦਾ ਮਿਲਾਪ ਹੋ ਸਕੇਗਾ? ਇਹ ਇਕ ਅਰਜ਼ੋਈ, ਵੇਦਨਾ ਹਰ ਇਕ ਉਸ ਜਗਿਆਸੂ ਦੀ ਹੈ ਜੋ ਆਪਣੇ ਆਪ ਨੂੰ ਜੀਵ ਭਾਵ ਵਿਚ ਆਪਣੇ ਅਸਲੀ ਸਰੂਪ ਤੋਂ ਵਿਛੜਿਆ ਮਹਿਸੂਸ ਕਰ ਰਿਹਾ ਹੈ। ਪਰ ਮਿਲਣ ਦੀ ਤੜਪ ਹੈ, ਤਾਂਘ ਹੈ।

ਅਸਲ ਵਿਚ ਵਿਛੋੜੇ ਤੋਂ ਮਿਲਾਪ ਵਲ ਵਧਣ ਦਾ ਆਤਮ ਮਾਰਗੀ ਪੈਂਡਾ ਸਰ ਕਰ ਲੈਣਾ ਹੀ ਰੂਹਾਨੀਅਤ ਦਾ ਸਾਰ ਹੈ। ਮੰਜ਼ਿਲੇ-ਮਕਸੂਦ ਦੀ ਪ੍ਰਾਪਤੀ ਮਿਲਾਪ ਹੈ, ਅਭੇਦਤਾ ਹੈ। ਮਿਲਾਪ ਵਿਚ ਦੋ ਨਹੀਂ ਇਕੋ ਹੈ। ਆਪਣੇ ਛੋਟੇ ਆਪੇ ਨੇ ਵਿਸ਼ਾਲ ਅਸੀਮ ਆਪੇ ਵਿਚ ਲੀਨ ਹੋਣਾ ਹੈ।

ਪਤਾਸੇ ਦਾ ਪਾਣੀ ਵਿਚ ਘੁਲ ਮਿਲ ਜਾਣਾ ਹੀ ਜਗਿਆਸੂ ਦੀ ਮੰਜ਼ਿਲੇ ਮਕਸੂਦ ਹੈ। ਲਹਿਰ ਦਾ ਸਮੁੰਦਰ ਵਿਚੋਂ ਉਠ ਕੇ ਸਮੁੰਦਰ ਵਿਚ ਲੈਅ ਹੋ ਜਾਣਾ ਇਹੀ ਆਤਮ ਮਾਰਗ ਹੈ। ਭਾਵ ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'*** ਇਹ ਧਰਮ ਦੀ ਪੌੜੀ ਹੈ। ਪੌੜੀ ਦੇ ਡੰਡਿਆਂ ਤੇ ਚੜ੍ਹਨ ਨਾਲ ਹੀ ਆਖਰੀ ਮੰਜ਼ਿਲ ਤਕ ਪਹੁੰਚਿਆ ਜਾਵੇਗਾ –

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*
*ਅੰਗ – ੬੨੨*

ਇਸ ਧਰਮ ਦੀ ਪੌੜੀ ਦੇ ਡੰਡਿਆਂ ਵਿਚੋਂ ਗੁਣਾਂ ਨੂੰ ਧਾਰਨ ਕਰਨਾ ਪਹਿਲਾ ਪੜਾਅ ਹੈ। ਭਾਵ ***'ਵਿਣੁ ਗੁਣ ਕੀਤੇ ਭਗਤਿ ਨ ਹੋਇ॥' (ਅੰਗ-੪)*** ਇਹ ਵੀ ਇਕ ਅਬੁੱਝ ਬੁਝਾਰਤ ਹੈ। ਗੁਣਾਂ ਤੋਂ ਬਗੈਰ ਭਗਤੀ ਨਹੀਂ ਹੋ ਸਕਦੀ ਤੇ ਭਗਤੀ ਤੋਂ ਬਗੈਰ ਗੁਣ ਵੀ ਨਹੀਂ ਆ ਸਕਦੇ। ਇਹ ਦੋਨੋਂ ਬਰਾਬਰ ਚਲਦੇ ਹਨ। ਗੁਣ ਤੇ ਭਗਤੀ ਬਰਾਬਰ ਚਲਦੇ-ਚਲਦੇ ਇਕ ਦਿਨ ਮਿਲਾਪ ਵਿਚ ਬਦਲ ਜਾਣਗੇ। *'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ ਅੰਗ-੪੬੬)* ਵਾਲਾ ਪੈਂਡਾ ਤਹਿ ਕਰਨਾ ਹੈ। ਮੁਢਲੀ ਅਵਸਥਾ ਵਿਚ 'ਹਉਂ-ਹਉਂ' 'ਮੈਂ-ਮੈਂ' ਵਿਚ ਰਹਿ ਕੇ ਸੇਵਾ ਸਿਮਰਨ ਕਰਦੇ ਹੋਏ ਰੂਹਾਨੀ ਜੀਵਨ ਦੀ ਆਰੰਭਤਾ ਹੈ। ਭਾਵੇਂ ਇਹ ਹਉਮੈ ਨੂੰ ਦੀਰਘ ਰੋਗ ਦਸਿਆ ਹੈ ਪਰ ਦਾਰੂ ਵੀ ਇਹਦੇ ਵਿਚ ਹੀ ਹੈ। ਰੋਗ ਦੇ ਵਿਚ ਹੀ ਦਵਾਈ ਛੁਪੀ ਹੋਈ ਹੈ। ਰੋਗੀ ਨੇ, ਬਿਮਾਰੀ ਨਾਲ ਘੋਲ ਕਰਦੇ ਨੇ ਹੀ ਤੰਦਰੁਸਤੀ ਲੈਣੀ ਹੈ। ਸੇਵਾ ਸਿਮਰਨ ਕਰਦੇ ਇਹ ਆਪਣੀ ਨਿਜੀ ਹਉਂ-ਹਉਂ, ਮੈਂ-ਮੈਂ, ਤੂੰ-ਤੂੰ ਵਿਚ ਤਬਦੀਲ ਹੋ ਕੇ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ।

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅੰਗ- ੬੫੭*

'ਆਤਮ ਮਾਰਗ' ਦਾ ਸਫਰ ੴ ਤੋਂ ਸ਼ੁਰੂ ਹੋਣਾ ਹੈ ਤੇ ੴ ਤੇ ਹੀ ਸਮਾਪਤੀ। ੴ ਤੋਂ ਸ਼ੁਰੂ ਹੋ ਕੇ ਸੰਪੂਰਨ ਮੂਲ ਮੰਤ੍ਰ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਇਸ ਮੂਲ ਮੰਤ੍ਰ ਵਿਚ ਪ੍ਰਮੇਸ਼ਰ ਦੇ ਸਰੂਪ ਦਾ ਵਰਨਣ ਹੈ ਤੇ ਇਹ ਉਸ ਦੇ ਗੁਣਾਂ ਦਾ ਵੀ ਲਖਾਇਕ ਹੈ।

ਇਸ ਮਹਾਂਮੰਤ੍ਰ, ਮੂਲ ਮੰਤ੍ਰ ਨਾਲ ਜੁੜ ਕੇ ਉਸ ਦੇ ਸਰੂਪ ਵਿਚ ਲੈਅਤਾ ਮਿਲਦੀ ਹੈ ਤੇ ਇਸ ਨੂੰ ਜਪਣ ਵਾਲਾ, ਧਿਆਉਣ ਵਾਲਾ ਇਸ ਵਿਚਲੀਆਂ ਨਿਰਭਉ, ਨਿਰਵੈਰੀ ਸ਼ਕਤੀਆਂ ਦਾ ਮਾਲਕ ਵੀ ਬਣ ਜਾਂਦਾ ਹੈ।

ਪ੍ਰਮੇਸ਼ਰ ਦੇ ਗੁਣ 'ਗੁਰ ਪ੍ਰਸਾਦਿ' ਨਾਲ, ਉਸ ਦੀ ਕ੍ਰਿਪਾ ਨਾਲ ਆਪਣੇ ਆਪ ਜਗਿਆਸੂ ਦੇ ਅੰਦਰ ਆਉਣੇ ਸ਼ੁਰੂ ਹੋ ਜਾਣਗੇ। ਫਿਰ ਉਹ ਵੀ '***ਨਿਰਭਉ ਜਪੈ ਸਗਲ ਭਉ ਮਿਟੈ॥'*** ਦੇ ਗੁਣਾਂ ਦਾ ਧਾਰਨੀ ਬਣ ਜਾਵੇਗਾ। ਇਹ ਸਾਰੇ ਦੁਨਿਆਵੀ ਗੁਣਾਂ ਤੋਂ ਸਰਵੋਤਮ, ਸਰਬ ਉਚ ਗੁਣ ਹਨ। ਫਿਰ ਦੁਨਿਆਵੀ ਗੁਣ ਆਪਣੇ ਆਪ, ਪਰਛਾਵੇਂ ਵਾਂਗੂੰ ਪਿੱਛੇ ਤੁਰਦੇ ਆ ਜਾਣਗੇ। ਗੁਣਾਂ ਦੇ ਅਧਾਰ 'ਤੇ ਧਰਮ ਦੀ ਪਰਿਭਾਸ਼ਾ ਅਨੁਸਾਰ ਧਰਮ ਦੇ ਦਸ ਪਿਲਰ (ਸਤੰਭ) ਰਿਸ਼ੀਆਂ ਮੁਨੀਆ ਸੰਤਾਂ ਭਗਤਾਂ ਨੇ ਮੰਨੇ ਹਨ। ਸਤ, ਸੰਤੋਖ, ਧੀਰਜ, ਖਿਮਾ, ਦਿਆ, ਸ਼ਹਿਨਸ਼ੀਲਤਾ, ਨਿਰਮਾਣਤਾ, ਪਰਉਪਕਾਰ, ਮਿੱਠਾ ਬੋਲਣਾ, ਸਭ ਨੂੰ ਪਿਆਰ ਕਰਨਾ, ਕਿਸੇ ਦਾ ਦਿਲ ਦਾ ਦੁਖਾਉਣਾ ਇਤਿਆਦਿਕ ਧਰਮ ਦੇ ਸਤੰਭ ਹਨ। ਇਹਨਾਂ ਦੇ ਅਧਾਰ 'ਤੇ ਚੱਲਣ ਵਾਲਾ ਹੀ ਅਸਲੀ ਧਰਮੀ ਹੈ।

*ਧੌਲੁ ਧਰਮੁ ਦਇਆ ਕਾ ਪੂਤੁ॥ ਅੰਗ- ੩*

ਧਰਮ ਜੋ ਹੈ ਉਹ ਦਿਆ ਦਾ ਪੁੱਤਰ ਹੈ। ਮਾਂ ਬਿਨਾਂ ਪੁੱਤਰ ਦੀ ਹੋਂਦ ਸੰਭਵ ਨਹੀਂ। ਦਿਆ ਹੈ ਤਾਂ ਧਰਮ ਪੈਦਾ ਹੋਵੇਗਾ। ਇਸ ਤਰ੍ਹਾਂ ਸਾਰੇ ਗੁਣ ਵੱਖ-ਵੱਖ ਰੂਪਾਂ ਵਿਚ ਧਰਮ ਨੂੰ ਪ੍ਰਭਾਸ਼ਿਤ ਕਰਦੇ ਹਨ। ਸੋ ਇਹਨਾਂ ਗੁਣਾਂ ਰੂਪੀ ਧਰਮ ਦੇ ਪਿਲਰਾਂ (ਸਤੰਭ) 'ਤੇ ਚੱਲਣ ਵਾਲਾ ਇਕ ਦਿਨ ਮੰਜ਼ਿਲ ਸਰ ਕਰ ਲੈਂਦਾ ਹੈ –

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ -੨੫੯*

ਇਸ ਅਵਸਥਾ ਦੇ ਧਾਰਨੀ ਨੂੰ ਹੀ ਸੰਤ ਮਹਾਂਪੁਰਸ਼ ਰੱਬ ਦੇ ਪਿਆਰੇ ਸ਼ਬਦਾਂ ਨਾਲ ਸਤਿਕਾਰਿਆ ਜਾਂਦਾ ਹੈ। ਉਹਨਾਂ ਨੂੰ ਹੀ ਇਹ ਅਰਜ਼ੋਈ ਕੀਤੀ ਜਾਂਦੀ ਹੈ ਕਿ '***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥ (ਅੰਗ-੭੨੯)*** ਹੇ ਰੱਬ ਦੇ ਪਿਆਰੇ ਸੰਤ ਜਨੋ! ਮੇਰੇ 'ਤੇ ਵੀ ਕ੍ਰਿਪਾ ਕਰੋ ਕਿ ਮੇਰਾ ਉਸ ਪ੍ਰਮੇਸ਼ਰ ਵਾਹਿਗੁਰੂ ਨਾਲ ਮਿਲਾਪ ਹੋਵੇ? ਮੈਨੂੰ ਵਿਛੜੇ ਨੂੰ ਜੁਗਾਂ ਦੇ ਜੁਗ ਹੋ ਗਏ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਅੰਗ - ੧੩੩*

ਇਹੀ ਰੱਬੀ ਰੂਹਾਂ ਮਿਲਾਪ ਕਰਾਉਣ ਦੇ ਸਮਰੱਥ ਹਨ ਕਿਉਂਕਿ ਉਹ ਆਪ ਅਭੇਦ ਅਵਸਥਾ ਗੁਰਪ੍ਰਸਾਦਿ ਨਾਲ ਪਾ ਚੁਕੇ ਹਨ। ਉਹਨਾਂ ਵਿਚ 'ਤੇ ਪ੍ਰਮੇਸ਼ਰ ਵਿਚ ਰੰਚਕ ਮਾਤਰ ਦੀ ਫਰਕ ਨਹੀਂ ਰਿਹਾ –

*ਦਾਸ ਅਨਿੰਨ ਮੇਰੋ ਨਿਜ ਰੂਪ॥ ਅੰਗ- ੧੨੫੨*

*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ- ੪੯੬*

ਗੁਰੂ ਮਹਾਰਾਜ ਅਪਾਰ ਕ੍ਰਿਪਾ ਕਰਦੇ ਹੋਏ ਸਾਡੀ ਸ਼ਰਧਾ ਵਿਚ ਹੋਰ ਵਾਧਾ ਕਰਨ ਹਿਤ ਫੁਰਮਾਨ ਕਰਦੇ ਹਨ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥ ਅੰਗ- ੨੯੬*

ਇਸ ਵਿਛੜੇ ਜੀਵ ਨੂੰ, ਉਪਰੋਕਤ ਅਵਸਥਾ ਵਾਲੇ ਮਹਾਂਪੁਰਸ਼ ਗੁਰ ਪ੍ਰਸਾਦਿ ਨਾਲ ਮਿਲਾਉਣ ਦੇ ਸਮਰੱਥ ਹਨ। ਇਨ੍ਹਾਂ ਬਾਰੇ ਹੀ ਜ਼ਿਕਰ ਹੈ, '***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ।'***

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਅੰਗ- ੫੨੦*

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ*
*ਮਿਤ੍ਰ ਅਸਾਡੜੇ ਸੇਈ॥ ਅੰਗ- ੫੨੦*

'ਸਾਜਨ ਚਲੇ ਪਿਆਰਿਆ' ਸ਼ਬਦ ਵਿਚ ਜਗਿਆਸੂ ਦੀ ਅੰਦਰਲੀ ਤੜਫ ਦੀ ਵੇਦਨਾ ਹੈ। ਪਹਿਲੀ ਅਵਸਥਾ ਵਿਚ ਤਾਂ ਜੀਵ ਪ੍ਰਮੇਸ਼ਰ ਤੋਂ ਵਿਛੜਿਆ ਹੋਇਆ ਮਹਿਸੂਸ ਕਰਦਾ ਹੈ। ਫਿਰ ਸਮਰੱਥ ਗੁਰੂ ਕ੍ਰਿਪਾ ਕਰਦੇ ਹੋਏ ਇਸ ਦੀ ਅਰਜ਼ੋਈ ਪ੍ਰਵਾਨ ਕਰਕੇ ਪੂਰਨ ਮਹਾਂਪੁਰਸ਼ ਦਾ ਮਿਲਾਪ ਕਰਵਾ ਦਿੰਦੇ ਹਨ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਉਨ੍ਹਾਂ ਰੱਬੀ ਰੂਹਾਂ ਦੀ ਇਹ ਖਾਸੀਅਤ ਹੈ, ਇਹ ਨਿਸ਼ਾਨੀ ਹੈ ਕਿ ਜੋ ਵੀ ਉਨ੍ਹਾਂ ਦੀ ਸੰਗਤ ਵਿਚ ਆਇਆ ਉਹ ਭਵਜਲ ਰੂਪੀ ਸਾਗਰ ਤੋਂ ਤਰ ਜਾਂਦਾ ਹੈ –

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਅੰਗ- ੩੨੦*

ਉਨ੍ਹਾਂ ਨੇ ਗੁਰ ਪ੍ਰਸਾਦਿ ਨਾਲ, ਨਾਮ ਬਾਣੀ ਨਾਲ ਜੋੜ, ਜੀਵਨ ਦੇ ਲਕਸ਼ ਦੀ ਸੋਝੀ ਕਰਵਾ ਦੇਣੀ ਹੈ। ਇਸ ਤਰ੍ਹਾਂ ਸੇਵਾ ਸਿਮਰਨ ਕਰਦੇ-ਕਰਦੇ ਸਾਧੂਆਂ ਦੀ ਸੰਗਤ ਵਿਚ ਰਹਿ ਕੇ ਜੀਵਨ ਬਤੀਤ ਹੁੰਦਾ ਚਲਿਆ ਜਾਂਦਾ ਹੈ। ਆਤਮ ਮਾਰਗੀ ਪੈਂਡਿਆਂ ਦੇ ਪੂਰਨੇ ਮਿਲ ਜਾਂਦੇ ਹਨ। ਜੋ ਤੁਰਦਾ ਹੈ ਉਹ ਗੁਰ ਪ੍ਰਸਾਦਿ ਨਾਲ ਮੰਜ਼ਿਲ ਤੇ ਵੀ ਪਹੁੰਚ ਹੀ ਜਾਂਦਾ ਹੈ। ਪਰ ਸਮਾਂ ਕਿਸੇ ਦਾ ਲਿਹਾਜ਼ ਨਹੀਂ ਕਰਦਾ –

*ਇਹ ਠਹਿਰਨ ਜਾਂਚ ਨਾ ਜਾਣਦਾ,*
*ਲੰਘ ਗਿਆ ਨਾ ਮੁੜ ਕੇ ਆਂਵਦਾ।*

*ਡਾ. ਭਾਈ ਵੀਰ ਸਿੰਘ ਜੀ*

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਰੱਬ ਦੇ ਪਿਆਰੇ ਵੀ ਇਕ ਦਿਨ ਭਾਣਾ ਵਰਤਾ ਦਿੰਦੇ ਹਨ। ਪ੍ਰਮੇਸ਼ਰ ਵਾਹਿਗੁਰੂ ਦੇ ਹੁਕਮ ਵਿਚ, ਜੀਵਾਂ ਦੀ ਪ੍ਰਾਲਬਧ ਪੂਰੀ ਹੋਣ 'ਤੇ ਪੰਜ ਭੌਤਿਕ ਸਰੀਰ ਨੂੰ ਅਲੋਪ ਕਰ ਆਪਣੇ ਧੇਅ ਵਿਚ ਸਮਾਅ ਜਾਂਦੇ ਹਨ –

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ- ੮੪੬*

ਉਨ੍ਹਾਂ ਦਾ ਸਰੀਰਕ ਵਿਛੋੜਾ ਵੀ ਜਗਿਆਸੂਆਂ ਲਈ ਅਸਹਿ ਤੇ ਅਕਹਿ ਹੁੰਦਾ ਹੈ –

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ- ੧੧੦੦*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- ੮੩*

*ਕਬੀਰ ਜਹ ਜਹ ਹਉ ਫਿਰਿਓ*
*ਕਉਤਕ ਠਾਓ ਠਾਇ ॥*
*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥*
*ਅੰਗ- ੧੩੬੫*

ਐਸੀ ਅਵਸਥਾ ਪਿਆਰ ਕਰਨ ਵਾਲੇ ਸਭਨਾਂ ਜਗਿਆਸੂਆਂ ਦੀ ਹੋ ਜਾਂਦੀ ਹੈ ਪਰ ਫਿਰ ਗੁਰਬਾਣੀ ਸੋਝੀ ਬਖਸ਼ਦੀ ਹੈ, ਹਿਰਦਿਆਂ ਨੂੰ ਢਾਰਸ, ਧੀਰਜ ਬਖਸ਼ਦੀ ਹੈ ਕਿ ਸਰੀਰ ਕਰਕੇ ਕੋਈ ਸਦਾ ਨਹੀਂ ਰਿਹਾ –

*ਸਥੂਲ ਸਰੀਰ ਸੰਜੋਗ ਵਿਜੋਗ*
*ਈਸਰ ਨੇਤਿ ਚੌਦਹਿ ਲੋਗ।*
*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥*
*ਅੰਗ- ੧੪੨੯*

*ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥*
*ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥*
*ਅੰਗ - ੯੩੬*

***'ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥' (ਅੰਗ-੬)*** ਫਿਰ ਮਹਾਰਾਜ ਦੀ ਬਾਣੀ ਦਾ ਓਟ ਆਸਰਾ ਜਗਿਆਸੂ ਲੈਂਦਾ ਹੈ। ਮਿਲਦੀ ਹੈ ਸੇਧ, ਕਰਦੇ ਹਨ ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਖਸ਼ਿਸ਼, ਫੁਰਮਾਨ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ- ੭੪੯*

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ॥*
*ਅੰਗ - ੩੨੨*

***'ਸਬਦਿ ਮਿਲਾਵਾ ਹੋਤਿ ਹੈ ਦੇਹਿ ਮਿਲਾਵਾ ਨਾਹਿ'*** ਇਸ ਤਰ੍ਹਾਂ ਦੇ ਰੂਹਾਨੀ ਬਚਨ ਜਗਿਆਸੂ ਜਨਾਂ ਦੇ ਹਿਰਦਿਆਂ ਨੂੰ ਠਾਰਦੇ ਹਨ, ਬਖਸ਼ਦੇ ਹਨ – ਸ਼ਾਂਤੀ ਤੇ ਧੀਰਜ। ਫਿਰ ਉਨ੍ਹਾਂ ਰੱਬੀ ਪਿਆਰਿਆਂ ਦੀ ਸਰੀਰਕ ਅਣਹੋਂਦ ਉਨ੍ਹਾਂ ਦੀ ਮਿੱਠੀ ਨਿੱਘੀ ਯਾਦ ਵਿਚ ਬਦਲ ਜਾਂਦੀ ਹੈ। ਉਨ੍ਹਾਂ ਦਾ ਅਮਰ ਜੀਵਨ ਹੀ ਜਗਿਆਸੂਆਂ ਲਈ ਸੇਧਕ ਹੈ। ਪ੍ਰੇਰਨਾਦਾਇਕ ਹੈ। ਉਨ੍ਹਾਂ ਦਾ ਜੀਵਿਆ ਹੋਇਆ ਜੀਵਨ, ਕੀਤੀਆਂ ਘਾਲਣਾ, ਕਮਾਈਆਂ, ਪਰਉਪਕਾਰੀ ਕਾਰਜ, ਜਗਿਆਸੂ ਲਈ ਰਾਹ ਦਸੇਰਾ ਹਨ। ਹਨ੍ਹੇਰ ਕੋਠੜੀਆਂ ਵਿਚ ਚਾਨਣੇ ਦਾ ਕੰਮ ਕਰਦੀਆਂ ਹਨ। ਰੌਸ਼ਨਾਅ ਦਿੰਦੀਆਂ ਹਨ, ਉਨ੍ਹਾਂ ਦੀਆਂ ਜੀਵਨ ਕਿਰਨਾਂ ਚੌਤਰਫੇ ਨੂੰ।

ਫਿਰ ਜਗਿਆਸੂ ਨੂੰ ਭਾਸਦਾ ਹੈ, ਪ੍ਰਤੱਖ ਹੁੰਦਾ ਹੈ ਕਿ ਉਹ ਜਾ ਕੇ ਵੀ ਨਹੀਂ ਗਏ। ਉਹ ਸਦ ਜੀਵਤ ਹਨ। ਨਿਰਗੁਣਤਾ ਵਿਚ ਲੈਅਤਾ ਉਨ੍ਹਾਂ ਦੀ ਹੈ। ***'ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ।' (ਅੰਗ-੨੭੩)*** ਇਸ ਤਰ੍ਹਾਂ ਦੇ ਵਲਵਲੇ ਉਨ੍ਹਾਂ ਨੂੰ ਯਾਦ ਕਰਦਿਆਂ ਹਰ ਇਕ ਪਿਆਰ ਵਾਲੇ ਦੇ ਅੰਦਰ ਉਠਦੇ ਹਨ। ਬਦਲ ਗਏ ਮਿੱਠੀ ਨਿੱਘੀ ਯਾਦ ਵਿਚ ਵਲਵਲੇ।

ਉਪਰੋਕਤ ਵਰਨਣ ਤੋਂ ਮੇਰੀ ਮੁਰਾਦ ਹੈ, ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼ ਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ)। ਗੁਰ ਪ੍ਰਸਾਦਿ ਨਾਲ ਉਨ੍ਹਾਂ ਨੇ ਅਮਰ ਜੀਵਨ ਪ੍ਰਾਪਤ ਕੀਤਾ। ਅਭੇਦ ਅਵਸਥਾ ਪ੍ਰਾਪਤ ਕਰਕੇ, ***'ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥' (ਅੰਗ-੮੪੬)*** ਵਿਚ ਲੈਅ ਹੋ ਗਏ। ਉਨ੍ਹਾਂ ਨੂੰ ਯਾਦ ਕਰਦਿਆਂ, ਉਨ੍ਹਾਂ ਰੱਬੀ ਰੂਹਾਂ, ਆਤਮਾਵਾਂ ਵਲੋਂ ਕੀਤੇ ਕਾਰਜ ਆਪ-ਮੁਹਾਰੇ ਸਾਹਮਣੇ ਝਲਕਾਰਾਂ ਪਾਉਂਦੇ ਹਨ। ਆਪਣੇ ਪਰਉਪਕਾਰੀ ਕਾਰਜਾਂ ਰਾਹੀਂ ਉਹ ਸਦ ਜੀਵਤ ਹਨ। ਅੱਜ ਵੀ ਰਤਵਾੜਾ ਸਾਹਿਬ ਦੇ ਸਮੁੱਚੇ ਕਾਰਜਾਂ ਵਿਚੋਂ ਉਨ੍ਹਾਂ ਦੀ ਹੋਂਦ ਦੀ ਹਾਜ਼ਰੀ ਪ੍ਰਤੱਖ ਹੋ ਰਹੀ ਹੈ। ਜਿਸ ਜਗਿਆਸੂ ਜਨ ਨੂੰ ਉਨ੍ਹਾਂ ਦੀ ਸੋਭਤ ਵਿਚੋਂ 'ਜੀਅ ਦਾਨ' ਮਿਲਿਆ, ਆਤਮ ਮਾਰਗੀ ਪੈਂਡੇ ਦੀ ਸੋਝੀ ਹੋਈ, ਧਰਮ ਦੀ ਪੌੜੀ ਦੀ ਸੋਝੀ ਹੋਈ, ਉਹ ਜਗਿਆਸੂ ਜਨ ਸਦਾ ਹੀ ਉਨ੍ਹਾਂ ਦੀ ਯਾਦ ਵਿਚ ਹਨ। ਭਾਵੇਂ ਉਹ ਦੇਸ ਵਿਚ ਹਨ ਭਾਵੇਂ ਵਿਦੇਸ਼ ਵਿਚ। ਅੱਜ ਉਹ ਸਾਨੂੰ ਤਿੰਨ ਰੂਪਾਂ ਵਿਚ ਆਪਣੀ ਯਾਦ ਤਾਜਾ ਕਰਾ ਰਹੇ ਹਨ। ਨਿਰਗੁਣ ਰੂਪ ਵਿਚ – ਲੈਅਤਾ, ਸੰਗਤ ਰੂਪ ਵਿਚ ਤੇ ਆਪਣੀ ਥਾਂ ਤੇ ਵਰੋਸਾਏ ਦੇ ਰੂਪ ਵਿਚ। ਸਮੁੱਚੇ ਕਾਰਜਾਂ ਨੂੰ ਉਹ ਇਨ੍ਹਾਂ ਤਿੰਨਾਂ ਰੂਪਾਂ ਵਿਚ ਦੀ ਹੋ ਕੇ ਸ਼ਕਤੀ ਬਖਸ਼ ਰਹੇ ਹਨ। ਉਨ੍ਹਾਂ ਦੀ ਯਾਦ ਭਾਵੇਂ ਹਰ ਇਕ ਪਿਆਰ ਕਰਨ ਵਾਲੇ ਦੇ ਹਿਰਦੇ ਵਿਚ ਸਦਾ ਹੀ ਹੈ ਪਰ ਹਰ ਸਾਲ ਦੀ ਤਰ੍ਹਾਂ

*(ਬਾਕੀ ਪੰਨਾ 9 'ਤੇ)*

# ਮੰਘਿਰਿ

## ਸੰਗਰਾਂਦ-ਨਵੰਬਰ 16 (ਦਿਨ ਮੰਗਲਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**
**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**
**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**
**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥**

*ਅੰਗ - ੧੩੫*

### ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥

ਮਨੁੱਖਾ ਸਰੀਰ ਰੂਪੀ ਮੱਘਰ, ਦੇ ਮਹੀਨੇ ਵਿਚ ਉਹ ਜਗਿਆਸੂ ਰੂਪ ਇਸਤਰੀਆਂ ਸੋਹੰਦੀਆਂ=ਸ਼ੋਭਨੀਕ ਹਨ, ਜੋ ਪਿਰ=ਪਤੀ ਹਰਿ=ਪਰਮੇਸ਼ਰ ਦੇ ਸੰਗਿ=ਨਾਲ ਬੈਠੜੀਆਹ=ਬੈਠੀਆਂ ਹੋਈਆਂ ਹਨ ਵਾ: ਜਿਨ੍ਹਾਂ ਦੇ ਚਿਤ ਦੀਆਂ ਬਿਰਤੀਆਂ ਅੰਤਹਕਰਣ ਰੂਪੀ ਘਰ ਦੇ ਵਿਚ ਇਸਥਿਤ ਹੋ ਗਈਆਂ ਹਨ ਵਾ: (ਮੰ+ਘਿਰਿ) ਮੰ=ਮੇਰੇ ਅੰਤਹਕਰਣ ਰੂਪੀ ਘਿਰਿ=ਘਰ ਵਿਚ ਉਹ ਜੀਵਨ ਮੁਕਤ ਮਹਾਤਮਾ ਰੂਪ ਸਖੀਆਂ ਸ਼ੋਭਦੀਆਂ ਹਨ, ਜਿਨ੍ਹਾਂ ਦੇ ਮਨ ਦੀਆਂ ਬਿਰਤੀਆਂ ਸੰਸਾਰ ਤੋਂ ਉਪਰਾਮ ਹੋ ਕੇ ਸਰੂਪ ਰੂਪੀ ਘਰ ਵਿਚ ਇਸਥਿਤ ਹੋ ਗਈਆ ਹਨ।

### ਤਿਨ੍ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥

ਤਿਨ੍=ਉਨ੍ਹਾਂ, ਕੀ=ਦੀ, ਸੋਭਾ=ਵਡਿਆਈ, ਕਿਆ=ਕੀ ਗਣੀ=ਗਿਣਤੀ ਕਰਕੇ ਦੱਸ ਦੇਈਏ। ਜਿ=ਜਿਹੜੀਆਂ ਜਗਿਆਸੂ ਰੂਪ ਇਸਤਰੀਆਂ, ਸਾਹਿਬਿ=ਮਾਲਕ ਪਤੀ ਪਰਮਾਤਮਾ ਨੇ ਆਪਣੇ ਨਾਲ ਮੇਲੜੀਆਹ=ਮੇਲ ਲਈਆਂ ਹਨ ਵਾ: ਜਿਨ੍ਹਾਂ ਮਹਾਤਮਾ ਜਨਾਂ ਦੀ ਬਿਰਤੀ ਨੂੰ ਮਾਲਕ ਪਰਮੇਸ਼ਰ ਨੇ ਬ੍ਰਹਮਾਕਾਰ ਕਰਕੇ ਆਪਣੇ ਨਾਲ ਮੇਲ ਲਿਆ ਹੈ।

### ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥

ਅਜਿਹੀਆਂ ਸਾਧ=ਸ੍ਰੇਸ਼ਟ ਮਹਾਤਮਾ ਰੂਪ ਸਹੇਲੜੀਆਹ=ਸਖੀਆਂ ਦੇ ਸੰਗਿ=ਨਾਲ ਜੋ ਵੀ ਮਿਲੀਆਂ ਹਨ, ਉਨ੍ਹਾਂ ਦਾ ਤਨੁ=ਸਰੀਰ ਗ਼ਰੀਬਾਂ ਦੀ ਸੇਵਾ ਵਿਚ ਤੇ ਮਨ ਰਾਮ=ਪਰਮੇਸ਼ਰ ਦੇ ਸਿਮਰਨ ਸਿਉ=ਨਾਲ ਮਉਲਿਆ=ਪ੍ਰਫੁੱਲਤ ਹੋ ਰਿਹਾ ਹੈ।

### ਸਾਧ ਜਨਾ ਤੇ ਬਾਹਰੀ ਸੇ ਰਹਨਿ੍ ਇਕੇਲੜੀਆਹ॥

ਜੋ ਜੀਵ ਰੂਪੀ ਇਸਤਰੀਆਂ ਸਾਧ=ਸਾਧੂ ਜਨਾਂ ਦੀ ਸੰਗਤ ਤੇ=ਤੋਂ ਬਾਹਰੀ=ਬਾਹਰ ਬੇਮੁਖ ਹੋ ਕੇ ਰਹਿੰਦੀਆਂ ਹਨ, ਸੇ=ਉਹ ਜੀਵਨ ਵਿਚ ਵਾਹਿਗੁਰੂ ਪਤੀ ਤੋਂ ਆਤਮਿਕ ਗੁਣਾਂ ਕਰਕੇ ਇਕੇਲੜੀਆਹ=ਇਕੱਲੀਆਂ ਹੀ ਰਹਿੰਦੀਆਂ ਹਨ ਭਾਵ ਦੁੱਖ ਵਿਚ ਰਹਿੰਦੀਆਂ ਹਨ। ਅਰਥਾਤ ਪੰਜੇ ਗਿਆਨ-ਇੰਦਰੇ, ਪੰਜੇ ਕਰਮ-ਇੰਦਰੇ ਮਨ ਅਤੇ ਬੁੱਧ ਨੂੰ ਜਿੱਤਣ ਨਾਲ ਜੀਵ ਈਸ਼ ਦੀ ਏਕਤਾ ਰੂਪ ਪ੍ਰਾਪਤੀ ਹੁੰਦੀ ਹੈ। ਇਹਨਾਂ ਦੀ ਜਿੱਤ ਤੋਂ ਬਿਨਾਂ ਜੀਵਨ ਵਿਚ ਹਾਰ ਹੈ। ਇਸ ਸੰਸਾਰ ਦੀ ਕਹਾਵਤ ਹੈ। ਜਿੱਤਿਆਂ ਨੂੰ ਸਲਾਮਾਂ ਤੇ ਹਾਰਿਆਂ ਨੂੰ ਪੁੱਛੇ ਕੋਈ ਨਾ।

### ਤਿਨ੍ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥

ਤਿਨ੍=ਉਹਨਾਂ ਦਾ ਕਬਹੂ=ਕਦੇ ਵੀ ਜੰਮਣ ਮਰਣ ਰੂਪ ਦੁੱਖ ਉਤਰੈ=ਉਤਰਦਾ ਨਹੀਂ ਅਤੇ ਸੇ=ਉਹ ਸਦਾ ਹੀ ਜਮਾਂ ਦੇ ਵਸਿ=ਅਧੀਨ ਪੜੀਆਹ=ਪਈਆਂ ਰਹਿੰਦੀਆਂ ਹਨ, ਕਿਉਂਕਿ ਉਨ੍ਹਾਂ ਨੇ ਸਤਿਸੰਗਤ ਦੇ ਗੁਣਾਂ ਨੂੰ ਧਾਰਨ ਨਹੀਂ ਕੀਤਾ।

### ਜਿਨ੍ਹੀ ਰਾਵਿਆ ਪ੍ਰਭੁ ਆਪਣਾ

**ਸੇ ਦਿਸਨਿ ਨਿਤ ਖੜੀਆਹ॥**

ਜਿਨੀ=ਜਿਨ੍ਹਾਂ ਨੇ ਆਪਣੇ ਪਿਆਰੇ ਪ੍ਰਭੁ=ਅਕਾਲ ਪੁਰਖ ਦੇ ਅਨੰਦ ਨੂੰ ਰਾਵਿਆ=ਮਾਣਿਆ ਹੈ, ਸੇ=ਉਹ ਨਿਤ=ਹਰ ਸਮੇਂ ਵਾਹਿਗੁਰੂ ਦੇ ਪ੍ਰੇਮ ਰੂਪੀ ਜਲ ਨਾਲ ਅੰਤਸ਼ਕਰਨ ਨੂੰ ਸ਼ੁੱਧ ਕਰਕੇ ਉਸ ਦੇ ਸਨਮੁਖ ਖੜੀਆਹ=ਖੜੀਆਂ ਰਹਿੰਦੀਆਂ ਹਨ, ਭਾਵ ਉਨ੍ਹਾਂ ਦਾ ਹਿਰਦਾ ਨਹੀਂ ਡੋਲਦਾ। ਜਿਵੇਂ ਪਟਰਾਣੀ ਹੋ ਕੇ ਰਾਜੇ ਦੀ ਸੇਵਾ ਲਈ ਹਰ ਵਕਤ ਪੱਖਾ ਅਤੇ ਪਾਣੀ ਲੈ ਕੇ ਖੜੀ ਰਹੇ। ਜਦੋਂ ਆਗਿਆ ਕਰੇ ਉਦੋਂ ਦੇਵਾਂ। ਇਸੇ ਤਰ੍ਹਾਂ ਮਹਾਤਮਾ ਜਨ ਸਖੀਆਂ ਸੁਚੇਤ ਚਿੱਤ ਹੋ ਕੇ ਵਾਹਿਗੁਰੂ ਪਰਮੇਸ਼ਰ ਨਾਲ ਜੁੜੀਆਂ ਰਹਿੰਦੀਆਂ ਹਨ ਅਤੇ ਹੋਰਨਾਂ ਨੂੰ ਪ੍ਰੇਮ ਰੂਪੀ ਜਲ ਦੇ ਨਾਲ ਪਰਮੇਸ਼ਰ ਦੇ ਪੱਖ ਰੂਪੀ ਪੱਖਾ ਲੈ ਕੇ ਫੇਰਦੀਆਂ ਰਹਿੰਦੀਆਂ ਹਨ। ਭਾਵ ਸਾਵਧਾਨ ਹੋ ਕੇ ਹਰ ਵਕਤ ਪਰਮੇਸ਼ਰ ਦੇ ਸਨਮੁਖ ਰਹਿੰਦੀਆਂ ਹਨ।

**ਰਤਨ ਜਵੇਹਰ ਲਾਲ ਹਰਿ**
**ਕੰਠਿ ਤਿਨਾ ਜੜੀਆਹ॥**

ਜਿਵੇਂ ਇਸਤਰੀ ਗਹਿਣੇ ਪਹਿਨਦੀ ਹੈ, ਅਨੇਕ ਪ੍ਰਕਾਰ ਦੇ ਸ਼ਿੰਗਾਰ ਕਰਦੀ ਹੈ, ਇਉਂ ਜਗਿਆਸੂ ਰੂਪੀ ਇਸਤਰੀ ਨੇ ਹਰਿ=ਹਰੀ ਵਾਹਿਗੁਰੂ ਦੇ ਨਾਲ ਰੂਪੀ ਲਾਲ ਨੂੰ ਹਿਰਦੇ ਵਿਚ ਵਸਾ ਕੇ ਸ਼ੁਭ ਗੁਣਾਂ ਰੂਪੀ ਰਤਨ ਜਵੇਹਰ ਆਦਿਕਾਂ ਦਾ ਸ਼ਿੰਗਾਰ ਕੀਤਾ ਹੋਇਆ ਹੈ ਵਾ: ਹਰਿ=ਹਰੀ ਵਾਹਿਗੁਰੂ ਪਰਮੇਸ਼ਰ ਦਾ ਨਾਮ ਹੀ ਰਤਨ, ਜਵੇਹਰ, ਲਾਲ ਤਿਨਾ=ਉਹਨਾਂ ਦੇ ਕੰਠਿ=ਗਲੇ ਦਾ ਗਹਿਣਾ ਹੈ, ਇਸ ਲਈ ਉਹ ਸਦਾ ਗਲੇ ਵਿਚ ਜੜੀਆਹ=ਪ੍ਰੋ ਕੇ ਰਖਦੀਆਂ ਹਨ। ਸੁਆਸ-ਸੁਆਸ ਵਾਹਿਗੁਰੂ ਦਾ ਸਿਮਰਨ ਕਰਦੀਆਂ ਹਨ ਵਾ: ਕੁਰਣਾ, ਮੈਤਰੀ, ਅਪੇਖਿਆ, ਮੁੱਦਤਾ ਦੀਆਂ ਜੜੀਆਹ=ਜੜ੍ਹੀਆਂ ਹਨ। ਇਹ ਮਹਾਤਮਾ ਜਨਾਂ ਦੇ ਸੁੰਦਰ ਗਹਿਣੇ ਹਨ।

**ਨਾਨਕ ਬਾਂਛੈ ਧੂੜਿ ਤਿਨ੍**
**ਪ੍ਰਭ ਸਰਣੀ ਦਰਿ ਪੜੀਆਹ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ੍=ਉਨ੍ਹਾਂ ਦੇ ਚਰਨਾਂ ਦੀ ਧੂੜਿ=ਧੂੜੀ ਬਾਂਛੈ=ਲੋਚਣਾ ਕਰੀਏ, ਜੋ ਪ੍ਰਭ=ਪਰਮੇਸ਼ਰ ਦੇ ਸਤਿਸੰਗਤ ਰੂਪੀ ਦਰਿ=ਦਰਵਾਜੇ ਰਾਹੀਂ ਉਸ ਦੀ ਸ਼ਰਨ ਵਿਚ ਪੜੀਆਹ=ਪਈਆਂ ਹਨ।

**ਮੰਘਿਰਿ ਪ੍ਰਭੁ ਆਰਾਧਣਾ**
**ਬਹੁੜਿ ਨ ਜਨਮੜੀਆਹ॥੧੦॥**

ਮੱਘਰ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜੋ ਪ੍ਰਭ=ਪਰਮੇਸ਼ਰ ਸਾਰਿਆਂ ਦੇ ਅੰਦਰ ਵਸਦਾ ਹੈ, ਉਸ ਨੂੰ ਆਰਾਧਣਾ=ਧਿਆਉਣਾ ਕਰੀਏ ਵਾ: ਮਨੁੱਖਾ ਸਰੀਰ ਦੇ ਅੰਤਹਕਰਣ ਰੂਪੀ ਘਰ ਵਿਚ ਜੋ ਪ੍ਰਭੂ=ਅਕਾਲ ਪੁਰਖ ਸੱਤਾ ਦੇ ਰਿਹਾ ਹੈ, ਉਸ ਨੂੰ ਸਦਾ ਹੀ ਆਰਾਧਣਾ=ਧਿਆਉਣਾ ਕਰੀਏ ਜਿਸ ਕਰਕੇ ਬਹੁੜਿ=ਦੁਬਾਰਾ ਜਨਮੜੀਆਹ=ਜੰਮਣਾ ਨ=ਨਹੀਂ ਪਵੇਗਾ ਭਾਵ ਜਨਮ ਨਹੀਂ ਲਈਦਾ। ਇਉਂ ਮੱਘਰ ਦੇ ਪ੍ਰਤੱਖ ਮਹੀਨੇ ਵਾ: ਮਨੁੱਖਾ ਸਰੀਰ ਰੂਪੀ ਮੱਘਰ ਮਹੀਨੇ ਦੁਆਰਾ ਸਤਿਗੁਰਾਂ ਨੇ ਮਹਾਨ ਉਪਦੇਸ਼ ਬਖਸ਼ਿਸ਼ ਕੀਤਾ ਹੈ।

---

*(ਪੰਨਾ 7 ਦੀ ਬਾਕੀ)*

ਸਮੂਹਿਕ ਰੂਪ ਵਿਚ ਉਨ੍ਹਾਂ ਦੀ ਯਾਦ ਨੂੰ ਤਾਜਾ ਕਰਦਿਆਂ ਰਤਵਾੜਾ ਸਾਹਿਬ ਵਿਖੇ 31 ਅਕਤੂਬਰ ਅਤੇ 1 ਨਵੰਬਰ ਨੂੰ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਵਿਚ ਟਰੱਸਟ ਦੀ ਮੀਟਿੰਗ 12 ਸਤੰਬਰ ਨੂੰ ਹੋ ਚੁਕੀ ਹੈ। 19 ਸਤੰਬਰ ਨੂੰ ਸੰਗਤ ਦੀ ਮੀਟਿੰਗ ਹੋਈ ਜਿਸ ਵਿਚ ਸਮਾਗਮ ਸਬੰਧੀ ਸੇਵਾਵਾਂ ਦੀ ਵੰਡ ਕੀਤੀ ਗਈ। ਕਰੋਨਾ ਕਾਰਨ ਬਣੇ ਹਾਲਾਤਾਂ ਨੂੰ ਮੱਦੇ ਨਜ਼ਰ ਰਖਦਿਆਂ ਸਮਾਗਮ ਮਨਾਏ ਜਾਣੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਕਰੋਨਾ ਪ੍ਰਤੀ ਸਰਕਾਰ ਵਲੋਂ ਆਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਮਾਗਮ ਦਾ ਅਨੰਦ ਮਾਨਣਾ ਹੈ। ਅਨੇਕਾਂ ਸੰਤਾਂ, ਮਹਾਂਪੁਰਸ਼ਾਂ, ਗੁਣੀ ਗਿਆਨੀ, ਕਥਾ ਵਾਚਕ, ਵਿਦਵਾਨ, ਰਾਗੀ ਢਾਡੀ ਕਵੀਸਰੀ ਆਤਮ ਰਸੀ ਜਥਿਆਂ ਨੇ ਸੰਗਤ ਨੂੰ ਨਾਮ ਬਾਣੀ ਨਾਲ ਸਰਸ਼ਾਰ ਕਰਨਾ ਹੈ। ਰੱਬੀ ਪਿਆਰਿਆਂ ਦੀਆਂ ਘਾਲਨਾ ਕਮਾਈਆਂ ਬਾਰੇ ਸੰਗਤਾਂ ਨੂੰ ਚਾਨਣਾ ਪਾਉਣਾ ਹੈ। ਇਹਨਾਂ ਰੱਬੀ ਰੂਹਾਂ, ਸੰਤ ਜਨਾਂ ਨੇ ਹੀ ਸਾਨੂੰ ਗੁਰਬਾਣੀ ਦੀ ਸੇਧ ਬਖਸ਼ਣੀ ਹੈ। ਗੁਰ ਪ੍ਰਸਾਦਿ ਨਾਲ ਹੀ ਜਗਿਆਸੂ ਜਨ ਦੀ ਅਵਸਥਾ ਨੂੰ ਧੀਰਜ ਮਿਲੇਗੀ -

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ - ੭੨੯*

ਪਹਿਲੀ ਪਾਤਸ਼ਾਹੀ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਵੀ 19 ਨਵੰਬਰ ਨੂੰ ਆ ਰਹੇ ਹਨ। ਸੰਸਾਰ ਦੇ ਕੋਨੇ-ਕੋਨੇ ਵਿਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਲੋਂ ਇਹ ਪ੍ਰਕਾਸ਼ ਗੁਰਪੁਰਬ ਵੱਡੀ ਸ਼ਰਧਾ ਪਿਆਰ ਨਾਲ ਧੂਮ-ਧਾਮ ਨਾਲ ਮਨਾਏ ਜਾਣਗੇ। ਇਹ ਪ੍ਰਕਾਸ਼ ਗੁਰਪੁਰਬ 19 ਨਵੰਬਰ ਨੂੰ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮਤਿ ਸਮਾਗਮ ਦੇ ਰੂਪ ਵਿਚ ਪਿਆਰ ਸ਼ਰਧਾ ਨਾਲ ਧੂਮ-ਧਾਮ ਨਾਲ ਮਨਾਏ ਜਾਣਗੇ। ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਇੰਟਰਨੈੱਟ ਮੀਡੀਏ ਰਾਹੀਂ ਅਤੇ ਹਾਜ਼ਰੀ ਭਰ ਕੇ ਇਨ੍ਹਾਂ ਸਮਾਗਮਾਂ ਦੇ ਲਾਹੇ ਪ੍ਰਾਪਤ ਕਰਨਾ ਜੀ। ਗੁਰੂ ਕ੍ਰਿਪਾ ਕਰੇ ਸਭਨਾਂ ਨੂੰ ਧਰਮ ਦੀ ਪੌੜੀ ਤੇ ਚਲਦਿਆਂ ਮਿਲਾਪ ਵਾਲੀ ਮੰਜ਼ਿਲੇ-ਮਕਸੂਦ ਪ੍ਰਾਪਤ ਹੋਵੇ ਜੀ।

# ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

ਸ਼ਾਨ –.........................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਧਾਰਨਾ – ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*
*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥ ਅੰਗ– ੬੯੪*

ਸਾਧ ਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਬਾਹਰੋਂ ਫੁਰਨਿਆਂ ਨੂੰ ਰੋਕ ਕੇ ਮਨ ਨੂੰ ਗੁਰੂ ਦੇ ਸ਼ਬਦ ਨਾਲ ਜੋੜੋ। ਅੱਜ ਆਪ ਦੂਰ-ਦਰਾਜ਼ ਤੋਂ ਮੱਘਰ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਜਾਣ ਕੇ, ਸਤਿਸੰਗ ਕਰਨ ਵਾਸਤੇ ਆਏ ਹੋ। ਇਸ ਮਹੀਨੇ ਦੇ ਅੰਦਰ ਸੰਤਾਂ ਦਾ ਮਿਲਾਪ, ਸੰਗਤ ਦਾ ਲਾਭ, ਬਹੁਤ ਹੀ ਵਿਸਥਾਰ ਨਾਲ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ। ਬੇਅੰਤ ਜੀਵ ਸੰਸਾਰ 'ਤੇ ਆਉਂਦੇ ਨੇ, ਜਦੋਂ ਤੋਂ ਸੰਸਾਰ ਬਣਿਆ ਹੈ, ਕੋਈ ਗਿਣਤੀ ਨਹੀਂ ਸੰਸਾਰ ਗਿਣ ਸਕਦਾ। ਕਿੰਨੇ ਕੁ ਆਏ, ਕਿੰਨੇ ਕੁ ਚਲੇ ਗਏ, ਕੁਛ ਨਹੀਂ ਜਾਣ ਸਕਦਾ ਕੋਈ। ਕੁਛ ਐਸਾ ਹੈ ਸੰਸਾਰ ਦਾ ਹਿਸਾਬ ਕਿਤਾਬ। ਸਿਆਣੇ ਬੰਦੇ ਜਿਹਨਾਂ ਦੇ ਅਨੁਭਵ ਖੁਲ੍ਹੇ ਹੋਏ ਨੇ ਉਹ ਇਹ ਦਸਦੇ ਹਨ ਕਿ ਐਸ ਵੇਲੇ ਜਿਹੜੀ ਹੁਣ ਦੁਨੀਆਂ ਹੈ, ਇਹਦਾ ਸੱਤਵਾਂ ਕਲਪ ਜਾ ਰਿਹੈ। ਇਹੋ ਜਿਹੀ ਦੁਨੀਆਂ ਜਿਹਦੇ ਵਿਚ ਅਸੀਂ ਜਿਉਂਨੇ ਹਾਂ। ਇਕ ਕਲਪ 4 ਅਰਬ, 32 ਕਰੋੜ ਸਾਲ ਦਾ ਹੋਇਆ ਕਰਦੈ। ਹਜ਼ਾਰ ਵਾਰੀ ਚਾਰੋ ਯੁੱਗ ਲੰਘ ਜਾਣ, ਉਹਨੂੰ ਇਕ ਕਲਪ ਕਹਿੰਦੇ ਨੇ। ਇਹਦਾ ਮਤਲਬ ਹੈ ਕੋਈ ਤਕਰੀਬਨ 30 ਅਰਬ ਸਾਲ ਸਮਾਂ ਲੰਘ ਚੁਕਿਐ ਤੇ ਸੱਤਵਾਂ ਕਲਪ ਇਸ ਵੇਲੇ ਜਾ ਰਿਹੈ। ਐਨਾ ਹੀ ਹੋਰ ਪਾ ਲਓ ਇਹਦੇ ਵਿਚ, 60 ਅਰਬ ਸਾਲ ਲੰਘ ਗਏ ਨੇ। 14 ਕਲਪ ਹੋਇਆ ਕਰਦੇ ਨੇ, ਉਸ ਤੋਂ ਬਾਅਦ ਛੋਟੀ ਪਰਲੋਂ ਆ ਜਾਇਆ ਕਰਦੀ ਹੈ। ਖਤਮ ਹੋ ਜਾਂਦੀ ਹੈ ਦੁਨੀਆਂ, ਕੁਛ ਨਹੀਂ ਰਹਿੰਦਾ, ਜਿਥੇ ਦਰਿਆ ਹੁੰਦੇ ਨੇ, ਪਾਣੀ ਹੁੰਦੇ ਨੇ, ਉਥੇ ਖੁਸ਼ਕੀ ਹੋ ਜਾਏਗੀ। ਸਮੁੰਦਰ ਖੁਸ਼ਕ ਹੋ ਜਾਣਗੇ। ਜਿਥੇ ਉੱਚੇ-ਉੱਚੇ ਪਹਾੜ ਨੇ ਉਥੇ ਸਮੁੰਦਰ ਆ ਜਾਏਗਾ। ਸੋ ਇਸ ਤਰ੍ਹਾਂ ਬਹੁਤ ਵਾਰੀ ਇਹ ਗੱਲਾਂ ਹੋ ਚੁੱਕੀਆਂ ਨੇ। ਕੋਈ ਹਿਸਾਬ-ਕਿਤਾਬ ਨਹੀਂ ਲਾਉਂਦਾ। ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਇਸ ਤਰ੍ਹਾਂ ਨਾਲ ਫੁਰਮਾਉਂਦੇ ਨੇ –

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ॥*
*ਬਡੇ ਬਡੇ ਰਾਜਨ ਕੈ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥*
*ਮਾਨ ਸੇ ਮਹੀਪ ਔ ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸੰਸਾਰ ਦੀ ਗਤੀ ਜੇ ਗਹੁ ਨਾਲ ਵਿਚਾਰੀਏ, ਮਹਾਰਾਜ ਪਹਿਲਾਂ ਤਾਂ ਵੱਡੇ ਦੇਵਤਿਆਂ ਦਾ ਜ਼ਿਕਰ ਕਰਦੇ ਨੇ, ਵੱਡੇ ਸੰਤਾਂ ਦਾ, ਵੱਡੇ ਫਿਲਾਸਫਰਾਂ ਦਾ, ਫੇਰ ਵੱਡੇ-ਵੱਡੇ ਰਾਜਿਆਂ ਦਾ ਜ਼ਿਕਰ ਕਰਦੇ ਨੇ, ਜੋਗੀਆਂ ਦਾ ਜ਼ਿਕਰ ਕਰਦੇ ਨੇ, ਜਤੀਆਂ ਦਾ ਜ਼ਿਕਰ ਕਰਦੇ ਨੇ,

ਬ੍ਰਹਮਚਾਰੀਆਂ ਦਾ ਜ਼ਿਕਰ ਕਰਦੇ ਨੇ। ਕਹਿੰਦੇ, ਐਨੀ ਦੇਰ ਤੋਂ ਸਮਾਂ ਚੱਲ ਰਿਹੈ। ਇਕ ਸ਼ਿਵ ਜੀ ਖਤਮ ਹੋ ਜਾਂਦੈ, ਦੂਜਾ ਆ ਜਾਂਦੈ, ਦੂਜਾ ਖਤਮ ਹੋ ਜਾਂਦੈ ਤੀਜਾ ਆ ਜਾਂਦੈ। ਉਹ ਗੱਦੀ 'ਤੇ ਕਿੰਨੀ ਦੇਰ ਬਹਿੰਦੈ, ਉਹਦਾ ਰਾਜ ਤਪ ਕਿੰਨੀ ਦੇਰ ਰਹਿੰਦੈ, ਇਹਦੇ ਬਾਰੇ ਜਿਨ੍ਹਾਂ ਨੇ ਇਹਨਾਂ ਨੂੰ ਗਿਣਿਆ ਹੈ, ਉਹਨਾਂ ਦਾ ਅਨੁਮਾਨ ਹੈ ਕਿ 16 ਕਰੋੜ ਖਰਬ ਸਾਲ ਸ਼ਿਵ ਜੀ ਦੀ ਉਮਰ ਹੈ। ਪਹਿਲਾਂ ਅਰਬ, ਖਰਬ ਫੇਰ ਦਸ ਅਰਬ, ਸੌ ਅਰਬ, ਹਜ਼ਾਰ ਅਰਬ, ਦਸ ਹਜ਼ਾਰ ਅਰਬ, ਲੱਖ ਅਰਬ, ਦਸ ਲੱਖ ਅਰਬ, ਕਰੋੜ ਅਰਬ, ਦਹ ਕਰੋੜ ਅਰਬ। 16 ਕਰੋੜ ਖਰਬ ਸਾਲ ਸ਼ਿਵ ਜੀ ਨੂੰ ਆਪਣੇ ਆਸਣ 'ਤੇ ਸਥਿਤ ਰਹਿਣਾ ਪੈਂਦੈ। ਅਰ ਉਸ ਤੋਂ ਬਾਅਦ ਦੂਸਰਾ ਸ਼ਿਵ ਜੀ ਆ ਜਾਂਦੈ। ਉਸ ਆਸਣ ਦਾ ਨਾਉਂ ਹੀ ਸ਼ਿਵ ਜੀ ਦਾ ਆਸਣ ਹੈ। ਉਥੇ ਦੇਵ ਸ਼ਕਤੀਆਂ ਆ ਜਾਂਦੀਆਂ ਨੇ ਲੇਕਿਨ ਦੇਵ ਸ਼ਕਤੀਆਂ ਦਾ ਵੀ ਨਾਸ਼ ਹੋ ਜਾਂਦੈ। ਚਾਹੇ ਅਰਬਾਂ, ਖਰਬਾਂ ਸਾਲ ਬਾਅਦ ਹੁੰਦੈ ਪਰ ਹੁੰਦੈ। 16 ਲੱਖ ਖਰਬ ਸਾਲ ਬ੍ਰਹਮਾ ਦੀ ਉਮਰ ਹੈ। ਕਹਿੰਦੇ, ਇਹ ਸਾਰੇ ਹੀ ਚਲੇ ਜਾਂਦੇ ਨੇ। ਰਾਮਚੰਦਰ, ਕ੍ਰਿਸ਼ਨ ਇਹਨਾਂ ਦੇ ਬੇਅੰਤ ਅਵਤਾਰ ਆਉਂਦੇ ਨੇ, ਇਹ ਵੀ ਖਤਮ ਹੋ ਜਾਂਦੇ ਨੇ। ਫੇਰ ਇਹ ਤਾਂ ਚਲੋ ਚਲੀ ਦਾ ਮੇਲਾ ਹੈ ਸਾਧਸੰਗਤ ਜੀ! ਸਾਡਾ ਇਥੇ ਕੀ ਬਣਦੈ। ਬੜੇ ਮੂਰਖ ਹਾਂ ਅਸੀਂ। ਮਹਾਰਾਜ ਕਹਿੰਦੇ, ਇਕ ਚੁਟਕੀ ਜਿੰਨਾਂ ਵੀ ਸਮਾਂ ਤੇਰੀ ਜ਼ਿੰਦਗੀ ਬ੍ਰਹਿਮੰਡ ਦੀ ਉਮਰ ਵਿਚੋਂ, ਵਾਲ ਜਿੰਨਾ ਵੀ, ਇਸ ਤਰ੍ਹਾਂ ਸਮਝ ਲਓ, ਇਕ ਸਕਿੰਟ ਦੇ ਹਜ਼ਾਰਵੇਂ ਹਿੱਸੇ ਜਿੰਨਾਂ ਚਿਰ ਵੀ ਤੇਰੀ ਜ਼ਿੰਦਗੀ ਨਹੀਂ ਹੈ। ਉਹਨਾਂ ਵੱਡੀਆਂ ਜ਼ਿੰਦਗੀਆਂ ਦੇ ਮੁਕਾਬਲੇ ਵਿਚੋਂ। ਇਹਦੇ ਵਿਚ ਮਾਣ ਕਿੰਨਾ ਹੈ, ਕਿੰਨਾ ਜ਼ਬਰਦਸਤ ਅਭਿਮਾਨ ਕਰਦੈ। ਸਾਰੀ ਜ਼ਿੰਦਗੀ ਭੁੱਲ ਕੇ ਗੁਜ਼ਾਰ ਦਿੰਦੈ। ਇਹਨੂੰ ਯਾਦ ਹੀ ਨਹੀਂ ਰਹਿੰਦਾ ਕਿ ਮੈਂ ਤਾਂ ਪ੍ਰਮੇਸ਼ਰ ਨੂੰ ਮਿਲਣ ਆਇਆ ਹਾਂ, ਇਹੋ ਜਿਹਾ ਮੂਰਖ ਹੈ। ਪੜ੍ਹਦਾ ਹੈ, ਲਿਖਦਾ ਹੈ, ਮੈਂ ਜੀ ਡੀ.ਲਿਟ ਕਰ ਲਈ, ਮੈਂ ਪੀਐਚ.ਡੀ ਕਰ ਲਈ, ਮੈਂ ਵੱਡਾ ਵਿਦਵਾਨ ਬਣ ਗਿਆ, ਮਹਾਰਾਜ ਕਹਿੰਦੇ, ਇਕ ਗੱਲ ਤਾਂ ਤੈਨੂੰ ਪਤਾ ਨਹੀਂ ਕਿ ਤੂੰ ਇਥੋਂ ਸੰਸਾਰ ਤੋਂ ਚਲੇ ਜਾਣੈ ਤੇ ਤੇਰਾ ਭੋਰਾ ਜਿੰਨਾਂ ਵੀ ਸਮਝ ਲੈ ਵਿਸ਼ਵਾਸ਼ ਨਹੀਂ ਹੈ, ਇਥੇ ਰਹਿਣ ਦਾ। ਆਹ ਤੂੰ ਸੌ ਵਰ੍ਹਿਆਂ ਦੀ ਪਿੜ ਬੰਨ੍ਹੀ ਬੈਠੈਂ ਕਿ ਮੈਂ ਨਹੀਂ ਜਾਣਾ, ਲੋਕ ਹੀ ਜਾਂਦੇ ਨੇ। ਬਾਣੀ ਸਾਨੂੰ ਬਾਰ-ਬਾਰ ਇਸ ਤਰ੍ਹਾਂ ਦੀ ਤਾਕੀਦ ਕਰਦੀ ਹੈ –

*ਧਾਰਨਾ – ਇਥੇ ਕੀ ਮੁਨਿਆਦਾਂ ਨੇ ਤੇਰੀਆਂ,*
*ਪਾਣੀ ਦਿਆ ਬੁਲਬਲਿਆ।*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥*

*ਅੰਗ- ੧੪੨੭*

ਬੁਲਬੁਲਾ ਉਠਦੈ ਪਾਣੀ 'ਤੇ, ਕਈ ਹਵਾ ਨਾਲ ਫੈਲ ਕੇ ਵੱਡੇ ਹੋ ਜਾਂਦੇ ਨੇ, ਕੋਈ ਥੋੜ੍ਹੀ ਜਿਹੀ ਹਵਾ ਨਾਲ ਬਹੁਤ ਛੋਟੇ ਰਹਿ ਜਾਂਦੇ ਨੇ। ਬਣਦੇ ਨੇ ਟੁੱਟਦੇ ਨੇ, ਬਣਦੇ ਨੇ ਟੁੱਟਦੇ ਨੇ, ਮਹਾਰਾਜ ਕਹਿੰਦੇ ਤੇਰੀ ਮੁਨਿਆਦ ਇਵੇਂ ਜਿਵੇਂ ਹੈ। ਕੀ ਮੁਨਿਆਦ ਹੈ ਤੇਰੀ ਸੰਸਾਰ ਦੇ ਵਿਚ? ਕੋਈ ਮੁਨਿਆਦ ਨਹੀਂ ਹੈ ਤੇਰੀ। ਤੂੰ ਇਕ ਕੰਮ ਕਰਨ ਵਾਸਤੇ ਮਾਨਸ ਦੇਹ ਧਾਰੀ ਸੀ। ਜੇ ਤਾਂ ਕਰ ਲਿਆ ਤਾਂ, ਤਾਂ ਤੂੰ ਬਹੁਤ ਨੇਕ ਕੰਮ ਕਰਿਆ ਹੈ। ਜੇ ਤੂੰ ਨਹੀਂ ਕਰਿਆ ਤਾਂ 100% ਘਾਟਾ ਖਾ ਕੇ, ਇਥੋਂ ਸੰਸਾਰ ਤੋਂ ਜਾਵੇਂਗਾ। ਅਰ ਰੋਂਦਾ ਜਾਵੇਂਗਾ, ਕਿਉਂਕਿ ਸੰਸਾਰ ਨੇ ਨਾਲ ਨਹੀਂ ਜਾਣਾ। ਕਿਸੇ ਚੀਜ਼ ਨੇ ਨਹੀਂ, ਨਾ ਮਾਣ ਨੇ, ਨਾ ਵਡਿਆਈ ਨੇ। ਹਨ੍ਹੇਰ ਗਵਾਰ ਵਿਚ ਦੁਨੀਆਂ ਪਈ ਹੋਈ ਹੈ। ਵਾ-ਵਰੋਲੇ ਦੇ ਵਿਚ ਪਈ ਹੋਈ ਹੈ, ਸਮਝ ਹੀ ਨਹੀਂ ਆਉਂਦੀ, ਕਿੰਨਾ ਹੀ ਸਮਝਾਈ ਜਾਹ, ਨਹੀਂ ਸਮਝਦਾ। ਮਹਾਂਪੁਰਸ਼ ਕਹਿੰਦੇ ਨੇ ਕਿ ਬੜੇ ਗਿਆਨ ਕਰ-ਕਰ ਕੇ ਸਮਝਾਉਂਦੇ ਹਾਂ ਜੀਵ ਨੂੰ, ਪਰ ਇਹ ਸਮਝਦਾ ਨਹੀਂ ਹੈ। ਕਹਿੰਦੇ, ਭਾਗਾਂ ਤੋਂ ਹੀਣਾ ਹੈ –

*ਧਾਰਨਾ – ਸੁੱਤੇ ਪਏ ਨੇ ਭਾਗ,*
*ਦਿਤੀਆ ਬਾਗਾਂ ਤੋਂ ਨਾ ਜਾਗਦੇ।*

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- ੧੩੭੮*

ਸਵਾਲ ਸਾਰਾ ਚਿੱਤ ਦਾ ਹੈ, ਚਿੱਤ ਮਾਇਆ ਨਾਲ ਲੱਗਿਆ ਹੋਇਆ ਹੈ। ਇਹ ਫਿਰ ਕੇ ਵਾਹਿਗੁਰੂ ਦੇ ਨਾਲ ਨਹੀਂ ਲਗਦਾ, ਇਹਨੂੰ ਜਿੰਨਾਂ ਜੀਅ ਕਰਦੈ ਸਮਝਾ ਲੈ। ਕਿਉਂ ਨਹੀਂ ਲਗਦਾ, ਕਿਉਂਕਿ ਇਹ ਸੰਸਾਰ ਜੋ ਨਾਸ਼ਵਾਨ ਹੈ, ਇਹ ਦਿਸਦਾ ਹੈ। ਇਹਦੇ ਵਿਚ ਆਦਮੀ ਦੇ ਜਜ਼ਬਾਤ ਜਿਹੜੇ ਨੇ ਉਹ ਫੈਲ ਚੁੱਕੇ ਨੇ। ਪੁੱਤਰ ਆਪਣਾ ਪੁੱਤਰ ਲਗਦੈ, ਉਹਦਾ ਪਿਆਰ ਆਉਂਦੈ, ਪੋਤਰੇ ਦਾ ਪਿਆਰ ਆਉਂਦੈ, ਭਾਈ-ਭਰਾ ਦਾ ਪਿਆਰ ਆਉਂਦੈ। ਪਰਿਵਾਰ ਦਾ ਪਿਆਰ ਆਉਂਦੈ। ਜਾਇਦਾਦ ਦੀ ਖਿੱਚ ਪੈਂਦੀ ਹੈ, ਪੈਸੇ ਦੀ ਖਿੱਚ ਪੈਂਦੀ ਹੈ, ਵਿਸ਼ੇ ਵਿਕਾਰਾਂ ਦੀ ਖਿੱਚ ਪੈਂਦੀ ਹੈ ਤੇ ਪ੍ਰਮੇਸ਼ਰ ਦਿਸਦਾ ਨਹੀਂ ਹੈ। ਉਹ ਸਤਿ ਹੈ, ਇਹ ਸਭ ਝੂਠ ਹੈ। ਝੂਠ ਦੇ ਨਾਲ ਇਹਨੇ ਪਿਆਰ ਪਾ ਲਿਆ, ਕਹਿੰਦੇ ਕੀ ਕਰਿਆ ਜਾਵੇ? – ***'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥'*** ਹੁਣ ਚਿੱਤ ਨਹੀਂ ਫੇਰਨ ਦੀ ਗੱਲ ਕਰਦਾ, ਅਰ ਉਥੇ ਦਾ ਉਥੇ ਹੀ ਰਹਿੰਦਾ ਹੈ। ਸਗੋਂ ਪੱਕਾ ਕਰ ਲੈਂਦੈ ਉਸ ਚੀਜ਼ ਨੂੰ। ਐਸਾ ਹੈ ਕਿ –

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥* *ਅੰਗ- ੨੬੭*

ਜਿਹੜੇ ਵੈਰੀ ਨੇ ਪੰਜ ਚੋਰ, ਉਹਨਾਂ ਨਾਲ ਤਾਂ

ਪ੍ਰੀਤੀ ਲਾਈ ਬੈਠਾ ਹੈ। ਉਹ ਫੇਰ ਕੀ ਕਰਦੇ ਨੇ, ਦੁਖੀ ਕਰਦੇ ਨੇ। ਦੁਖੀ ਹੋਇਆ ਮਹਾਂਪੁਰਸ਼ਾਂ ਕੋਲ ਆਉਂਦੈ, ਮੈਂ ਦੁਖੀ-ਮੈਂ ਦੁਖੀ, ਮੈਂ ਤਾਂ ਕੋਈ ਸੁਖੀ ਦੇਖਿਆ ਨਹੀਂ। ਕਿੰਨੀ ਮੇਰੀ ਜ਼ਿੰਦਗੀ ਲੰਘ ਗਈ, ਇਕ ਬੰਦਾ ਤਾਂ ਕਹੇ ਕਿ ਮੈਂ ਸੁਖੀ ਹਾਂ। ਇਕ ਵੀ ਨਹੀਂ ਕਹਿੰਦਾ, ਜਿਹੜਾ ਵੀ ਕਹਿੰਦੈ, ਇਹੀ ਕਹਿੰਦੈ, ਮੈਂ ਦੁਖੀ, ਮੈਨੂੰ ਆਹ ਦੁਖ, ਮੈਨੂੰ ਆਹ ਦੁਖ। ਕੋਈ ਗਿਣਤੀ ਨਹੀਂ। ਥੱਕ ਜਾਨਾਂ ਸੁਣਦਾ-ਸੁਣਦਾ। ਕਹਿੰਦੇ ਨੇ, ਆਪਣੀ ਸ਼ਕਤੀ ਵਰਤ ਕੇ ਮੈਨੂੰ ਸੁਖੀ ਕਰ ਦਿਓ। ਮੈਂ ਕਿਹਾ, ਮੈਂ ਸ਼ਕਤੀ ਵਰਤੂੰਗਾ, ਤੁਸੀਂ ਆਪ ਦੇ ਵਿਚ ਹੀ ਸ਼ਕਤੀ ਪੈਦਾ ਕਰ ਲਓ, ਨਾਮ ਜਪੋ। ਬੰਦਗੀ ਕਰੋ ਤੁਸੀਂ। ਤੁਸੀਂ ਨਹੀਂ ਕਰ ਸਕਦੇ। ਮੈਂ ਲੈਣਾ ਕੀ ਹੈ ਇਹਨਾਂ ਗੱਲਾਂ ਦੇ ਵਿਚੋਂ, ਕੁਛ ਵੀ ਨਹੀਂ। ਕੋਈ ਮਜ਼ਬੂਰੀ ਨਹੀਂ ਹੈ ਕਿ ਗੁਜ਼ਾਰਾ ਤਾਂ ਚੱਲੂ ਜੇ ਮੈਂ ਆਹ ਕੰਮ ਕਰਿਆ। ਇਹ ਤਾਂ ਸਹਿਜ-ਸੁਭਾਅ ਗੁਰੂ ਦੀ ਚਾਕਰੀ ਨਿਭਾ ਰਹੇ ਹਾਂ। ਉਹਦੇ ਵਿਚ ਇਹ ਹੈ ਕਿ ਸੱਚ ਦੀ ਅਵਾਜ਼ ਦੇਣੀ ਹੈ। ਕੰਨਾਂ ਰਾਹੀਂ ਪਹੁੰਚਾਉਣ ਦਾ ਯਤਨ ਕਰਨਾ ਹੈ। ਲੇਕਿਨ ਉਹ ਗੱਲ ਤਾਂ ਸੁਣਨੀ ਨਹੀਂ, ਬਸ ਇਹੀ ਕਹੀ ਜਾਣਗੇ, ਮੇਰਾ ਦੁਖ, ਮੈਂ ਦੁਖੀ-ਮੈਂ ਦੁਖੀ। ਮਹਾਰਾਜ ਕਹਿੰਦੇ ਸਾਰੇ ਹੀ ਦੁਖੀ ਨੇ, ਤੂੰ ਇਕੱਲਾ ਕੀ ਦੁਖੀ ਹੈਂ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ- ੯੫੪*

ਵਾਹਿਗੁਰੂ ਨੂੰ ਭੁੱਲਣ ਦੇ ਨਾਲ ਸਾਰਾ ਸੰਸਾਰ ਦੁਖਾਂ 'ਚ ਘਿਰਿਆ ਪਿਐ। ਜੇ ਵਾਹਿਗੁਰੂ ਯਾਦ ਆ ਜਾਵੇ, ਸਾਰੇ ਦੁਖਾਂ ਦਾ ਨਾਸ਼ ਹੋ ਜਾਂਦੈ -

*ਸਰਬ ਰੋਗ ਕਾ ਅਉਖਦੁ ਨਾਮੁ॥* *ਅੰਗ- ੨੭੪*

ਗੱਲ ਬੜੀ ਸਿੱਧੀ ਹੈ, ਲੇਕਿਨ ਇਹ ਜੀਵ ਜਾਣ ਕੇ ਕਹਿੰਦੈ ਕਿ ਦੁਖ ਮੇਰੇ ਗਲ ਪਏ ਹੋਏ ਨੇ। ਹੋਰ ਹੀ ਕੋਈ ਆਵੇ, ਉਹਦੇ ਪਾਪਾਂ ਦਾ ਫਲ ਉਹ ਚੁਕਾ ਦੇਵੇ। ਕੋਈ ਪਰਉਪਕਾਰੀ ਆਵੇ ਜਿਹੜਾ ਕਹੇ ਤੇਰਾ ਗੰਦ-ਮੰਦ ਮੈਂ ਸਿਰ 'ਤੇ ਚੁੱਕ ਲਵਾਂਗਾ, ਤੂੰ ਰਾਜ਼ੀ ਹੋ ਜਾ।

ਪੈਸੇ ਨਾਲ ਇਥੇ ਵੱਡੇ-ਵੱਡੇ ਨਹੀਂ ਸੁਖੀ ਹੋਏ। ਭੋਗਾਂ ਨਾਲ ਵੱਡੇ-ਵੱਡੇ ਸੁਖੀ ਨਹੀਂ ਹੋਏ। ਵੱਡੇ-ਵੱਡੇ ਅਹੁਦੇ ਲੈ ਕੇ ਸੁਖੀ ਨਹੀਂ ਹੋਏ। ਵੱਡੀਆਂ-ਵੱਡੀਆਂ ਅਵਤਾਰੀ ਪਦਵੀਆਂ ਲੈ ਕੇ ਸੁਖੀ ਨਹੀਂ ਹੋਏ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥* *ਅੰਗ - ੯੫੩*

ਸੋ ਇਸ ਤਰ੍ਹਾਂ ਦੇ ਨਾਲ ਸੇਖ-ਮਸਾਇਕ, ਪੀਰ ਸਭ ਰੋਂਦੇ ਨੇ। ਧਨ ਵਾਲੇ ਵੀ ਰੋਂਦੇ ਨੇ, ਨਾ ਧਨ ਵਾਲੇ ਵੀ ਰੋਂਦੇ ਨੇ। ਫੇਰ ਮਹਾਰਾਜ ਕਹਿੰਦੇ ਨੇ -

*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥* *ਅੰਗ- ੯੫੪*

ਸੁਖੀ ਕੌਣ ਹੁੰਦੈ, ਜਿਹੜੇ ਕੰਮ ਨੂੰ ਕਰਨ ਵਾਸਤੇ ਆਇਆ ਹੈਂ, ਇਕ ਤਾਂ ਉਹ ਧਿਆਨ 'ਚ ਰਹੇ ਕਿ ਆਹ ਕੰਮ ਕਰਨ ਆਇਆ ਹਾਂ ਮੈਂ। ਬਾਕੀ ਜਿਹੜੇ ਕੰਮ ਨੇ, ਉਹ ਕਿਸੇ ਵੀ ਕੰਮ ਨਹੀਂ। ਕਉਡੀ ਦੇ ਲੇਖੇ ਵੀ ਨਹੀਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- ੧੨*

ਇਹ ਸੁਖ ਮਿਲਦਾ ਕਿਵੇਂ ਹੈ, ਮਹਾਰਾਜ ਕਹਿੰਦੇ ਇਹ ਸੁਖ ਜਿਹੜਾ ਹੈ ਸਤਿਸੰਗ 'ਚੋਂ ਪ੍ਰਾਪਤ ਹੁੰਦੈ। ਸੰਤਾਂ ਦੀ ਸੰਗਤ 'ਚੋਂ ਪ੍ਰਾਪਤ ਹੁੰਦੈ। ਸੰਤਾਂ ਤੋਂ ਕੁਛ ਲੈ ਲਓ, ਸੰਤਾਂ ਕੋਲ ਬੜਾ ਕੁਛ ਹੁੰਦੈ। ਉਹ ਚੀਜ਼ਾਂ ਹੁੰਦੀਆਂ ਨੇ ਜਿਹੜੀਆਂ ਲੱਖਾਂ ਰੁਪਏ ਦੇ ਕੇ ਵੀ ਨਹੀਂ ਮਿਲਦੀਆਂ। ਪਰ ਗਾਹਕ ਨਹੀਂ ਹੁੰਦਾ। ਗਾਹਕ ਤੋਂ ਬਗੈਰ ਉਹ ਗੱਠੜੀ ਨਹੀਂ ਖੋਲ੍ਹਦੇ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ- ੧੩੬੫*

ਮਨ ਦੇ ਕੇ ਲੈਣਾ ਪੈਂਦੈ ਇਹਨੂੰ -

*ਕੰਚਨ ਸਿਉ ਪਾਈਐ ਨਹੀ ਤੋਲਿ ॥*
*ਮਨੁ ਦੇ ਰਾਮੁ ਲੀਆ ਹੈ ਮੋਲਿ ॥* *ਅੰਗ- ੩੨੭*

ਉਹ ਸੁਖ ਲੈਂਦਾ ਨਹੀਂ ਕੋਈ। ਜਦੋਂ ਮੰਗਦੇ ਹਾਂ ਦੁਖ, ਜਦੋਂ ਮੰਗਦੇ ਹਾਂ ਦੁਖ। ਇਕ ਦੁਖ ਦੂਰ ਹੋ ਗਿਆ, ਦੂਜਾ ਫੇਰ ਆ ਗਿਆ, ਦੂਜਾ ਦੂਰ ਹੋ ਗਿਆ ਤੀਜਾ ਆ ਗਿਆ। ਸੁਖ ਦੀ ਬਾਤ ਨਹੀਂ ਕਰਦੇ। ਮਹਾਰਾਜ ਇਸ ਮਹੀਨੇ ਦੇ ਰਾਹੀਂ ਚੰਗੀ ਤਰ੍ਹਾਂ ਦੇ ਨਾਲ ਖੋਲ੍ਹ ਕੇ ਸਮਝਾਉਂਦੇ ਨੇ ਕਿ -

*ਜੇ ਲੋੜਹਿ ਸਦਾ ਸੁਖੁ ਭਾਈ ॥*
*ਸਾਧੂ ਸੰਗਤਿ ਗੁਰਹਿ ਬਤਾਈ ॥* *ਅੰਗ- ੧੧੮੨*

ਲੋੜਦੈ ਕਿ ਮੈਨੂੰ ਸਦਾ ਸੁਖ ਮਿਲੇ? ਦੇਖੋ ਆਪਣੇ ਮਨ ਦੇ ਅੰਦਰ, ਕਿਹੜਾ ਬੰਦਾ ਹੈ ਜਿਹੜਾ ਇਹ ਲੋੜਦੈ ਕਿ ਮੈਨੂੰ ਦੁਖ ਮਿਲੇ, ਦੁਖ ਕਿਉਂ ਆ ਜਾਂਦੈ। ਮਹਾਰਾਜ ਕਹਿੰਦੇ, ਦੁਖ ਤਾਂ ਆਉਂਦੈ ਕਿਉਂਕਿ ਸੁਖ ਦੇ ਜਿਹੜੇ ਸਾਧਨ ਨੇ ਉਹ ਤਾਂ ਕਰਨੇ ਨਹੀਂ, ਦੁਖ ਦਾ ਸਾਧਨ ਕਰੀ ਜਾਣੈ। ਜੇ ਦੁਖ ਦੀ ਫਸਲ ਬੀਜਦੈ, ਦੁਖ ਜੰਮਣੈ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*
*ਅੰਗ- ੯੪੭*

ਮਨਮੁਖ ਬੰਦਾ ਦੁਖ ਬੀਜਦੈ। ਦੁਖ ਉਹਨੂੰ ਮਿਲੀ ਜਾਂਦੈ। ਦੌੜਦੈ ਭੱਜਦੈ ਕਿ ਦੁਖ ਕਿਥੋਂ ਆ ਗਿਆ। ਦੁਖ ਤਾਂ ਤੂੰ ਆਪ ਹੀ ਪੈਦਾ ਕਰ ਲਿਆ। ਦੁਖ ਤੈਨੂੰ ਪ੍ਰਮੇਸ਼ਰ ਨੇ ਨਹੀਂ ਸੀ ਦਿੱਤਾ, ਦੁਖ ਤੂੰ ਆਪ ਪੈਦਾ ਕਰਿਆ ਹੈ ਉਹਦਾ ਇਲਾਜ ਮਹਾਰਾਜ ਕਹਿੰਦੇ -

*ਜੇ ਲੋੜਹਿ ਸਦਾ ਸੁਖੁ ਭਾਈ ॥*
*ਸਾਧੂ ਸੰਗਤਿ ਗੁਰਹਿ ਬਤਾਈ ॥* *ਅੰਗ- ੧੧੮੨*

ਗੁਰਾਂ ਨੇ ਕਿਹੈ ਕਿ ਸਾਧੂਆਂ ਦੀ ਸੰਗਤ ਕਰ। ਸਾਧੂਆਂ ਦੀ ਸੰਗਤ ਕਰਨ ਦੇ ਨਾਲ ਪ੍ਰਮੇਸ਼ਰ ਅੰਦਰੋਂ ਹੀ ਮਿਲ ਜਾਇਆ ਕਰਦੈ। ਬਾਹਰੋਂ ਨਹੀਂ ਕਿਤੋਂ ਮਿਲਦਾ ਕਿ ਜੰਗਲ 'ਚੋਂ ਮਿਲ ਗਿਆ, ਹਜ਼ੂਰ ਸਾਹਿਬ ਜਾ ਕੇ ਮਿਲ ਗਿਆ, ਹੇਮਕੁੰਟ ਸਾਹਿਬ ਜਾ ਕੇ ਮਿਲ ਗਿਆ, ਕਿਤੇ ਨਹੀਂ ਮਿਲਣਾ -

*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥* *ਅੰਗ- ੧੧੯੫*

ਕਿੰਨੀ ਦੁਨੀਆਂ ਜਾਂਦੀ ਹੈ ਬੱਸਾਂ ਭਰ-ਭਰ ਕੇ, ਕਿਸੇ ਨੂੰ ਮਿਲਿਐ। ਥੱਕ ਹਾਰ ਕੇ ਘਰਾਂ ਨੂੰ ਆ ਜਾਂਦੇ ਨੇ। (sight seeing) ਹੈ, ਰੱਬ ਨੂੰ ਮਿਲਣ ਨਹੀਂ ਜਾਂਦੇ, ਨਜ਼ਾਰੇ ਦੇਖਣ ਜਾਂਦੇ ਨੇ। ਸ਼ਰਧਾ ਵਾਲੇ ਨੂੰ ਹੀ ਫਲ ਮਿਲਦਾ ਹੈ। ਉਹ ਨਹੀਂ ਮਿਲਦਾ, ਜਿੰਨਾਂ ਚਿਰ ਤੁਸੀਂ ਅੰਦਰ ਨਹੀਂ ਖੋਜ ਕਰਦੇ। ਕਹਿੰਦੇ, ਬਾਹਰੋਂ ਭਾਲਦੈਂ? ਬਾਹਰ ਤਾਂ ਨਹੀਂ ਹੈ। ਤੇਰੇ ਅੰਦਰ ਹੈ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ- ੧੩੭੮*

ਸਾਧੂਆਂ ਨੂੰ ਮਿਲ ਲੈ, ਪੂਰੇ ਸੰਤਾਂ ਨੂੰ। ਤੈਨੂੰ ਉਹ ਅੰਦਰੋਂ ਹੀ ਦਿਖਾ ਦੇਣਗੇ। ਜਦੋਂ ਅੰਦਰ ਪ੍ਰਗਟ ਹੋ ਗਿਆ, ਫੇਰ ਤੇਰੇ ਮਨ ਦਾ ਜਿਹੜਾ ਝੋਰਾ ਹੈ ਨਾ, ਚਿਹਰਾ ਝੁਰੜੀਆਂ ਪੈਂਦੀਆਂ ਜਾਂਦੀਆਂ ਨੇ। ਕਰੂਪ ਚਿਹਰਾ ਹੋਇਆ ਹੋਇਐ, ਖਿਝਵਾਂ ਚਿਹਰਾ, ਡਰਾਉਣਾ ਚਿਹਰਾ ਰਹਿੰਦੈ। ਫੇਰ ਨਹੀਂ ਇਹ ਰਹਿੰਦਾ। ਫੇਰ ਖੇੜਾ ਆ ਜਾਏਗਾ, ਮਨ ਖਿੜ ਗਿਆ, ਤਨ ਖਿੜ ਜਾਏਗਾ। ਮਨ ਮੁਰਝਾ ਜਾਵੇ, ਤਨ ਮੁਰਝਾ ਜਾਂਦੈ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਮਨ ਖਿੜਿਆ ਰਾਮ ਨੂੰ ਮਿਲ ਕੇ,*
*ਕ੍ਰਿਪਾ ਹੋ ਗਈ ਸਾਧੂਆਂ ਦੀ।*

ਰੱਬ ਦੇ ਪਿਆਰੇ ਜਿਨ੍ਹਾਂ ਨੂੰ ਸਾਧੂ, ਸੰਤ, ਗੁਰਮੁਖ, ਅਨੇਕਾਂ ਨਾਵਾਂ ਦੇ ਨਾਲ ਪੁਕਾਰਿਆ ਜਾਂਦੈ। ਉਹਨਾਂ ਨੂੰ ਜਦੋਂ ਕੋਈ ਤਨੋ ਮਨੋ ਹੋ ਕੇ ਮਿਲਦੈ। ਸੱਚੀ ਭਾਵਨਾ ਨਾਲ ਮਿਲਦੈ, ਆਪਾ ਗਵਾ ਕੇ ਮਿਲਦੈ, ਉਹਨਾਂ ਕੋਲ ਸ਼ਾਂਤੀ ਦਾ ਭੇਤ ਹੁੰਦੈ। ਚਾਬੀ ਹੁੰਦੀ ਹੈ ਸ਼ਾਂਤੀ ਦੇ ਭੰਡਾਰੇ ਦੀ। ਉਹ ਚਾਬੀ ਸੌਂਪ ਦਿੰਦੇ ਨੇ, ਜਦੋਂ ਅੰਦਰ ਸ਼ਾਂਤੀ ਆ ਗਈ, ਉਹ ਵੇਲੇ ਸਹਿ ਨਹੀਂ ਹੋਇਆ ਕਰਦੀ। ਬੇਅੰਤ ਮਿਸਾਲਾਂ ਨੇ। ਉਹ ਸਹਿਨ ਤੋਂ ਬਾਹਰ ਹੋ ਜਾਂਦੀ ਹੈ।

ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ, ਉਹਨਾਂ ਦੀ ਬਿਰਤੀ ਅਕਹਿ ਅਨੰਦ ਵਿਚ ਚਲੀ ਗਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਸਨ। ਐਨਾ ਖੇੜਾ ਅੰਦਰ ਪ੍ਰਗਟ ਹੋਇਆ ਕਿ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ- ੨*

ਵਿਗਾਸ ਇਕ ਚੀਜ਼ ਹੁੰਦੀ ਹੈ, ਖੇੜਾ ਹੁੰਦੈ ਖੇੜਾ। ਜੇ ਥੋੜ੍ਹਾ ਜਿਹਾ ਹੀ ਖੇੜਾ ਹੋ ਜਾਏ ਪੈਰ ਨਹੀਂ ਲਗਦੇ ਧਰਤੀ 'ਤੇ। ਲਾਟਰੀ ਨਿਕਲ ਆਵੇ, ਦਸ ਦਿਓ ਕਿ ਤੇਰੇ ਲੜਕਾ ਹੋਇਐ, ਨੌਕਰੀ ਮਿਲ ਗਈ ਤੈਨੂੰ, ਪ੍ਰਮੋਸ਼ਨ (ਤਰੱਕੀ) ਮਿਲ ਗਈ; ਧਰਤੀ 'ਤੇ ਪੈਰ ਨਹੀਂ ਲਗਦਾ, ਬੈਠਾ ਨਹੀਂ ਰਹਿੰਦਾ ਕਿਉਂਕਿ ਉਹ ਬੈਠਣ ਹੀ ਨਹੀਂ ਦਿੰਦੀ। ਟਪਾਉਂਦੈ, ਨੱਚਦੈ ਆਦਮੀ। ਦਿਲ ਖਿੜ ਜਾਂਦੈ। ਜਿਸ ਵਕਤ ਸੰਤਾਂ ਦੇ ਦੱਸੇ ਹੋਏ ਯਤਨ ਨਾਲ ਖੇੜਾ ਆਉਂਦੈ, ਫੇਰ ਉਸ ਤੋਂ ਧਰਤੀ 'ਤੇ ਪੈਰ ਨਹੀਂ ਲਾ ਹੁੰਦਾ ਸੱਚੀ ਹੀ। ਪਿਤਾ ਜੀ ਹੌਲੀ-ਹੌਲੀ ਛੱਤ ਨਾਲ ਜਾ ਲੱਗੇ। ਹੌਲੀ-ਹੌਲੀ ਹੇਠਾਂ ਆ ਗਏ। ਦੁਬਾਰਾ ਫੇਰ ਉੱਠੇ, ਗੁਰੂ ਮਹਾਰਾਜ ਦੇ ਪਿੱਛੋਂ ਦੀ ਅੱਗੇ ਆ ਗਏ। ਅੱਗੇ ਆ ਕੇ ਲੰਮੇ ਪੈ ਗਏ। ਐਨਾ ਖੇੜਾ ਆ ਗਿਆ ਕਿ ਸਾਰੀ ਸੰਗਤ ਦੇ ਅੰਦਰ ਝੁਣਝਣੀਆਂ ਆਉਣ ਲਗ ਗਈਆਂ। ਬੋਲਿਆ ਨਾ ਜਾਵੇ ਕਿਸੇ ਤੋਂ। ਛੇ ਘੰਟੇ ਆਪ ਵੀ ਅਨੰਦ ਵਿਚ ਤੇ ਸੰਗਤ ਵੀ ਅਨੰਦ ਵਿਚ ਰਹੀ।

ਸੋ ਇਹ ਖੇੜਾ ਹੋਇਆ ਕਰਦੈ, ਪ੍ਰਮੇਸ਼ਰ ਨੂੰ ਮਿਲਣ ਦਾ। ਜਦੋਂ ਅਸਰ ਹੁੰਦੈ, ਪ੍ਰਗਟ ਹੁੰਦੈ ਉਸ ਵੇਲੇ ਖਿੜ ਜਾਂਦੈ। ਇਸ ਮਹੀਨੇ ਵਿਚ ਦੱਸਿਐ ਕਿ –

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*

*ਅੰਗ– ੧੩੫*

ਜਿਨ੍ਹਾਂ ਨੂੰ ਮਿਲ ਗਿਆ ਪ੍ਰਮੇਸ਼ਰ ਉਹ ਸੋਹਣੇ ਲਗਦੇ ਨੇ ਇਸ ਸੰਸਾਰ ਦੇ ਵਿਚ ਰਹਿੰਦੇ ਹੋਏ। ਕਿਉਂਕਿ ਮਿਲ ਗਿਆ ਉਹਨਾਂ ਨੂੰ। ਜਿਹੜਿਆਂ ਨੂੰ ਨਹੀਂ ਮਿਲਿਆ ਉਹ ਕਹਿੰਦੇ, ਸਾਰੇ ਹੀ ਸ਼ਿੰਗਾਰ ਲਾਉਣ ਤੋਂ ਬਾਅਦ –

*ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥*
*ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ*
*ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥* *ਅੰਗ– ੫੨੮*

ਵੇਸਵਾ ਦੇ ਪੁੱਤਰ ਹੋ ਗਿਆ ਉਹਨੂੰ ਧ੍ਰਕਟੀ ਕਹਿੰਦੇ ਨੇ। ਮਾੜਾ ਗਿਣਦੀ ਹੈ ਦੁਨੀਆਂ। ਧਿਰਕਾਰਯੋਗ ਹੈ ਉਹ। ਸੋ ਜਿਹਦੇ ਅੰਦਰ ਪ੍ਰਗਟ ਹੋ ਗਿਆ ਉਹ ਸਤਿਕਾਰਯੋਗ ਹੈ। ਕਹਿੰਦੇ, ਇਸ ਮਹੀਨੇ ਦਾ ਮਤਲਬ ਹੈ ਕਿ ਇਹ ਸਮਾਂ ਜਿਹੜਾ ਹੈ ਜਿਹਨਾਂ ਦੇ ਅੰਦਰ ਪ੍ਰਮੇਸ਼ਰ ਪ੍ਰਗਟ ਹੋ ਗਿਆ ਉਹ ਖੇੜੇ ਵਿਚ ਆ ਗਏ। 'ਮੰਘਿਰਿ ਮਾਹਿ ਸੋਹੰਦੀਆ', ਸੋਹਣੇ ਲਗਦੇ ਨੇ, ਦੂਜੇ ਨਹੀਂ ਲਗਦੇ। ਦੂਜੇ ਨੇ ਜਿਹੜੇ ਉਹਨਾਂ ਬਾਰੇ ਤਾਂ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਤੇਰਾ ਮੁਖੜਾ ਡਰਾਉਣੈ, ਬਿਨਾਂ ਨਾਮ ਤੋਂ।*

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥*
*ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥*

*ਅੰਗ– ੧੩੮੨*

ਦਰਗਾਹ ਵਿਚ ਤਾਂ ਪੈਰ ਰੱਖਣ ਨੂੰ ਥਾਂ ਨਹੀਂ ਮਿਲਣਾ। ਇਥੇ ਦੁਖਾਂ ਨੇ ਖਹਿੜਾ ਨਹੀਂ ਛੱਡਣਾ। ਹੁਣ ਮਰਜ਼ੀ ਹੈ ਚਾਹੇ ਤਾਂ ਦੁਖਾਂ ਵਾਲੀ ਜ਼ਿੰਦਗੀ ਲੈ ਲਓ। ਚਾਹੇ ਸੁਖਾਂ ਵਾਲੀ ਲੈ ਲਓ। ਸੰਤ ਨਾਮ ਇਸ ਕਰਕੇ ਨਹੀਂ ਜਪਦੇ ਕਿ ਦੂਜਿਆਂ ਦੇ ਦੁਖ ਆਪਣੇ ਉਤੇ ਲੈ ਲੈਣ। ਕਰਮਾਂ ਦੀ ਖੇਡ ਹੈ। ਸੰਤ ਰਸਤਾ ਦਸਦੇ ਨੇ ਕਿ ਤੂੰ ਕਿਵੇਂ ਸੁਖੀ ਹੋ ਜਾਏਂਗਾ। ਉਹ ਰਸਤੇ ਨੂੰ ਕੋਈ ਅਪਣਾਉਂਦਾ ਨਹੀਂ ਹੈ। ਜੇ ਦੁਖ ਵੀ ਹੈ, ਭਲਾ ਮੰਨ ਲਓ ਕਿ ਦੁਖ ਹੈ। ਸੰਤਾਂ ਦਾ ਕਿਹਾ ਹੋਇਆ ਮੰਨ ਲਿਆ। ਰਤਵਾੜਾ ਸਾਹਿਬ ਰਹਿ ਕੇ ਨਾਮ ਵੀ ਜਪਿਆ ਤੇ ਸੇਵਾ ਵੀ ਕਰੀ। ਦਿਨ ਗਿਣੀਂ ਜਾਂਦੈ ਕਿ ਐਨੇ ਹੋ ਗਏ, ਐਨੇ ਹੋ ਗਏ। ਜਿਸ ਦਿਨ 40ਵਾਂ ਦਿਨ ਹੁੰਦੈ, ਕਹਿੰਦੈ ਜੀ ਮੈਂ ਹੁਣ ਚਲੇ ਜਾਣੈ। ਮੈਂ ਠੀਕ ਹੋ ਗਿਆ। ਉਹ ਸੱਚੀਓਂ ਠੀਕ ਹੋਇਆ ਹੁੰਦੈ। ਮੁੜ ਕੇ ਉਹਨੂੰ ਪੁੱਛੋ ਕਿ ਤੂੰ ਕੋਈ ਪਾਠ ਕਰਦੈਂ, ਕਹਿੰਦਾ ਹੁਣ ਤਾਂ ਲੋੜ ਹੀ ਨਹੀਂ ਹੈ, ਮੈਂ ਰਾਜ਼ੀ ਹੋ ਗਿਆ। ਆਹ ਮੈਂ ਹਮੇਸ਼ਾ ਹੀ ਦੇਖਦਾ ਹਾਂ। ਮੇਰੇ ਮਨ ਵਿਚ ਇਹ ਹੁੰਦੈ ਕਿ ਇਹਨੂੰ ਲਗਨ ਲਾ ਦੇਈਏ। ਇਹ ਫੇਰ ਨਾਮ ਜਪੇ, ਰਾਜ਼ੀ ਹੋ ਕੇ। ਇਹਨੂੰ ਪਤਾ ਲਗ ਜਾਏ ਕਿ ਸ਼ਬਦ ਵਿਚ ਬੜੀ ਤਾਕਤ ਹੈ। ਪਰ ਹੁੰਦਾ ਸੁਣਦਾ ਹੀ ਨਹੀਂ ਹੈ, ਉਸੇ ਵਿਕਾਰਾਂ 'ਚ ਫੇਰ ਪੈ ਜਾਂਦੈ।

ਈਸਾ ਜੀ ਨੂੰ ਇਕ ਵਾਰੀ ਬੰਦੇ ਮਿਲੇ। ਕਬੀਰ ਸਾਹਿਬ ਨੂੰ ਵੀ ਮਿਲੇ। ਸਾਰੇ ਮਹਾਂਪੁਰਸ਼ਾਂ ਨਾਲ ਰੋਜ਼ ਹੀ ਵਰਤਦੀ ਹੈ। ਇਕ ਬੰਦਾ ਆਇਆ, ਕਹਿੰਦਾ ਮੈਨੂੰ ਪਛਾਣਿਆ ਮਹਾਰਾਜ ਤੁਸੀਂ? ਮੈਂ ਬਹੁਤ ਦੁਖੀ ਹੋ ਕੇ ਤੁਹਾਡੇ ਕੋਲ ਆਇਆ ਸੀ, ਮੇਰੇ ਨੇਤਰ ਅੰਨ੍ਹੇ ਹੋ ਗਏ ਸੀ। ਤੁਸੀਂ ਮੇਰੇ 'ਤੇ ਕ੍ਰਿਪਾ ਕਰੀ ਤੇ ਮੈਨੂੰ ਨੇਤਰ ਮਿਲ ਗਏ। ਕਹਿੰਦੇ, ਪ੍ਰੇਮੀਆਂ! ਹੁਣ ਕੀ ਕੰਮ ਕਰਦਾ ਹੁੰਦੈਂ? ਕਹਿੰਦਾ, ਮਹਾਰਾਜ! ਤੁਹਾਡੇ ਕੋਲ ਕਾਹਦਾ ਲੁਕਾਅ ਹੈ। ਪਹਿਲਾਂ ਮੈਂ ਡਾਕੇ ਮਾਰਿਆ ਕਰਦਾ ਸੀ, ਹੁਣ ਵੀ ਡਾਕੇ ਮਾਰਦਾ ਹਾਂ। ਯਾਨਿ ਇਕ ਤਰੀਕੇ ਦੇ ਨਾਲ ਈਸਾ ਜੀ ਨੇ ਕਰਿਆ ਤਾਂ ਪਰਉਪਕਾਰ, ਉਹਨੂੰ ਨੇਤਰਾਂ ਦੀ ਦਾਤ ਦੇ ਦਿਤੀ। ਲੇਕਿਨ ਉਹਨੇ ਨੇਤਰਾਂ ਦਾ ਪ੍ਰਯੋਗ ਉਸ ਪਾਸੇ ਨਹੀਂ ਕਰਿਆ ਕਿ ਮੈਂ ਭਜਨ ਬੰਦਗੀ 'ਚ ਲਗ ਜਾਵਾਂ, ਮੁੜ ਕੇ ਡਾਕੇ ਫੇਰ ਮਾਰਨ ਲਗ ਗਿਆ। ਉਸੇ ਦਿਨ ਅੱਗੇ ਗਏ ਤਾਂ ਇਕ ਬੀਬੀ ਮਿਲੀ, ਕਹਿਣ ਲੱਗੀ, ਮਹਾਰਾਜ! ਤੁਹਾਡਾ ਭਲਾ ਹੋਵੇ ਤੁਸੀਂ ਮੈਨੂੰ ਰਾਜ਼ੀ ਕਰ ਦਿਤਾ। ਕਹਿਣ ਲੱਗੇ, ਬੀਬੀ! ਤੈਨੂੰ ਕੀ ਦੁਖ ਸੀਗਾ? ਕਹਿੰਦੀ, ਮਹਾਰਾਜ! ਮੇਰੇ ਸਾਰੇ ਸਰੀਰ ਨੂੰ ਕੋਹੜ ਹੋ ਗਿਆ ਸੀ। ਕਹਿੰਦੇ, ਹੁਣ ਠੀਕ ਹੈਂ? ਕਹਿੰਦੀ, ਹਾਂ ਹੁਣ ਠੀਕ ਹਾਂ। ਕੀ ਕੰਮ ਕਰਦੀ ਹੁੰਦੀ ਹੈਂ? ਕਹਿੰਦੀ, ਮਹਾਰਾਜ! ਮੈਂ ਪਹਿਲਾਂ ਵੀ ਵੇਸਵਾ ਸੀ, ਹੁਣ ਫੇਰ ਵੇਸਵਾ ਹਾਂ। ਕੋਹੜ ਹਟ ਗਿਆ ਪਰ ਫੇਰ ਉਸੇ ਪਾਪ ਵਿਚ ਪ੍ਰਵਿਰਤ। ਚਾਰ ਮਿਲੇ ਉਹਨਾਂ ਨੂੰ ਇਕੋ ਦਿਨ। ਕਹਿਣ ਲੱਗੇ, ਹੈਂ ਅਸੀਂ ਤਾਂ ਦਸਦੇ ਹਾਂ ਕਿ ਇਹ ਪ੍ਰਮੇਸ਼ਰ ਦੇ ਨਾਮ 'ਚ ਵਿਸ਼ਵਾਸ਼ ਲਿਆਉਣਗੇ, ਪਰ ਇਹ ਤਾਂ ਉਥੇ ਹੀ ਰਹਿ ਗਏ ਮੁੜ ਕੇ।

ਕਹਿੰਦੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਨਾਮ ਵਲ ਲਾ ਕੇ ਰਾਜ਼ੀ ਕਰਦੇ ਸੀ। ਉਹ ਬਹੁਤ ਵੱਡੇ ਸੀ ਆਪ ਪ੍ਰਮੇਸ਼ਰ ਸੀ। ਸਾਡੇ ਲੋਕਾਂ ਨੂੰ ਵੀ ਦਸ ਗਏ ਕਿ ਤੁਸੀਂ ਨਾਮ ਵਲ ਲਾ ਕੇ ਰਾਜ਼ੀ ਕਰ ਦਿਆ ਕਰੋ। ਨਾਮ ਵਲ ਲਗ ਕੇ ਰਾਜ਼ੀ ਹੋ ਜਾਂਦੇ ਨੇ ਇਥੇ, ਰਤਵਾੜਾ ਸਾਹਿਬ। ਲੇਕਿਨ ਦੇਖੀਦਾ ਇਹ ਹੈ ਕਿ ਇਥੇ ਤਾਂ ਰਾਜ਼ੀ ਹੋ ਗਏ, ਮੁੜ ਕੇ ਕੋਈ ਨਹੀਂ ਨਾਮ ਜਪਦਾ। ਇਥੇ ਪੰਜ-ਪੰਜ ਘੰਟੇ ਬੈਠ ਕੇ ਪਾਠ ਕਰਨੈ, ਮੁੜ ਕੇ 15 ਮਿੰਟ ਵੀ ਨਹੀਂ ਹੁੰਦੇ, ਕਿਉਂਕਿ ਮਨ ਦੇ ਵਿਚ ਵਿਸ਼ਵਾਸ਼ ਨਹੀਂ ਆਉਂਦਾ। ਜੇ ਕਿਤੇ ਆ ਜਾਵੇ ਕਹੇ ਕਿ ਮੇਰਾ ਰੋਗ ਦੂਰ ਹੋ ਗਿਆ। ਜੇ ਮੈਂ ਐਨਾ ਹੀ ਨਾਮ ਜਪਿਆ ਤਾਂ ਮੈਂ ਜਮਾਂ ਤੋਂ ਵੀ ਛੁਟ ਜਾਵਾਂਗਾ ਤੇ ਜੰਮਣ ਮਰਨ ਦਾ ਰੋਗ ਜਿਹੜਾ ਮੇਰੇ ਗਲ ਪਿਆ ਹੋਇਆ ਹੈ, ਉਹ ਵੀ ਦੂਰ ਹੋ ਜਾਏਗਾ। ਨਾ ਵਿਸ਼ਵਾਸ਼ ਤੋਂ ਹੀਣਾ ਹੈ ਬੰਦਾ। ਭੁੱਲ ਜਾਂਦੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਸੋਂਹਦੇ ਓਹੀ ਨੇ ਜਿਹਨਾਂ ਨੂੰ ਵਾਹਿਗੁਰੂ ਅੰਦਰ ਪ੍ਰਾਪਤ ਹੋ ਗਿਆ। ਉਹਨਾਂ ਦੀ ਮਹਿਮਾ ਕਿੰਨੀ ਹੈ? ਇਕ ਪਾਸੇ ਧਨੀ ਹੈ ਕਰੋੜਾਂ ਰੁਪਏ ਦਾ ਮਾਲਕ, ਇਕ ਪਾਸੇ ਨਾਮ ਵਾਲਾ ਹੈ। ਪਰ ਉਹਦੇ ਪਾਟੇ ਹੋਏ ਕੱਪੜੇ ਨੇ, ਟੁੱਟੀ ਹੋਈ ਝੌਂਪੜੀ 'ਚ ਰਹਿੰਦੈ, ਜੁੱਤੀ ਪੈਰਾਂ 'ਚ ਨਹੀਂ, ਕੱਪੜਾ ਉਤੇ ਨੂੰ ਚੰਗਾ ਕੋਈ ਨਹੀਂ। ਪਾਲਾ ਲਗਦੈ, ਠੁਰ-ਠੁਰ ਕਰਦੈ, ਅੱਗ ਜਾਲ ਕੇ ਰਾਤ ਕੱਟ ਲੈਂਦੈ। ਇਹਨਾਂ ਦੋਹਾਂ 'ਚੋਂ ਕਿਹੜਾ ਸੋਹਣਾ ਹੈ? ਕਹਿੰਦੇ, ਸੋਹਣਾ ਤਾਂ ਓਹ ਚਾਹੀਦੈ, ਜਿਹਦੇ ਕੋਲ ਬਹੁਤ ਵਧੀਆ ਕੋਠੀ, ਬਹੁਤ ਵਧੀਆ ਕਾਰ, ਬਹੁਤ ਵਧੀਆ ਕੱਪੜੇ, ਬਹੁਤ ਵਧੀਆ ਪੈਸਾ ਹੁੰਦੈ। ਉਹ ਸੋਂਹਦੈ। ਮਹਾਰਾਜ ਕਹਿੰਦੇ, ਨਹੀਂ ਤੁਹਾਡੀ ਪਛਾਣ ਗਲਤ ਹੈ। ਕਹਿੰਦੇ ਉਹ ਜਿਹੜਾ ਬੰਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਅੰਗ- ੨੫੩*

ਪੰਜ ਸਿਫ਼ਤਾਂ ਇਕ ਬੰਦੇ 'ਚ ਹੋਣ। ਕਹਿੰਦੇ -

*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਉਹ ਤਾਂ ਮੁਰਦਾ ਹੈ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਅੰਗ- ੭੦੭*

ਕਹਿੰਦੇ, ਵਿਸ਼ਟਾ ਦਾ ਕੀੜਾ ਹੈ ਉਹ ਤਾਂ। ਪਹਿਲਾਂ ਵੀ ਕੀੜਾ ਸੀ, ਫੇਰ ਕੀੜਾ ਹੀ ਹੈ। ਜਿਹੜਾ ਬੰਦਗੀ ਕਰਦੈ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ- ੭੦੭*

ਸੋ ਇਸ ਤਰ੍ਹਾਂ ਕਹਿੰਦੇ ਉਹ ਸੋਂਹਦੀਆਂ ਨੇ -

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਅੰਗ- ੧੩੫*

ਪ੍ਰਮੇਸ਼ਰ ਨੇ ਮੇਲ ਲਿਆ ਨਾ ਜਿਹੜੇ ਜੀਵਾਂ ਨੂੰ, ਉਹ ਕਿੰਨੇ ਹੀ ਗਰੀਬ ਹੋਣ, ਉਹਨਾਂ ਦੀ ਸੋਭਾ ਗਿਣੀ ਨਹੀਂ ਜਾਂਦੀ। ਰਵਿਦਾਸ ਜੀ ਦੀ ਸੋਭਾ ਨੂੰ ਕੌਣ ਗਿਣਦੈ, ਗਿਣੀ ਕਿਸੀ ਨੇ? ਮਹਾਰਾਜ ਕਹਿੰਦੇ ਗਿਣੀ ਹੀ ਨਹੀਂ ਜਾਂਦੀ। ਕੋਈ ਪੁਸਤਕ, ਕੋਈ ਧਰਮ ਫਲਸਫਾ, ਕੋਈ ਪੜ੍ਹਿਆ ਲਿਖਿਆ, ਕੋਈ ਵੱਡਾ ਲਿਖਾਰੀ, ਕੋਈ ਬਹੁਤ ਜ਼ਿਆਦਾ ਕਿਤਾਬਾਂ ਜਾਨਣ ਵਾਲਾ ਮਹਾਰਾਜ ਕਹਿੰਦੇ, ਇਹਨਾਂ ਨੂੰ ਤਾਂ ਪਤਾ ਹੀ ਨਹੀਂ ਹੈ। ਜਿਹੜੇ ਸੁਪਰੀਮ ਧਰਮ ਗ੍ਰੰਥ ਨੇ ਜਿਹਨਾਂ ਤੋਂ ਵੱਡਾ ਹੈ ਨਹੀਂ ਕੋਈ ਗ੍ਰੰਥ। ਉਹਦੇ ਬਾਰੇ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ।*

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ- ੨੭੨*

ਕਹਿੰਦੇ ਉਹਦੀ ਸੋਭਾ ਦੀ ਗਿਣਤੀ ਹੋ ਨਹੀਂ ਸਕਦੀ ਕਿਸੇ ਤਰੀਕੇ ਨਾਲ 'ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥' ਜਦੋਂ ਮਿਲ ਗਿਆ ਸਾਹਿਬ ਫੇਰ ਅਸਰ ਕੀ ਹੁੰਦੈ? -

*ਤਨੁ ਮਨੁ ਮਉਲਿਆ ਰਾਮ ਸਿਉ*
*ਸੰਗਿ ਸਾਧ ਸਹੇਲੜੀਆਹ॥ ਅੰਗ- ੧੩੫*

ਇਕ ਤਾਂ ਖੁਸ਼ੀ ਹੀ ਖੁਸ਼ੀ, ਖੇੜਾ ਹੀ ਖੇੜਾ ਪ੍ਰਾਪਤ ਹੋ ਗਿਆ। ਦੂਜੀ ਗੱਲ ਕੀ ਹੋਈ? ਕਹਿੰਦੇ, ਸਾਧੂਆਂ ਦੀ ਸੰਗਤ ਮਿਲ ਗਈ। ਸਾਧੂਆਂ ਨੂੰ ਪ੍ਰਵਾਨ ਹੋ ਗਿਆ ਬਈ ਬੰਦਗੀ ਵਾਲਾ ਹੈ, ਇਹ ਸੋਝੀ ਵਾਲਾ ਹੈ ਉਹਨੂੰ ਪਿਆਰ ਕਰਦੇ ਨੇ, ਦ੍ਰਿਸ਼ਟੀ ਕਰਦੇ ਨੇ ਉਹਦੇ ਉਪਰ। ਕਹਿੰਦੇ, ਦੋ ਗੱਲਾਂ ਹੋ ਗਈਆਂ, ਇਕ ਤਾਂ ਤਨ, ਮਨ 'ਚ ਖੇੜਾ ਆ ਗਿਆ। ਇਕ ਸਾਧੂਆਂ ਦੀ ਸੰਗਤ ਮਿਲ ਗਈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਨੇ ਕਿ ਪਿਆਰਿਓ! ਸਾਧੂਆਂ ਦੀ ਸੰਗਤ ਜਿਹੜੀ ਹੈ ਜਿੰਨਾਂ ਚਿਰ ਅਕਾਲ ਪੁਰਖ ਦੀ ਮਿਹਰ ਨਾ ਹੋਵੇ ਨਹੀਂ ਹੋਇਆ ਕਰਦੀ। ਕ੍ਰਿਪਾ ਤੋਂ ਬਗੈਰ ਨਹੀਂ ਹੁੰਦੀ। ਉਹ ਕ੍ਰਿਪਾ ਕਰਦੇ ਨੇ, ਮਾੜੇ ਆਦਮੀ ਵੀ ਉਨ੍ਹਾਂ ਦੀ ਸੰਗਤ 'ਚ ਆ ਕੇ ਤਰ ਜਾਂਦੇ ਨੇ। ਲੇਕਿਨ ਕ੍ਰਿਪਾ ਤੋਂ ਬਗੈਰ ਨਹੀਂ ਸੰਗਤ ਹੋਇਆ ਕਰਦੀ। ਦਰਵਾਜ਼ਾ ਨਹੀਂ ਖੁਲ੍ਹਿਆ ਕਰਦਾ ਕਦੇ ਵੀ। ਸੰਤਾਂ ਦੇ ਹੱਥ 'ਚ ਕੁੰਜੀ ਹੁੰਦੀ ਹੈ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ- ੯੫*

ਕਹਿਣ ਲੱਗਿਆ, ਪਾਤਸ਼ਾਹ! ਫਲ ਕੀ ਹੁੰਦੈ, ਸੰਤਾਂ ਦੀ ਸੰਗਤ ਦਾ? ਕਹਿੰਦੇ, ਸਵੇਰੇ ਜਾਈਂ ਰੋਹੀ ਦੇ ਟੋਭੇ ਦੇ ਉਤੇ ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਵਾਪਸ ਆ ਗਿਆ, ਕਹਿੰਦਾ ਮਹਾਰਾਜ! ਕੋਈ ਨਹੀਂ ਆਇਆ, ਇਕ ਕਾਵਾਂ ਦਾ ਜੋੜਾ ਬੈਠਾ ਸੀ। ਦੂਜੇ ਦਿਨ ਫੇਰ ਗਿਆ, ਫੇਰ ਵਾਪਸ ਆ ਗਿਆ। ਕਹਿੰਦਾ, ਮਹਾਰਾਜ! ਅੱਜ ਉਥੇ ਬਗਲਿਆਂ ਦਾ ਜੋੜਾ ਸੀ। ਤੀਸਰੇ ਦਿਨ ਗਿਆ, ਕੁਛ ਨਹੀਂ ਆਇਆ। ਕਹਿਣ ਲੱਗਿਆ, ਮਹਾਰਾਜ! ਅੱਜ ਤਾਂ ਹੰਸਾਂ ਦਾ ਜੋੜਾ ਸੀ। ਕਹਿੰਦੇ, ਕੱਲ੍ਹ ਨੂੰ ਫੇਰ ਜਾਹ ਹੁਣ ਤੈਨੂੰ ਦੱਸਣ ਵਾਲੇ ਆਉਣਗੇ। ਚੌਥੇ ਦਿਨ ਗਿਆ, ਦੋ ਦੇਵਤਾ ਬੈਠੇ ਨੇ ਇਸਤ੍ਰੀ ਪੁਰਸ਼। ਇਹਦੇ ਚਰਨਾਂ 'ਤੇ ਨਮਸ਼ਕਾਰ ਕਰਨ ਲੱਗੇ ਜਾਂਦੇ ਹੀ। ਇਹ ਕਹਿਣ ਲੱਗਿਆ, ਹੈਂ! ਤੁਸੀਂ ਤਾਂ ਕਿਸੇ ਹੋਰ ਲੋਕ ਦੇ ਵਸਣ ਵਾਲੇ ਹੋਂ। ਤੁਹਾਡਾ ਸਰੀਰ ਹੋਰ ਹੈ। ਤੁਹਾਡੀ ਚਮਕ-ਦਮਕ ਹੋਰ ਹੈ। ਅਸੀਂ ਤਾਂ ਮਿੱਟੀ ਦੇ ਵਿਚੋਂ ਪੈਦਾ ਹੋਏ ਹਾਂ, ਮਿੱਟੀ 'ਚ ਰਹਿਣ ਵਾਲੇ ਹਾਂ। ਤੁਸੀਂ ਤਾਂ ਕੋਈ ਦੇਵਤੇ ਲਗਦੇ ਹੋਂ। ਕਹਿੰਦੇ, ਹਾਂ ਭਾਈ! ਹਾਂ ਤਾਂ ਅਸੀਂ ਦੇਵਤੇ ਪਰ ਦੇਵਤੇ ਅਸੀਂ ਤੇਰੀ ਕ੍ਰਿਪਾ ਨਾਲ ਹੋਏ ਹਾਂ। ਕਹਿੰਦਾ, ਮੈਂ ਤਾਂ ਕੋਈ ਕ੍ਰਿਪਾ ਹੀ ਨਹੀਂ ਕਰੀ। ਕਹਿੰਦੇ, ਰੋਜ਼ ਤਾਂ ਕਰਦਾ ਰਿਹਾ ਹੈਂ। ਕਹਿੰਦਾ, ਮੇਰੀ ਤਾਂ ਸਮਝ 'ਚ ਨਹੀਂ ਆ ਰਿਹਾ, ਤੁਸੀਂ ਕ੍ਰਿਪਾ ਕਰਕੇ ਦੱਸੋ। ਕਹਿੰਦੇ,

ਪਿਆਰਿਆ! ਤੇਰੇ ਘਰ ਪ੍ਰਮੇਸ਼ਰ ਆਪ ਆਇਆ ਹੋਇਆ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ। ਤੂੰ ਕਰਦੈਂ ਉਹਨਾਂ ਦੇ ਦਰਸ਼ਨ। ਉਹਦੇ ਨਾਲ ਤੇਰੇ ਅੰਦਰ ਐਨੀ ਪਵਿੱਤਰਤਾ ਆ ਗਈ। ਅਸੀਂ ਕਰਦੇ ਹਾਂ ਤੇਰੇ ਦਰਸ਼ਨ। ਪਹਿਲੇ ਦਰਸ਼ਨ ਕਾਵਾਂ ਨੇ ਕਰੇ, ਬਾਹਰੋਂ ਚਿੱਟੇ ਹੋ ਗਏ ਅੰਦਰੋਂ ਕਾਲੇ ਰਹਿ ਗਏ। ਦੂਸਰੇ ਦਿਨ ਜਦੋਂ ਅਸੀਂ ਦਰਸ਼ਨ ਕਰੇ, ਅੰਦਰੋਂ ਸਾਡੇ ਗਿਆਨ ਹੋ ਗਿਆ। ਲੇਕਿਨ ਅਜੇ ਪੰਛੀ ਰਹੇ। ਜਦੋਂ ਅਸੀਂ ਫੇਰ ਤੀਸਰੇ ਦਿਨ ਤੇਰੇ ਦਰਸ਼ਨ ਕਰੇ। ਫੇਰ ਕਹਿੰਦੇ, ਆਹ ਦੇਵ ਦੇਹੀ ਸਾਨੂੰ ਪ੍ਰਾਪਤ ਹੋ ਗਈ। ਵਾਪਸ ਆ ਗਿਆ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਕੋਲ। ਕਹਿਣ ਲੱਗੇ, ਜਾਹ ਤੇਰੇ ਘਰ ਤਾਂ ਪ੍ਰਮੇਸ਼ਰ ਆਇਆ ਹੋਇਐ। ਮਹਾਰਾਜ ਕਹਿੰਦੇ, ਕਿਉਂ ਭਾਈ! ਕੁਛ ਲੱਗਿਆ ਪਤਾ? ਕਹਿੰਦਾ, ਮਹਾਰਾਜ! ਇਸ ਤਰ੍ਹਾਂ ਲੱਗਿਆ। ਮਹਾਰਾਜ ਕਹਿੰਦੇ, ਪਹਿਲਾਂ ਇਹ ਜਿਹੜਾ ਜੀਵ ਹੈ ਵਿਸ਼ੇ ਵਿਕਾਰਾਂ ਰੂਪੀ ਮੈਲ ਖਾਂਦੈ। ਬੋਲਦੈ, ਨਿੰਦਿਆ ਕਰਦੈ, ਚੁਗਲੀਆਂ ਕਰਦੈ। ਈਰਖਾ ਕਰਦੈ। ਕਿਸੇ ਦਾ ਮਿੱਤਰ ਨਹੀਂ ਬਣਦਾ, ਠੂੰਗਾਂ ਮਾਰਦੈ। ਚੋਰੀ ਚੀਜ਼ ਚੁੱਕ ਲੈਂਦੈ, ਖੋਹ ਲੈਂਦੈ। ਇਹ ਕਹਿੰਦੇ, ਅੰਦਰੋਂ ਵੀ ਕਾਲਾ ਤੇ ਬਾਹਰੋਂ ਵੀ ਕਾਲਾ। ਇਹਦੀ ਬਿਰਤੀ ਕਾਂ ਵਾਲੀ ਹੋਇਆ ਕਰਦੀ ਹੈ। ਜਦੋਂ ਫੇਰ ਸੰਗਤ ਕਰਦੈ, ਹੌਲੀ-ਹੌਲੀ ਸੰਗਤ ਕਰਦੇ-ਕਰਦੇ ਦਾ, ਜਿਹੜਾ ਉਪਰਲਾ ਕਾਲਾਪਨ ਹੈ, ਉਹ ਬਦਲ ਜਾਂਦੈ। ਦਾੜ੍ਹਾ ਰਖ ਲਏਗਾ, ਸੋਹਣਾ ਚੋਲਾ ਪਾ ਲਏਗਾ, ਲੋਕਾਂ ਨੂੰ ਪ੍ਰਭਾਵਿਤ ਕਰੇਗਾ ਪਰ ਅੰਦਰੋਂ ਅਜੇ ਵਿਕਾਰ ਉਵੇਂ ਜਿਵੇਂ ਨੇ। ਬਗਲੇ ਵਰਗੀ ਬਿਰਤੀ ਹੁੰਦੀ ਹੈ ਇਨਸਾਨ ਦੀ। ਮਹਾਰਾਜ ਕਹਿੰਦੇ, ਜਦੋਂ ਫੇਰ ਸੰਗਤ ਕਰਦੈ ਉਦੋਂ ਅੰਦਰ ਵੀ ਸਫਾਈ ਹੋ ਜਾਂਦੀ ਹੈ। ਫੇਰ ਇਹਨੂੰ ਤੱਤ ਵਿਵੇਚਨ ਦਾ ਗਿਆਨ ਆ ਜਾਂਦੈ, ਜੜ੍ਹ ਤੇ ਮਿਥਿਆ ਨੂੰ ਅੱਡ-ਅੱਡ ਕਰਨ ਦੀ ਜਾਚ ਆ ਜਾਂਦੀ ਹੈ। ਜਿਵੇਂ ਹੰਸ ਨੂੰ ਦੁੱਧ ਪਾਓ, ਚੁੰਝ ਲਾ ਲੈਂਦੈ ਤੇ ਪਿੱਛੇ ਹੋ ਕੇ ਬੈਠ ਜਾਂਦੈ। ਉਹਦੀ ਚੁੰਝ ਵਿਚ ਖਟਿਆਈ ਹੈ। ਖਟਿਆਈ ਹੋਣ ਕਰਕੇ ਦੁੱਧ ਫਟ ਕੇ ਫੁੱਟੀਆਂ ਅੱਡ ਹੋ ਜਾਂਦੀਆਂ ਨੇ। ਪਾਣੀ ਅੱਡ ਹੋ ਜਾਂਦੈ। ਉਹ ਆਉਂਦੈ, ਆ ਕੇ ਫੁੱਟੀਆਂ ਛਕ ਲੈਂਦੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਪਿਆਰਿਆ! ਫੇਰ ਇਹ ਹੰਸ ਬਿਰਤੀ ਜਿਹੜੀ ਹੈ ਨਾ, ਇਸੇ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ -

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*

*ਅੰਗ- ੪੬੨*

ਉਹ ਦੇਵਤਾ ਬਣ ਜਾਂਦੈ, ਉਹਨੂੰ ਤੱਤ ਵਿਵੇਚਨ ਦਾ ਪਤਾ ਲਗ ਜਾਂਦੈ। ਮਿਥਿਆ ਚੀਜ਼ਾਂ ਨੂੰ ਛੱਡ ਦਿੰਦੈ, ਸਤਿ ਨੂੰ ਫੜ ਲੈਂਦੈ। ਹੁਣ ਮਿਥਿਆ ਦੇਖੋ ਇਥੇ ਕੀ ਹੈ? ਪਹਿਲਾਂ ਤਾਂ ਆਪਣਾ ਸਰੀਰ ਹੀ ਮਿਥਿਆ ਹੈ। ਫੇਰ ਜਿਨ੍ਹਾਂ ਪੁੱਤਰ ਧੀਆਂ ਨਾਲ ਪਿਆਰ ਕਰਦੈ, ਉਹ ਵੀ ਮਿਥਿਆ ਹੈ, ਉਹ ਕਿਥੋਂ ਸਤਿ ਹੋ ਗਏ। ਮਕਾਨ ਨਾਲ ਪਿਆਰ ਕਰਦੈ, ਜ਼ਮੀਨ ਜਾਇਦਾਦ ਨਾਲ ਪਿਆਰ ਕਰਦੈ, ਪੈਸੇ ਨਾਲ ਪਿਆਰ ਕਰਦੈ, ਅਹੁਦਿਆਂ ਨਾਲ ਪਿਆਰ ਕਰਦੈ। ਆਪਣੀ ਮਹਿਮਾ ਨਾਲ ਪਿਆਰ ਕਰਦੈ ਇਹ ਸਭ ਜੜ੍ਹ ਵਸਤੂ ਹੈ। ਆਹ ਸਰੀਰ ਦੇ ਅੰਦਰ ਇਕ ਜੜ੍ਹ ਹੈ, ਇਕ ਚੇਤਨ ਹੈ। ਜੜ੍ਹ ਨੂੰ ਛੱਡ ਦਿੰਦੈ, ਚੇਤਨ ਨੂੰ ਫੜ ਲੈਂਦੈ, ਕਹਿੰਦੇ ਇਹ ਹੰਸ ਬਿਰਤੀ ਹੋਇਆ ਕਰਦੀ ਹੈ। ਸੋ ਕਾਵਾਂ ਤੋਂ ਹੰਸ ਬਣ ਜਾਂਦੈ, ਸੰਗਤ ਵਿਚ ਆ ਕੇ ਤੇ ਇਹਦੀ ਜਿਹੜੀ ਮੈਲ ਹੈ ਨਾ ਜਨਮਾਂ-ਜਨਮਾਂਤਰਾਂ ਦੀ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ- ੬੫੧*

ਧੋਬੀ ਕੋਲ ਲੀਰ ਜਿਹੜੀ ਹੈ, ਤੇਲੀ ਦੀ, ਉਹਨੂੰ ਚਾਹੇ ਖੁੰਬ ਚਾੜ੍ਹ ਕੇ ਧਰ ਦੇ, ਉਹ ਚਿੱਟੀ ਨਹੀਂ ਹੁੰਦੀ, ਉਹੋ ਜਿਹੀ ਨਹੀਂ ਹੋਏਗੀ ਜਿਹੋ ਜਿਹੀ ਪਹਿਲਾਂ ਸੀ ਕਿਉਂਕਿ ਉਹਦੇ ਰੋਮ-ਰੋਮ ਵਿਚ ਤੇਲ ਰਚ ਗਿਆ। ਇਸ ਤਰ੍ਹਾਂ ਹੀ ਸਾਨੂੰ ਮੈਲ ਲੱਗੀ ਹੋਈ ਹੈ ਜਨਮਾਂ-ਜਨਮਾਤਰਾਂ ਦੀ। ਇਸ ਦਾ ਕੋਈ ਤਰੀਕਾ ਨਹੀਂ। ਇਕ ਤਰੀਕਾ ਹੈ ਜਿਹੜਾ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਜਨਮਾਂ-ਜਨਮਾਂ ਦੀ ਮੈਲ ਲਹਿ ਜਾਵੇ,*
*ਸੰਗਤ ਕਰਕੇ ਸਾਧੂਆਂ ਦੀ।*

ਕਰੋੜਾਂ ਜਨਮਾਂ ਦੀ ਮੈਲ '***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*** ' ਕਾਲੇ ਹੋਣ ਦੀ ਨਿਸ਼ਾਨੀ ਕੀ ਹੈ? ਜਿੰਨੀ ਦੇਰ ਤੱਕ ਅੰਦਰੋਂ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਸ਼ੀਸ਼ਾ ਕਾਲਾ ਹੋਇਆ ਪਿਐ। ਇਹ ਦਰਸ਼ਨ ਤਾਂ ਹੋਣੇ ਨੇ ਜੇ ਮੈਲ ਲਹਿ ਜਾਵੇ। ਮਹਾਰਾਜ ਜੀ ਕਹਿੰਦੇ, ਸ਼ੀਸ਼ਾ ਮੈਲਾ ਹੋਵੇ, ਸ਼ੀਸ਼ਾ ਹਿਲਦਾ ਹੋਵੇ, ਸ਼ੀਸ਼ਾ ਪੁੱਠਾ ਹੋਵੇ, ਫੇਰ ਆਪਣਾ ਚਿਹਰਾ ਨਹੀਂ ਦਿਸਿਆ ਕਰਦਾ। ਇਵੇਂ ਜਿਵੇਂ ਜੇ ਹਿਰਦੇ ਦਾ ਸ਼ੀਸ਼ਾ ਮੈਲਾ ਹੈ। ਇਹਨੂੰ ਮੈਲ ਲੱਗੀ ਹੋਈ ਹੈ ਨਿੰਦਿਆ ਦੀ, ਈਰਖਾ ਦੀ, ਹੋਰ ਅਨੇਕਾਂ ਕਿਸਮ ਦੀ ਮੈਲ ਲੱਗੀ ਹੋਈ ਹੈ। ਕਹਿੰਦੇ, ਉਹਦੇ ਨਾਲ ਅੰਦਰ ਵਸਦਾ ਪ੍ਰਮੇਸ਼ਰ ਦਿਸਦਾ ਨਹੀਂ। ਸਭ ਦੇ ਅੰਦਰ ਵਾਹਿਗੁਰੂ ਵਸਦੈ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ ਅੰਗ- ੧੦੦੨*

ਇਹ ਸਰੀਰ 'ਚ ਰਹਿੰਦੈ, ਦਰਸ਼ਨ ਕਿਉਂ ਨਹੀਂ ਹੁੰਦੇ? ਕਿਉਂਕਿ ਮੈਲ ਲੱਗੀ ਹੋਈ ਹੈ। ਮੈਲ ਲਹਿੰਦੀ ਹੈ-

*ਜਨਮ ਜਨਮ ਕੀ ਹਉਮੈ ਮਲੁ ਲਾਗੀ*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ॥ ਅੰਗ- ੧੩੦੯*

ਸੰਗਤ ਕਰ ਤੂੰ ਸਾਧੂਆਂ ਦੀ। ਜਦ ਤੂੰ ਮਨ ਚਿੱਤ ਲਾ ਕੇ ਸੰਗਤ ਕਰੇਂਗਾ ਤੇਰਾ ਅੰਦਰ ਨਰਮ ਹੋ ਜਾਏਗਾ। ਸੰਤਾਂ ਦੇ ਪਿਆਰ ਵਿਚ ਲੀਨ ਹੋ ਜਾਏਂਗਾ। ਫੇਰ ਸਮਝ ਲੈ ਕਿ ਮੈਲ ਲਹਿਣੀ ਸ਼ੁਰੂ ਹੋ ਜਾਣੀ ਹੈ।

*'ਚਲਦਾ..........।'*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-20)*

ਹੇ ਸੱਚੇ ਪਾਤਸ਼ਾਹ! ਅਸੀਂ ਲੋਕ ਤਾਂ ਸੁਖ ਮੰਗਦੇ ਹਾਂ। ਵਾਹਿਗੁਰੂ ਜੀ ਆਪਣੇ ਭਾਣੇ ਅਨੁਸਾਰ ਅਸਾਨੂੰ ਦੁਖ ਦੀ ਦਾਤ ਵੰਡ ਰਹੇ ਹਨ ਅਤੇ ਆਪ ਜੀ ਨੇ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਜੀ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਵਾਹਿਗੁਰੂ ਜੀ ਤੁਸੀਂ ਆਪਣੇ ਭਾਣੇ ਵਿਚ ਅਸਾਨੂੰ ਰੱਖੋ। ਜੇ ਤਾਂ ਅਸਾਨੂੰ ਸੁਖ ਦੀ ਪ੍ਰਾਪਤੀ ਹੋਵੇ ਤਾਂ ਵਾਹਿਗੁਰੂ ਜੀ ਦਾ ਭਾਣਾ ਸਾਨੂੰ ਬਹੁਤ ਹੀ ਚੰਗਾ ਲਗਦਾ ਹੈ ਪਰ ਜੇ ਵਾਹਿਗੁਰੂ ਜੀ ਸੁਖ ਦੀ ਥਾਂ ਦੁਖ ਦੀ ਦਾਤ ਦੇਣ, ਉਹ ਅਸਾਨੂੰ ਬਹੁਤ ਹੀ ਬੁਰਾ ਲਗਦਾ ਹੈ। ਹੇ ਸੱਚੇ ਪਾਤਸ਼ਾਹ! ਆਦਮੀ ਦੇ ਮਨ ਵਿਚ ਬਹੁਤ ਹੀ ਵੱਡੀ ਕਮਜ਼ੋਰੀ ਹੈ ਕਿ ਉਹ ਦੁਖ ਤੇ ਸੁਖ ਨੂੰ ਇਕੋ ਜਿਹਾ ਨਹੀਂ ਜਾਣ ਸਕਦਾ, ਆਪ ਜੀ ਨੇ ਫੁਰਮਾਨ ਕੀਤਾ ਹੈ -

***ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ***
***ਹਰਿ ਨਾਮੋ ਦੇਹਿ ਵਡਿਆਈ॥***
***ਪੂਰੇ ਗੁਰ ਤੇ ਭਾਣਾ ਜਾਪੈ***
***ਅਨਦਿਨੁ ਸਹਿਜ ਸਮਾਈ॥ ਅੰਗ - ੧੩੩੩***

ਕੀ ਆਪ ਕ੍ਰਿਪਾ ਕਰਕੇ ਕਿਸੇ ਐਸੇ ਗੁਰਸਿਖ ਦੇ ਪ੍ਰਤੱਖ ਦਰਸ਼ਨ ਕਰਾ ਸਕਦੇ ਹੋ ਜੋ ਅਣ-ਸੁਖਾਵੇਂ ਵਾਤਾਵਰਣ ਵਿਚ ਵੀ ਸੁਖ ਵਾਂਗੂੰ ਹੀ ਦੁਖ ਨੂੰ ਸਮਝਦਾ ਹੋਵੇ ਅਤੇ ਦੁਖ ਆਏ ਤੋਂ ਕਿਸੇ ਪ੍ਰਕਾਰ ਵੀ ਨਾ ਡੋਲੇ। ਇਹ ਬਚਨ ਸੰਗਤਾਂ ਵੀ ਸੁਣ ਰਹੀਆਂ ਸਨ। ਬੇਨਤੀ ਸੁਣ ਕੇ ਐਉਂ ਪ੍ਰਤੀਤ ਦੇ ਰਿਹਾ ਸੀ ਕਿ ਸੰਗਤ ਦੇ ਮਨ ਵਿਚ ਵੀ ਇਹੋ ਅਭਿਲਾਸ਼ਾ ਹੈ। ਗੁਰੂ ਮਹਾਰਾਜ ਜੀ ਨੇ ਸਭ ਦਾ ਆਸ਼ਾ ਜਾਣ ਕੇ ਫੁਰਮਾਨ ਕੀਤਾ ਹੈ ਕਿ ਗੁਰਸਿੱਖੋ! ਅਜਿਹੇ ਬੇਅੰਤ ਗੁਰਸਿਖ ਹਨ ਜਿਹੜੇ ਸੁਖ ਅਤੇ ਦੁਖ ਦੇ ਵਿਚ ਸਮਾਨ ਰਹਿੰਦੇ ਹਨ ਅਤੇ ਨਿਸ਼ਚਲ ਚਿਤ ਹਨ। ਪੂਰਵਜ ਮਹਾਂਪੁਰਸ਼ਾਂ ਨੇ ਵੀ ਅਜਿਹੇ ਗਿਆਨਵਾਨ ਪੁਰਸ਼ਾਂ ਦੇ ਲੱਛਣ ਦਸਦੇ ਹੋਏ ਆਪਣੇ ਬਚਨਾਂ ਰਾਹੀਂ ਸਮਝਾਇਆ ਹੈ। ਕ੍ਰਿਸ਼ਨ ਮਹਾਰਾਜ ਜੀ ਗੀਤਾ ਵਿਚ ਅਰਜਨ ਦੇ ਪੁਛਣ ਤੇ ਦਸਦੇ ਹਨ ਕਿ ਹੇ ਅਰਜਨ! ਗਿਆਨਵਾਨ ਪੁਰਸ਼ ਦੀ ਨੇਸ਼ਠਾ ਦੁਖ-ਸੁਖ ਵਿਚ, ਸੁਖ ਤੇ ਸਨੇਹ ਵਿਚ, ਕੰਚਨ ਤੇ ਮਿੱਟੀ ਵਿਚ ਸਮਾਨ ਰਹਿੰਦੀ ਹੈ। ਉਹ ਦੁਖ ਨੂੰ ਦੁਖ ਨਹੀਂ ਮੰਨਦਾ, ਸੁਖ ਨਾਲ ਉਸ ਦਾ ਕੋਈ ਸਨੇਹ ਨਹੀਂ ਹੋਇਆ ਕਰਦਾ, ਉਹ ਨਾ ਕਿਸੇ ਨੂੰ ਭੈ ਦਿੰਦਾ ਹੈ, ਨਾ ਕਿਸੇ ਤੋਂ ਭੈਮਾਨ ਹੁੰਦਾ ਹੈ, ਨਿੰਦਿਆ ਅਤੇ ਉਸਤਤ ਨਾਲ ਉਸ ਨੂੰ ਕੋਈ ਪ੍ਰਯੋਜਨ ਨਹੀਂ ਹੋਇਆ ਕਰਦਾ। ਲੋਭ, ਮੋਹ, ਅਭਿਮਾਨ, ਹਰਖ ਤੇ ਸੋਗ ਤੋਂ ਨਿਆਰਾ ਰਹਿ, ਮਾਨ ਤੇ ਅਪਮਾਨ ਵਿਚ ਸਮਾਨ ਬਿਰਤੀ ਰਖਦਾ ਹੈ। ਉਹ ਨਾ ਕਿਸੇ ਦੀ ਨਿੰਦਾ ਕਰਦਾ ਹੈ, ਨਾ ਕਿਸੇ ਦੀ ਖੁਸ਼ਾਮਦ ਕਰਨ ਲਈ ਉਸਤਤ ਕਰਦਾ ਹੈ, ਜਿਸ ਨੂੰ ਕਿਸੇ ਕਿਸਮ ਦਾ ਲੋਭ, ਮੋਹ, ਹੰਕਾਰ ਨਹੀਂ ਹੈ, ਖੁਸ਼ੀ ਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ, ਆਦਰ ਤੇ ਨਿਰਾਦਰ ਦੀ ਪ੍ਰਵਾਹ ਨਹੀਂ ਕਰਦਾ, ਆਸ਼ਾਵਾਂ ਤੋਂ ਨਿਰਲੇਪ ਰਹਿੰਦਾ ਹੈ, ਕਾਮ ਤੇ ਕ੍ਰੋਧ ਜਿਸ ਨੂੰ ਛੋਹ ਨਹੀਂ ਸਕਦੇ, ਉਸ ਦੇ ਮਨ ਵਿਚ ਪ੍ਰਭੂ ਦਾ ਪੂਰਨ ਗਿਆਨ ਹੋਇਆ ਕਰਦਾ ਹੈ। ਐਸਾ ਜੋ ਪੁਰਸ਼ ਹੈ ਉਹ ਤਤ੍ਵ ਗਿਆਨੀ ਹੋਇਆ ਕਰਦਾ ਹੈ। ਉਹ ਪ੍ਰਮੇਸ਼ਰ ਦੇ ਨਾਲ ਅਭੇਦ ਅਵਸਥਾ ਵਿਚ ਵਿਚਰ ਰਿਹਾ ਹੁੰਦਾ ਹੈ, ਜਿਸ ਤਰ੍ਹਾਂ ਪਾਣੀ, ਪਾਣੀ ਵਿਚ ਅਭੇਦ ਹੋਇਆ ਕਰਦਾ ਹੈ, ਉਸ ਵਿਚ ਦ੍ਵੈਤ ਦੀ ਕੋਈ ਅੰਸ ਨਹੀਂ ਹੋਇਆ ਕਰਦੀ। ਇਸੇ ਕਿਸਮ ਦੇ ਭਾਵ ਗੁਰਬਾਣੀ ਵਿਚ ਵੀ ਅੰਕਿਤ ਕੀਤੇ ਗਏ ਹਨ ਜਿਵੇਂ ਕਿ-

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਅੰਗ - ੨੭੫***

ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਜੀ ਨੇ ਹੋਰ ਸਪਸ਼ਟ ਕਰਦਿਆਂ ਇਸੇ ਨੂੰ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ***
***ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ॥***
***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ॥***

*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥* *ਅੰਗ - ੬੩੩*

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਭਾਈ ਗੁਰਮੁਖ! ਅਜਿਹੇ ਗੁਰਸਿੱਖ ਦੇ ਜੇ ਦਰਸ਼ਨ ਕਰਨ ਦੀ ਲੋਚਾ ਹੈ ਜੋ ਸੁਖ ਦੁਖ ਨੂੰ ਭਾਵੀ ਦੇ ਅਧੀਨ ਸਮਝ ਕੇ ਪ੍ਰਸੰਨ ਚਿਤ ਰਹਿੰਦਾ ਹੈ ਤਾਂ ਤੂੰ ਗੁਜਰਾਤ ਵਿਚ ਚਲਿਆ ਜਾਹ, ਉਥੇ ਇਕ ਗੁਰਸਿੱਖ ਹੈ ਜਿਸ ਦਾ ਨਾਮ ਭਾਈ ਭਿਖਾਰੀ ਹੈ। ਉਥੋਂ ਤੂੰ ਇਸ ਪ੍ਰਸ਼ਨ ਦਾ ਪ੍ਰਤੱਖ ਸਮਾਧਾਨ ਕਰ ਸਕੇਂਗਾ।

ਭਾਈ ਗੁਰਮੁਖ ਹੁਕਮ ਮੰਨ ਕੇ ਗੁਜਰਾਤ ਨੂੰ ਚਲਿਆ ਜਾਂਦਾ ਹੈ ਅਤੇ ਦੱਸੇ ਪਤੇ ਅਨੁਸਾਰ ਭਾਈ ਭਿਖਾਰੀ ਦੇ ਘਰ ਦਾ ਪਤਾ ਪੁਛ ਕੇ ਚਲਿਆ ਗਿਆ। ਭਾਈ ਭਿਖਾਰੀ ਜੀ ਚੰਗੇ ਧਨਾਢ ਗੁਰਸਿੱਖ ਹਨ। ਹਰ ਵਕਤ ਪ੍ਰਭੂ ਨਾਲ ਇਕਮਿਕ ਹੋਏ-ਹੋਏ ਆਪਣੀ ਬਿਰਤੀ ਉਸ ਦੇ ਪਿਆਰ ਵਿਚ ਲੀਨ ਰਖਦੇ ਹਨ। ਉਸਦਾ ਪਤਾ ਪੁਛ ਕੇ ਜਦੋਂ ਇਕ ਵੱਖਰੇ ਕਮਰੇ ਵਿਚ ਜਿਥੇ ਭਾਈ ਭਿਖਾਰੀ ਜੀ ਉਸ ਸਮੇਂ ਕਾਰਜਸ਼ੀਲ ਸਨ ਉਥੇ ਚਲਿਆ ਗਿਆ। ਕੀ ਦੇਖਦਾ ਹੈ ਕਿ ਭਾਈ ਭਿਖਾਰੀ ਜੀ ਇਕ ਸੀੜੀ ਬਣਾ ਰਹੇ ਹਨ ਜੋ ਮਿਰਤਕ ਸਰੀਰ ਦੇ ਸ਼ਮਸ਼ਾਨ ਭੂਮੀ ਨੂੰ ਜਾਣ ਵੇਲੇ ਕੰਮ ਆਉਂਦੀ ਹੈ ਅਤੇ ਨਾਲ ਹੀ ਦੇਖਦਾ ਹੈ ਕਿ ਇਕ ਵੱਡੀ ਦਰੀ ਗੰਢੀ ਤਰੁੱਪੀ ਪਈ ਹੈ। ਉਸੇ ਕਮਰੇ ਵਿਚ ਮਿਰਤਕ ਦਾ ਸਮਾਨ ਵੀ ਨਜ਼ਰੀ ਪਿਆ ਪਰ ਕੋਈ ਪ੍ਰਸ਼ਨ ਨਾ ਕਰ ਸਕਿਆ। ਭਾਈ ਭਿਖਾਰੀ ਜੀ ਦੇ ਪੁੱਤਰ ਦੀ ਸ਼ਾਦੀ ਦੇ ਸਬੰਧ ਵਿਚ ਪੂਰੇ ਜ਼ੋਰ ਸ਼ੋਰ ਨਾਲ ਤਿਆਰੀ ਹੋ ਰਹੀ ਹੈ। ਬਸਤਰ ਸਿਉਂਣ ਲਈ ਦਰਜੀ ਆਏ ਬੈਠੇ ਹਨ, ਮਠਿਆਈ ਤਿਆਰ ਹੋ ਰਹੀ ਹੈ। ਹਰ ਤਰ੍ਹਾਂ ਨਾਲ ਮੰਗਲ ਦਾ ਘਰ ਵਿਚ ਸਮਾਗਮ ਹੈ, ਖੁਸ਼ੀ ਹੀ ਖੁਸ਼ੀ ਨਜ਼ਰ ਆ ਰਹੀ ਹੈ। ਦੂਸਰੇ ਦਿਨ ਭਾਈ ਭਿਖਾਰੀ ਜੀ ਦੇ ਲੜਕੇ ਦੀ ਬਰਾਤ ਕਿਸੇ ਨਗਰ ਵਿਚ ਵਿਆਹੁਣ ਲਈ ਜਾਣੀ ਸੀ, ਸੋ ਸਾਰਾ ਕੁਝ ਦੇਖ ਕੇ ਭਾਈ ਗੁਰਮੁਖ ਜੀ ਨੇ ਆਪਣਾ ਪਰੀਚਾ ਦਿਤਾ ਕਿ ਮੈਂ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਹੁਕਮ ਨਾਲ ਆਪ ਜੀ ਦੇ ਦਰਸ਼ਨ ਕਰਨ ਲਈ ਭੇਜਿਆ ਗਿਆ ਹਾਂ। ਉਸ ਵੇਲੇ ਭਾਈ ਭਿਖਾਰੀ ਜੀ ਨੇ ਯਥਾਸ਼ਕਤ ਆਦਰ ਦਿਤਾ, ਆਪ ਸ਼ਰਧਾ ਸਹਿਤ ਗੁਰਸਿੱਖ ਦੇ ਚਰਨ ਧੋਤੇ, ਪੰਜ ਇਸ਼ਨਾਨਾ ਕਰਾਇਆ, ਜਲ ਪਾਣੀ ਦੀ ਸੇਵਾ ਕੀਤੀ ਅਤੇ ਐਨੇ ਸਮੇਂ ਵਿਚ ਸ੍ਰੀ ਰਹਿਰਾਸ ਸਾਹਿਬ ਜੀ ਦੇ ਪੜ੍ਹਨ ਦਾ ਸਮਾਂ ਹੋ ਆਇਆ, ਰਹਿਰਾਸ ਸਾਹਿਬ ਜੀ ਦਾ ਪਾਠ ਕੀਤਾ ਗਿਆ। ਗੁਰਸਿੱਖ ਨੂੰ ਸ਼ਰਧਾ ਪੂਰਵਕ ਪ੍ਰਸ਼ਾਦਾ ਛਕਾ ਕੇ ਨਿਵੇਕਲੇ ਕਮਰੇ ਵਿਚ ਵਿਸ਼ਰਾਮ ਕਰਨ ਦਾ ਪ੍ਰਬੰਧ ਕੀਤਾ ਗਿਆ। ਅੰਮ੍ਰਿਤ ਵੇਲੇ ਦੇ ਇਸ਼ਨਾਨ ਲਈ ਬਾਥਰੂਮ (ਇਸ਼ਨਾਨ ਘਰ) ਦਸ ਦਿਤਾ ਗਿਆ ਅਤੇ ਹੋਰ ਅਨੇਕ ਤਰ੍ਹਾਂ ਦੀ ਸ਼ਰਧਾ ਦਾ ਪ੍ਰਦਰਸ਼ਨ ਕਰਕੇ ਵਿਸ਼ਰਾਮ ਲਈ ਆਗਿਆ ਮੰਗੀ ਅਤੇ ਨਾਲ ਹੀ ਬੇਨਤੀ ਕਰ ਦਿਤੀ ਕਿ ਗੁਰੂ ਮਹਾਰਾਜ ਜੀ ਦੀ ਬੜੀ ਪ੍ਰਸੰਨਤਾ ਹੈ ਕਿ ਮੈਨੂੰ ਆਪ ਵਰਗੇ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਮੈਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਦਾ ਹੀ ਪ੍ਰਭਾਵ ਪ੍ਰਤੀਤ ਕੀਤਾ। ਕਲ੍ਹ ਨੂੰ ਮੇਰੇ ਲੜਕੇ ਦੀ ਸ਼ਾਦੀ ਹੈ, ਆਪ ਨੇ ਬਰਾਤ ਵਿਚ ਜਾ ਕੇ ਅਸਾਨੂੰ ਕ੍ਰਿਤਾਰਥ ਕਰਨਾ। ਮਿਤਰ, ਰਥਾਂ, ਘੋੜਿਆਂ ਉਪਰ ਸਵਾਰ ਹੋ ਕੇ ਬਰਾਤ ਲਈ ਵਿਦਾ ਹੋਏ। ਘਰ ਵਿਚ ਬਹੁਤ ਅਨੰਦ ਮੰਗਲ ਦਾ ਸਮਾਗਮ ਬਣਿਆ ਹੋਇਆ ਸੀ ਅਤੇ ਨਿਯਤ ਦਿਨ ਉਪਰ ਚਾਉ ਸਹਿਤ ਮਾਤਾ ਤੇ ਭੈਣਾਂ ਨਵੀਂ ਵਹੁਟੀ ਦੇ ਮਿਲਾਪ ਲਈ ਆਪਣੇ ਆਪ ਨੂੰ ਮਾਨਸਿਕ ਤੌਰ ਉਪਰ ਤਿਆਰ ਕਰ ਰਹੀਆਂ ਸਨ। ਇਕ ਦੋ ਦਿਨਾਂ ਪਿਛੋਂ ਉਹ ਸਮਾਂ ਵੀ ਆ ਗਿਆ ਜਦੋਂ ਬਰਾਤ ਵਾਪਸ ਆ ਗਈ, ਮਾਤਾ ਪਾਣੀ ਵਾਰਨ ਲਈ ਪਾਣੀ ਅਤੇ ਤੇਲ ਆਦਿ ਲਈਂ ਖੜ੍ਹੀ ਸੀ। ਭਾਈ ਭਿਖਾਰੀ ਦੀਆਂ ਲੜਕੀਆਂ ਆਪਣੇ ਵੀਰ ਦੇ ਸਵਾਗਤ ਵਿਚ ਦਰਵਾਜ਼ਾ ਰੋਕ ਕੇ ਮਨ ਇਛਤ ਮਾਇਕ ਪਦਾਰਥ ਪ੍ਰਾਪਤ ਕਰਨ ਦੀਆਂ ਪੂਰੀ ਤਰ੍ਹਾਂ ਇਛੁਕ ਸਨ ਕਿਉਂਕਿ ਖੁਸ਼ੀਆਂ ਦੇ ਸਮੇਂ ਅਜਿਹੀਆਂ ਗੱਲਾਂ ਸੁਭਾਵਿਕ ਹੀ ਹੋਇਆ ਕਰਦੀਆਂ ਹਨ। ਬਰਾਤ ਪਹੁੰਚ ਗਈ, ਉਹ ਰੱਥ ਆ ਗਿਆ ਜਿਸ ਵਿਚ ਲਾੜਾ ਅਤੇ ਲਾੜੀ ਸਵਾਰ ਸਨ। ਸਾਰੇ ਵੇਖ ਰਹੇ ਹਨ ਕਿ ਕਦੋਂ ਲਾੜਾ ਰੱਥ ਤੋਂ ਹੇਠਾਂ ਉਤਰਦਾ ਹੈ ਅਤੇ ਉਸ ਦੇ ਪਿਛੋਂ ਉਸਦੀ ਪਤਨੀ ਉਤਰਦੀ ਹੈ ਪਰ ਸਾਰੇ ਹੈਰਾਨ ਹੋ ਗਏ ਜਦੋਂ ਰੱਥ ਦਾ ਭ਼ੰਮਣ ਭਾਈ ਭਿਖਾਰੀ ਜੀ ਨੇ ਆ ਕੇ ਚੁਕਿਆ ਅਤੇ ਆਪਣੇ ਲੜਕੇ ਦਾ ਕਲਾਵਾ ਭਰ ਕੇ ਆਪਣੀਆਂ ਦੋਹਾਂ ਬਾਹਾਂ ਵਿਚ ਲੈ ਲਿਆ। ਇਕ ਦਮ ਵਾਤਾਵਰਣ ਬਦਲ ਗਿਆ ਅਤੇ ਸਨਾਟਾ ਛਾ ਗਿਆ ਕਿਉਂਕਿ ਉਹ ਲੜਕਾ ਰਸਤੇ ਵਿਚ ਹੀ ਪੇਟ ਵਿਚ ਕੋਈ ਸਖਤ ਦਰਦ ਉਠਣ ਨਾਲ ਚੜ੍ਹਾਈ ਕਰ ਗਿਆ ਸੀ, ਸਾਰੇ ਸ਼ਗਨ ਅਧੂਰੇ ਰਹਿ ਗਏ। ਭਾਈ ਭਿਖਾਰੀ ਜੀ ਨੇ ਆਪਣੇ ਪਰਿਵਾਰ ਨੂੰ ਗੁਰੂ ਮਹਾਰਾਜ ਜੀ ਦਾ ਭਾਣਾ ਮੰਨਣ ਦਾ ਆਦੇਸ਼ ਦਿਤਾ ਅਤੇ ਪਰਿਵਾਰ ਪੂਰੀ ਤਰ੍ਹਾਂ ਗੁਰੂ ਮਹਾਰਾਜ ਉਪਰ ਸ਼ਰਧਾ ਰੱਖਣ ਵਾਲਾ ਸੀ ਪਰ ਫੇਰ ਵੀ ਪੁੱਤਰ ਵਿਜੋਗ ਮਹਿਸੂਸ ਕਰਕੇ ਮਾਤਾ ਦੇ ਨੇਤਰਾਂ ਅੱਗੇ ਕਾਲੇ ਚੱਕਰ ਘੁੰਮਣ ਲੱਗੇ ਤੇ ਇਕ ਦਮ ਬਹੁਤ ਵੱਡਾ ਝਟਕਾ ਲਗਿਆ ਜਿਸ ਨੂੰ ਸਹਿ ਜਾਣਾ ਮਨੁੱਖ ਲਈ ਬਹੁਤ ਹੀ ਔਖਾ ਹੋ ਜਾਇਆ ਕਰਦਾ ਹੈ। ਪਰ ਛੇਤੀ ਹੀ ਗੁਰੂ ਪਿਆਰ ਵਿਚ ਰੱਤੀ ਸੰਭਲ ਗਈ ਅਤੇ ਅਰਦਾਸ ਕਰਨ ਲੱਗੀ ਕਿ ਪਾਤਸ਼ਾਹ! ਸੰਜੋਗ ਵੀ ਤੂੰ ਹੀ ਕਰਾਉਂਦਾ ਹੈਂ, ਵਿਜੋਗ ਵੀ ਤੇਰੇ ਭਾਣੇ ਵਿਚ ਹੀ ਹੁੰਦੇ ਹਨ। ਤੂੰ ਕ੍ਰਿਪਾ ਕਰ ਕਿਤੇ ਅਸੀਂ ਅਲਪੱਗ ਜੀਵ ਦੁਖਾਂ ਦੀ ਥਪੇੜ ਸਹਿੰਦੇ ਹੋਏ ਤੇਰੇ ਤੋਂ ਦੂਰ ਨਾ ਹੋ ਜਾਈਏ।

ਪਾਤਸ਼ਾਹ! ਤੇਰਾ ਹੀ ਭਰੋਸਾ ਹੈ, ਜੋ ਤੂੰ ਕਰਦਾ ਹੈਂ ਸੋ ਪ੍ਰਵਾਨ ਹੈ। ਭਾਈ ਭਿਖਾਰੀ ਜੀ ਉਸੇ ਸਮੇਂ ਰਿਸ਼ਤੇਦਾਰਾਂ, ਸਬੰਧੀਆਂ ਦੇ ਬੈਠਣ ਲਈ ਉਹ ਵੱਡੀ ਦਰੀ ਜੋ ਉਨ੍ਹਾਂ ਨੇ ਪਹਿਲਾਂ ਹੀ ਗੰਢ-ਤਰੁੱਪ ਕੇ ਤਿਆਰ ਕੀਤੀ ਹੋਈ ਸੀ, ਵਿਛਾ ਦਿਤੀ। ਸਾਰੇ ਰਿਸ਼ਤੇਦਾਰ ਸਬੰਧੀ ਉਥੇ ਹੀ ਸਨ ਆਪ ਨੇ ਬੇਨਤੀ ਕੀਤੀ ਕਿ ਪਿਆਰਿਓਂ! ਦਿਨ ਥੋੜ੍ਹਾ ਹੀ ਰਹਿ ਰਿਹਾ ਹੈ ਕਿ ਕਾਕੇ ਦਾ ਇਸ਼ਨਾਨ ਕਰਾ ਕੇ ਹੁਣੇ ਹੀ ਸ਼ਮਸ਼ਾਨ ਭੂਮੀ ਜਾਇਆ ਜਾਵੇ। ਬਹੁਤ ਪ੍ਰੇਮੀਆਂ ਦੇ ਨੇਤਰਾਂ ਵਿਚੋਂ ਜਲ ਛਮਾ-ਛਮ ਵਹਿ ਰਿਹਾ ਸੀ। ਬੋਲਣ ਦੀ ਸਤਾ ਹੀ ਖਤਮ ਹੋ ਚੁਕੀ ਸੀ। ਹੈਰਾਨ ਸਨ ਕਿ ਇਹ ਕੀ ਭਾਣਾ ਵਰਤ ਗਿਆ। ਖੁਸ਼ੀਆਂ ਵਿਚ ਵਜਣ ਵਾਲੀਆਂ ਸ਼ਹਿਨਾਈਆਂ ਮਾਤਮ ਸੁਰ ਵਿਚ ਬੋਲ ਰਹੀਆਂ ਹਨ। ਸੋ ਉਸੇ ਸਮੇਂ ਸਸਕਾਰ ਕੀਤਾ ਗਿਆ। ਭਾਈ ਭਿਖਾਰੀ ਜੀ ਘਰ ਵਾਪਸ ਮੁੜ ਆਏ ਅਤੇ ਸਭਨਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰੇ ਰਿਸ਼ਤੇਦਾਰ ਹੋ, ਗੁਰੂ ਦੀ ਸਿੱਖੀ ਤੁਹਾਨੂੰ ਪ੍ਰਾਪਤ ਹੈ, ਦੁਖ ਸੁਖ ਉਸਦੇ ਭਾਣੇ ਵਿਚ ਹੀ ਹੁੰਦਾ ਹੈ। ਜੋ ਉਸ ਦੇ ਭਾਣੇ ਨੂੰ ਮੰਨਦਾ ਹੈ ਉਹ ਪ੍ਰਭੂ ਨੂੰ ਭਾਉਂਦਾ ਹੈ। ਪ੍ਰਸ਼ਾਦਾ ਛਕਣਾ ਸਰੀਰਕ ਰਖਸ਼ਾ ਲਈ ਬਹੁਤ ਜ਼ਰੂਰੀ ਹੈ। ਸੋ ਆਪ, ਜੋ ਭੋਜਨ ਬਣਾਇਆ ਹੋਇਆ ਹੈ ਸਾਰੇ ਛਕੋ। ਭਾਈ ਭਿਖਾਰੀ ਜੀ ਨੇ ਭਾਈ ਗੁਰਮੁਖ ਜੀ ਨੂੰ ਪ੍ਰਸ਼ਾਦਾ ਛਕਾਇਆ। ਭਾਈ ਗੁਰਮੁਖ ਦੇ ਮਨ ਉਪਰ ਬਹੁਤ ਧੱਕਾ ਲੱਗਿਆ ਅਤੇ ਉਹ ਬੋਲਣਾ ਨਹੀਂ ਚਾਹੁੰਦੇ ਸਨ। ਭਾਈ ਭਿਖਾਰੀ ਜੀ ਨੇ ਸਾਰੇ ਪਰਿਵਾਰ ਨੂੰ ਬਿਠਾ ਕੇ ਰਹਿਰਾਸ ਸਾਹਿਬ ਜੀ ਦਾ ਪਾਠ ਆਪਣੇ ਮੁਖਾਰਬਿੰਦ ਤੋਂ ਸਰਵਣ ਕਰਵਾਇਆ ਅਤੇ ਗੁਰਮਤਿ ਸਿਧਾਂਤਾਂ ਦਾ ਨਿਰੂਪਣ ਕਰਦੇ ਹੋਏ ਦਸਿਆ ਕਿ ਇਹ ਸਭ ਕੁਝ ਇਸੇ ਤਰ੍ਹਾਂ ਹੀ ਹੋਣਾ ਸੀ। ਇਸ ਵਿਚ ਕੁਝ ਭੀ ਬਦਲਿਆ ਨਹੀਂ ਸੀ ਜਾਣਾ। ਅਜਿਹੇ ਬਚਨ ਸੁਣ ਕੇ ਕੁਝ ਧਰਵਾਸ ਸਾਰਿਆਂ ਨੂੰ ਮਹਿਸੂਸ ਹੋਇਆ।

ਦੂਸਰਾ ਦਿਨ ਆਇਆ, ਉਸ ਵੇਲੇ ਭਾਈ ਗੁਰਮੁਖ ਜੀ ਨੇ ਕਿਹਾ ਕਿ ਭਾਈ ਭਿਖਾਰੀ ਜੀ! ਤੁਸੀਂ ਮਿਰਤਕ ਦਾ ਸਮਾਨ ਪਹਿਲਾਂ ਹੀ ਮੰਗਾ ਕੇ ਰਖਿਆ ਹੋਇਆ ਸੀ। ਇਸ ਤੋਂ ਪ੍ਰਤੀਤ ਦਿੰਦਾ ਹੈ ਕਿ ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਮੇਰੇ ਲੜਕੇ ਨੇ ਸਵਰਗਵਾਸ ਹੋ ਜਾਣਾ ਹੈ ਅਤੇ ਸਸਕਾਰ ਕਰਨ ਲਈ ਸਮੱਗਰੀ ਕਿਤੋਂ ਲਿਆਉਣੀ ਨਹੀਂ ਪੈਣੀ। ਮੇਰਾ ਇਹ ਪੱਕਾ ਨਿਸ਼ਚਾ ਹੈ ਪਰ ਮੇਰੇ ਮਨ ਵਿਚ ਇਕ ਬੜਾ ਭਾਰੀ ਸ਼ੰਕਾ ਪੈਦਾ ਹੋ ਗਿਆ ਹੈ। ਜੇ ਤੁਹਾਨੂੰ ਪਤਾ ਸੀ ਤਾਂ ਤੁਸੀਂ ਲੜਕੇ ਦੀ ਸ਼ਾਦੀ ਨਹੀਂ ਕਰਨੀ ਸੀ ਅਤੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਜਾ ਕੇ ਇਸ ਦੀ ਲੰਮੇਰੀ ਉਮਰ ਦੀ ਜਾਚਨਾ ਕਰਨੀ ਇਕ ਪਿਤਾ ਨੂੰ ਸ਼ੋਭਦੀ ਹੈ। ਹੁਣ ਬੱਚਾ ਚਲਿਆ ਗਿਆ, ਘਰ ਵਿਚ ਪੂਰੀ ਤਰ੍ਹਾਂ ਹਨ੍ਹੇਰਾ ਪੈਦਾ ਹੋ ਗਿਆ ਹੈ, ਮੇਰੇ ਤੋਂ ਤਾਂ ਇਹ ਗੱਲ ਸਹਿਨ ਨਹੀਂ ਹੋ ਸਕਦੀ ਅਤੇ ਮੈਂ ਹੈਰਾਨ ਹਾਂ ਕਿ ਤੁਸੀਂ ਆਪਣੇ ਲੜਕੇ ਦੀ ਲੰਮੇਰੀ ਉਮਰ ਗੁਰੂ ਮਹਾਰਾਜ ਜੀ ਤੋਂ ਕਿਉਂ ਨਾ ਮੰਗੀ? ਉਸ ਵੇਲੇ ਭਾਈ ਭਿਖਾਰੀ ਜੀ ਨੇ ਭਾਈ ਗੁਰਮੁਖ ਨੂੰ ਕਿਹਾ ਕਿ ਭਾਈ ਗੁਰਮੁਖ ਜੀ! ਇਹ ਸਾਰੇ ਸੰਸਾਰ ਦੀ ਖੇਡ ਵਿਚ ਦੋ ਸ਼ਕਤੀਆਂ ਅਟੱਲ ਨਿਯਮ ਅਨੁਸਾਰ ਕੰਮ ਕਰ ਰਹੀਆਂ ਹਨ ਇਕ ਨੂੰ ਸੰਜੋਗ ਆਖਦੇ ਹਨ ਅਤੇ ਦੂਜੀ ਨੂੰ ਵਿਜੋਗ ਆਖਦੇ ਹਨ। ਇਸ ਸੰਸਾਰ ਦਾ ਪ੍ਰਵਾਹ ਉਸੇ ਤਰ੍ਹਾਂ ਨਾਲ ਚਲ ਰਿਹਾ ਹੈ ਜਿਵੇਂ ਇਕ ਤੇਜ਼ ਰਫਤਾਰ ਵਾਲੀ ਨਦੀ ਆਪਣੇ ਕੰਢਿਆਂ ਨੂੰ ਭੰਨਦੀ ਹੋਈ ਚਲ ਰਹੀ ਹੋਵੇ, ਉਸਦੀਆਂ ਪੈਣ ਵਾਲੀਆਂ ਘੁੰਮਣ ਘੇਰੀਆਂ ਇਕ ਥਾਂ ਤੋਂ ਰੇਤ ਨੂੰ ਚੁਕ ਲੈਂਦੀਆਂ ਹਨ ਅਤੇ ਦੂਜੇ ਥਾਂ ਛੱਡ ਦਿੰਦੀਆਂ ਹਨ। ਇਸੇ ਤਰ੍ਹਾਂ ਕਿਸੇ ਹੋਰ ਥਾਂ ਤੋਂ ਚੁਕ ਕੇ ਕਿਤੇ ਹੋਰ ਰੱਖ ਦਿੰਦੀਆਂ ਹਨ। ਇਸੇ ਤਰ੍ਹਾਂ ਨਾਲ ਸੰਸਾਰ ਦਾ ਪ੍ਰਵਾਹ ਚਲ ਰਿਹਾ ਹੈ। ਜਿੰਨੇ ਵੀ ਜੀਵ ਸੰਸਾਰ ਵਿਚ ਆਪਣੇ ਨਾਲ ਸਬੰਧਤ ਦੇਖਦੇ ਹਨ ਇਹ ਸਾਰੇ ਸੰਜੋਗ ਸ਼ਕਤੀ ਨਾਲ ਮਿਲਦੇ ਹਨ ਅਤੇ ਜਦੋਂ ਵਿਜੋਗ ਸ਼ਕਤੀ ਆਪਣੀ ਸਤਾ ਦਿਖਾਉਂਦੀ ਹੈ ਤਾਂ ਉਹ ਮੇਲ ਨੂੰ ਵਿਛੋੜੇ ਵਿਚ ਬਦਲ ਦਿੰਦੀ ਹੈ। ਇਹ ਜੀਵ ਇਕੱਲਾ ਹੀ ਆਉਂਦਾ ਹੈ, ਇਕੱਲੇ ਹੀ ਜਾਂਦਾ ਹੈ ਅਤੇ ਆਪਣੇ ਕੀਤੇ ਕਰਮ ਇਕੱਲੇ ਨੇ ਹੀ ਭੋਗਣੇ ਹਨ, ਕੋਈ ਕਿਸੇ ਦੀ ਸਹਾਇਤਾ ਨਹੀਂ ਕਰਦਾ।

***ਮਾਤ ਪਿਤਾ ਬਨਿਤਾ ਸੁਤ ਬੰਧਪ***
***ਇਸਟ ਮੀਤ ਅਰੁ ਭਾਈ॥***
***ਪੂਰਬ ਜਨਮ ਕੇ ਮਿਲੇ ਸੰਜੋਗੀ***
***ਅੰਤਹਿ ਕੋ ਨ ਸਹਾਈ॥ ਅੰਗ - ੭੦੦***

ਮਿਲਣਾ ਤੇ ਵਿਛੜਨਾ ਜਦੋਂ ਪ੍ਰਭੂ ਦੀ ਮਰਜ਼ੀ ਅਨੁਸਾਰ ਹੋਣਾ ਹੀ ਹੈ ਤਾਂ ਇਹ ਹੋ ਕੇ ਹੀ ਰਹਿੰਦਾ ਹੈ। ਅਸੀਂ ਪ੍ਰਭੂ ਨੂੰ ਪਿਆਰ ਕਰਨ ਵਾਲੇ ਉਸ ਦੀ ਰਜ਼ਾ ਨੂੰ ਮੰਨ ਕੇ ਹੀ ਉਸ ਨਾਲ ਜੁੜੇ ਰਹਿ ਸਕਦੇ ਹਾਂ। ਜਦੋਂ ਅਸਾਡੀ ਮਰਜ਼ੀ ਪ੍ਰਭੂ ਦੀ ਮਰਜ਼ੀ ਤੋਂ ਉਲਟ ਹੋ ਜਾਂਦੀ ਹੈ ਉਸ ਵੇਲੇ ਪ੍ਰੀਤ ਟੁੱਟ ਜਾਇਆ ਕਰਦੀ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ।। ਅੰਗ - ੭੫੭***

ਭਾਈ ਗੁਰਮੁਖ ਜੀ! ਗੁਰੂ ਮਹਾਰਾਜ ਜੀ ਦੇ ਆਦੇਸ਼ ਮੁਤਾਬਿਕ ਅਸਾਨੂੰ ਦੁਖ ਅਤੇ ਸੁਖ ਵਿਚ ਸਮ ਰਹਿਣਾ ਪ੍ਰਭੂ ਨੂੰ ਭਾਉਂਦਾ ਹੈ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਸੁਖੁ ਦੁਖੁ ਜਿਹ ਪਰਸੈ ਨਹੀ***
***ਲੋਭੁ ਮੋਹੁ ਅਭਿਮਾਨੁ॥***
***ਕਹੁ ਨਾਨਕ ਸੁਨੁ ਰੇ ਮਨਾ***
***ਸੋ ਮੂਰਤਿ ਭਗਵਾਨ॥ ਅੰਗ -੧੪੨੬***

ਕ੍ਰਿਸ਼ਨ ਮਹਾਰਾਜ ਜੀ ਨੇ ਗੀਤਾ ਵਿਚ ਫੁਰਮਾਇਆ

ਹੈ ਕਿ ਜਿਸਦੀ ਬਿਰਤੀ ਸ਼ਤਰੂ ਅਤੇ ਮਿਤਰ, ਮਾਨ ਅਤੇ ਅਪਮਾਨ ਸਮੇਂ ਸਮ ਹੈ ਤਥਾ ਗਰਮੀ ਸਰਦੀ ਦੁਖ ਸੁਖ ਆਦਿ ਦ੍ਵੰਦਾਂ ਵਿਚ ਸਮ ਰਹਿੰਦੀ ਹੈ ਅਤੇ ਪਕੜ ਰਹਿਤ ਹੈ, ਨਿੰਦਾ ਉਸਤਤ ਨੂੰ ਸਮਾਨ ਸਮਝਦਾ ਹੈ। ਵਾਹਿਗੁਰੂ ਜੀ ਵਿਚ ਸਦਾ ਲੀਨ ਰਹਿਣ ਵਾਲਾ, ਸਾਰੇ ਦ੍ਵੰਦਾਂ ਤੋਂ ਰਹਿਤ ਜੋ ਹੈ ਉਹ ਇਸਥਿਰ ਬੁੱਧੀ ਵਾਲਾ ਪੁਰਸ਼ ਮੈਨੂੰ ਬਹੁਤ ਹੀ ਪਿਆਰਾ ਹੈ, ਸਰਦੀ ਗਰਮੀ, ਸੁਖ, ਦੁਖ, ਮਾਨ, ਅਪਮਾਨ ਵਿਚ ਜਿਨ੍ਹਾਂ ਦਾ ਚਿਤ ਨਿਰਵਿਕਾਰ ਅਤੇ ਸ਼ਾਂਤ ਰਹਿੰਦਾ ਹੈ ਅਤੇ ਜੋ ਆਪਣੇ ਸਰੂਪ ਵਿਚ ਲੀਨ ਰਹਿੰਦੇ ਹਨ, ਐਸਾ ਇੰਦ੍ਰਿਆਂ ਨੂੰ ਜਿੱਤਣ ਵਾਲਾ ਪੁਰਸ਼ ਜੀਵਨ ਮੁਕਤ ਅਵਸਥਾ ਨੂੰ ਮਾਣਦਾ ਹੈ। ਗੁਰੂ ਮਹਾਰਾਜ ਜੀ ਨੇ ਸਿੱਖ ਨੂੰ ਉਚਾ ਚੁਕਣ ਲਈ ਦੁਖ ਦਾਰੂ ਦੇ ਰੂਪ ਵਿਚ ਬਖਸ਼ਿਆ ਹੈ। ਸੁਖ ਨੂੰ ਰੋਗ ਨਾਲ ਬਰਾਬਰੀ ਦਿੰਦੇ ਹਨ -

***ਦੁਖੁ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ॥***
***ਤੂੰ ਕਰਤਾ ਕਰਣਾ ਮੈ ਨਾਹੀ***
***ਜਾ ਹਉ ਕਰੀ ਨ ਹੋਈ॥ ਅੰਗ - ੪੬੯***

ਇਕ ਐਸੀ ਕਥਾ ਗੁਰੂ ਦਸ਼ਮੇਸ਼ ਪਿਤਾ ਜੀ ਦੇ ਨਾਲ ਸਬੰਧਤ ਹੈ ਕਿ ਆਪ ਜੀ ਤੋਂ ਇਕ ਦਿਨ ਗੁਰਸਿੱਖਾਂ ਨੇ ਪ੍ਰਸ਼ਨ ਕਰਕੇ ਪੁਛਿਆ ਕਿ ਜਿਸ ਉਪਰ ਆਪ ਦੀ ਦਇਆਲਤਾ ਹੋਵੇ ਉਸਦੀ ਕੀ ਨਿਸ਼ਾਨੀ ਹੋਇਆ ਕਰਦੀ ਹੈ ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਅਸਾਡੀ ਦਇਆਲਤਾ ਜਿਸ ਉਪਰ ਹੋ ਜਾਇਆ ਕਰਦੀ ਹੈ ਤਾਂ ਉਸ ਦੇ ਰੋਗ ਸੋਗ ਖਤਮ ਕਰ ਦਿਤੇ ਜਾਂਦੇ ਹਨ, ਉਸਦੇ ਕਾਰਜ ਸੁਤੇ ਸਿੱਧ ਚਲ ਪੈਂਦੇ ਹਨ, ਉਸ ਦਾ ਮਾਣ ਸੰਸਾਰ ਵਿਚ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਸੁਖਾਂ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਗੁਰੂ ਪਾਸ ਅਨੇਕਾਂ ਫਲ ਹਨ। ਐਨੀ ਗੱਲ ਸੁਣ ਕੇ ਸਾਰੇ ਚੁੱਪ ਹੋ ਗਏ, ਗੱਲ ਕਿਸੇ ਕਿਨਾਰੇ ਨਾ ਲੱਗੀ, ਦੁਬਾਰਾ ਫੇਰ ਬੇਨਤੀ ਕੀਤੀ ਗਈ ਕਿ ਮਹਾਰਾਜ ਜੀ! ਜੇ ਆਪ ਦੀ ਮਹਾਨ ਖੁਸ਼ੀ ਹੋ ਜਾਵੇ ਫੇਰ ਕੀ ਨਿਸ਼ਾਨੀ ਹੋਇਆ ਕਰਦੀ ਹੈ ? ਉਸ ਵੇਲੇ ਆਪ ਨੇ ਫੁਰਮਾਇਆ ਕਿ ਗੁਰਸਿੱਖੋ! ਇਥੇ ਦੋ ਹਾਲਤਾਂ ਹੁੰਦੀਆਂ ਹਨ, ਇਕ ਤਾਂ ਇਹ ਹੈ ਕਿ ਗੁਰਸਿੱਖ ਦਾਤ ਪ੍ਰਾਪਤ ਕਰਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਭਜਨ ਬੰਦਗੀ ਕਰਨ ਲਗ ਜਾਂਦਾ ਹੈ, ਪਰਉਪਕਾਰ ਕਰਦਾ ਹੈ ਅਤੇ ਲੋਕਾਂ ਨੂੰ ਸ਼ੁਭ ਮਤ ਦਿੰਦਾ ਪ੍ਰੇਰਨਾ ਕਰਦਾ ਹੈ ਕਿ ਉਹ ਨਿਗੁਰੇ ਨਾ ਰਹਿਣ, ਗੁਰੂ ਵਾਲੇ ਬਣਨ ਆਪਣਾ ਜੀਵਨ ਮਨੋਰਥ ਪ੍ਰਾਪਤ ਕਰਨ ਜੋ ਬਹੁਤ ਸਪਸ਼ਟ ਹੈ-

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅੰਗ - ੧੨***

ਐਸੇ ਗੁਰਸਿੱਖ ਉਪਰ ਅਸਾਡੀ ਕ੍ਰਿਪਾ ਹੁੰਦੀ ਹੈ, ਅਸੀਂ ਉਸ ਨੂੰ ਅਧਿਆਤਮਕ ਜੀਵਨ ਦੀ ਬਖਸ਼ਿਸ਼ ਕਰ ਦਿੰਦੇ ਹਾਂ ਉਸ ਨੂੰ ਨਾਮ ਸਿਮਰਨ ਵਿਚ ਲਾ ਕੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੀਆਂ ਅਵਸਥਾਵਾਂ ਵਿਚ ਲੰਘਾਉਂਦੇ ਸਨੇ-ਸਨੇ ਆਤਮ ਦਰਸ਼ੀ ਮੰਡਲ ਵਿਚ ਪਹੁੰਚਾ ਦਿਆ ਕਰਦੇ ਹਾਂ ਅਤੇ ਉਸ ਦੀ ਦ੍ਰਿੜ੍ਹਤਾ ਤੇ ਲਗਨ ਦੇਖ ਕੇ ਉਸ ਦਾ ਜੀਵ ਭਾਵ ਖਤਮ ਕਰਕੇ ਆਪਣੇ ਪ੍ਰਮ ਚੇਤਨ ਸਦਾ ਅਭਿਨਾਸੀ ਪਦ ਦਾ ਅਧਿਕਾਰੀ ਬਣਾ ਕੇ ਆਪਣੇ ਨਾਲ ਅਭੇਦ ਕਰ ਲਿਆ ਕਰਦੇ ਹਾਂ। ਯਾਨਿ ਕਿ ਉਸ ਨੂੰ ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਦ੍ਵੈਤ ਖਤਮ ਹੋ ਕੇ ਉਹ ਪ੍ਰਮੇਸ਼ਰ ਦਾ ਰੂਪ ਹੋ ਜਾਇਆ ਕਰਦਾ ਹੈ। ਜਿਸ ਤਰ੍ਹਾਂ ਅਸੀਂ ਦਸਿਆ ਹੈ ਕਿ -

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ। ਸਰਬ ਲੋਹ ਗ੍ਰੰਥ***

ਇਹ ਅਵਸਥਾ ਦੀ ਪ੍ਰਾਪਤੀ ਹੋ ਜਾਣੀ ਅਸਾਡੀ ਪ੍ਰਮ ਪ੍ਰਸੰਨਤਾ ਕਾਰਨ ਹੋਇਆ ਕਰਦੀ ਹੈ। ਜੇ ਕੋਈ ਗੁਰਸਿੱਖ ਇਸ ਦੇ ਵਿਪਰੀਤ ਗੁਰੂ ਕੋਲੋਂ ਮਨ ਮੰਗੀਆਂ ਦਾਤਾਂ ਪ੍ਰਾਪਤ ਕਰਕੇ ਵਿਮੁਖ ਹੋ ਜਾਵੇ ਅਤੇ ਦਾਤ ਵਿਚ ਪਰਚ ਜਾਵੇ, ਭਜਨ ਬੰਦਗੀ ਤੇ ਨਿਤਨੇਮ ਤੇ ਸ਼ੁਭ ਆਚਰਣ ਛੱਡ ਕੇ ਸ਼ਰਾਬਾਂ ਕਬਾਬਾਂ ਵਿਚ ਮਸਤ ਹੋ ਜਾਵੇ, ਦਾਤ ਨੂੰ ਪਿਆਰੀ ਜਾਣ ਕੇ ਦਾਤਾਰ ਨੂੰ ਪੂਰੀ ਤਰ੍ਹਾਂ ਭੁਲਾ ਦੇਵੇ ਫੇਰ ਐਸਾ ਵੀ ਹੋ ਜਾਇਆ ਕਰਦਾ ਹੈ ਕਿ ਉਹ ਅਸਾਡੇ ਨਾਲੋਂ ਸਬੰਧ ਤੋੜ ਕੇ ਨਰਕਾਂ ਦੇ ਫਲ ਭੋਗਦਾ ਫਿਰਦਾ ਹੈ। ਜੇ ਉਸ ਨੂੰ ਆਪਣੇ ਕੀਤੇ ਹੋਏ ਬੇਮੁਖਤਾਈ ਦੇ ਕਰਮਾਂ ਉਪਰ ਪਸ਼ਚਾਤਾਪ ਹੋ ਜਾਵੇ ਤਾਂ ਅਸੀਂ ਉਸ ਦੇ ਹਿਰਦੇ ਦੀ ਵੇਦਨਾ ਨੂੰ ਅਨੁਭਵ ਕਰਕੇ ਉਸ ਨੂੰ ਇਸ ਮਾਇਆ ਦੀ ਦਲਦਲ ਵਿਚੋਂ ਕੱਢਣ ਵਾਸਤੇ ਦੁਖ ਦੀ ਜੰਜੀਰ ਭੇਜ ਦਿਆ ਕਰਦੇ ਹਾਂ। ਉਸ ਵੇਲੇ ਉਸ ਨੂੰ ਜੋ ਦੁੱਖ ਪ੍ਰਾਪਤ ਹੁੰਦੇ ਹਨ, ਉਹ ਅਸਾਡੀ ਪ੍ਰਸੰਨਤਾ ਕਰਕੇ ਹੀ ਹੋਇਆ ਕਰਦੇ ਹਨ। ਉਹ ਇਕ ਤਰ੍ਹਾਂ ਦੀ ਉਚੇ ਜੀਵਨ ਵਿਚ ਮੁੜ ਪ੍ਰਵੇਸ਼ ਕਰਨ ਲਈ ਅਸਾਡੇ ਵਲੋਂ ਦਾਤ ਹੋਇਆ ਕਰਦੀ ਹੈ ਜਿਵੇਂ ਕਿ ਫੁਰਮਾਨ ਹੈ -

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥***
***ਅੰਗ - ੫***

ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸਾਰੀ ਸੰਗਤ ਨੂੰ ਸਮਝਾਇਆ ਕਿ ਜਿਵੇਂ ਮਰੀਜ਼ ਬਿਮਾਰ ਹੋ ਜਾਂਦਾ ਹੈ, ਕਈ ਵਾਰੀ ਉਸ ਨੂੰ ਬਹੁਤ ਕੌੜੀਆਂ ਦਵਾਈਆਂ ਦੇਣੀਆਂ ਪੈਂਦੀਆਂ ਹਨ ਜੋ ਸਰੀਰ ਵਿਚ ਜਾ ਕੇ ਸਾਰੇ ਵਿਕਾਰਾਂ ਨੂੰ ਸਾਫ ਕਰਦੀਆਂ ਹਨ ਜਿਸ ਦੇ ਫਲਸਰੂਪ ਸਰੀਰ ਸਵਸਥ ਹੋ ਜਾਇਆ ਕਰਦਾ ਹੈ। ਇਸੇ ਤਰ੍ਹਾਂ ਨਾਲ ਆਪਣੇ ਸਿੱਖ ਨੂੰ ਉਚਾ ਚੁਕਣ ਲਈ ਗੁਰੂ ਦੁਖ ਦੀ ਜੰਜੀਰ ਭੇਜ ਦਿਆ ਕਰਦਾ ਹੈ। ਦੁਖ ਨੂੰ ਵਾਹਿਗੁਰੂ ਦੀ ਦਾਤ ਜਾਨਣ ਵਾਲੇ ਬਹੁਤ ਹੀ ਘਟ ਹੋਇਆ ਕਰਦੇ ਹਨ।

*'ਚਲਦਾ....'।*

# ਮਰਣਹਾਰੁ ਇਹੁ ਜੀਅਰਾ ਨਾਹੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

ਸ਼ਾਨ –......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਧਾਰਨਾ – ਲਾਡ ਲਡਾਇਆ, ਤੇਰੇ ਭਰੋਸੇ ਮੈਂ।*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥*
*੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥ ੨੭॥੯੭ ॥*

*ਅੰਗ– ੫੧*

*ਧਾਰਨਾ – ਗੁਰ ਕੀ ਪਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ਅੰਗ– ੨੮੩*

ਕਾਰੋਬਾਰ ਸੰਕੋਚਦੇ ਹੋਏ ਆਪ ਹਫ਼ਤਾ ਵਾਰੀ ਦੀਵਾਨ ਵਿਚ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਦਾ ਸਦਕਾ, ਸੰਗਤ ਵਿਚ ਸਸ਼ੋਭਤ ਹੋਂ। ਗੁਰੂ ਦੀ ਪਰਤੀਤ ਦਾ ਜ਼ਿਕਰ ਆਇਆ ਹੈ ਕਿਉਂਕਿ ਜਿੰਨੀ ਜ਼ਿਆਦਾ ਪਰਤੀਤ ਗੁਰੂ ਉਪਰ ਹੁੰਦੀ ਹੈ, ਓਨਾਂ ਹੀ ਫਲ ਵੱਧ ਹੋਇਆ ਕਰਦੈ।

*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*

*ਭਾਈ ਗੁਰਦਾਸ ਜੀ*

ਚਾਰ ਕਿਸਮ ਦੀ ਪਰਤੀਤ ਹੋਇਆ ਕਰਦੀ ਹੈ। ਪਹਿਲੀ ਪਰਤੀਤ ਹੋਇਆ ਕਰਦੀ ਹੈ ਕਿ ਮੇਰਾ ਗੁਰੂ ਜੋ ਹੈ ਉਹ ਚੰਗਾ ਸੰਤ ਹੈ। ਦੂਸਰੀ ਜੋ ਹੋਇਆ ਕਰਦੀ ਹੈ ਕਿ ਮੇਰਾ ਗੁਰੂ ਜੋ ਸਭ ਸੰਤਾਂ ਤੋਂ ਵੱਡਾ ਸੰਤ ਹੈ। ਤੀਸਰੀ ਪਰਤੀਤ ਹੋਇਆ ਕਰਦੀ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ। ਚੌਥੀ ਪਰਤੀਤ ਹੋਇਆ ਕਰਦੀ ਹੈ ਕਿ ਮੇਰਾ ਗੁਰੂ ਤੇ ਰੱਬ ਦੋ ਨਹੀਂ ਹਨ, ਇਕੋ ਹੀ ਨੇ।

ਸ੍ਰੀ ਗੁਰੂ ਅੰਗਦ ਸਾਹਿਬ ਪਾਤਸ਼ਾਹ ਸੰਗਤ ਵਿਚ ਬੈਠੇ ਨੇ। ਅਚਾਨਕ ਆਪ ਨੇ ਭਾਈ ਬਾਲਾ ਜੀ ਨੂੰ ਮੁਖਾਤਬ ਕਰਕੇ ਕਿਹਾ, ਕਹਿੰਦੇ ਭਾਈ ਬਾਲਾ! ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਨੌਆਂ ਖੰਡਾਂ, ਸੱਤਾਂ ਦੀਪਾਂ, ਜਿਥੇ ਤਕ ਵੀ ਆਬਾਦੀ ਸੀ, ਉਸ ਵੇਲੇ ਦੁਨੀਆਂ ਦੀ, ਚਾਹੇ ਕਿੰਨੇ ਹੀ ਵੱਡੇ ਆਦਮੀ ਨੇ, ਸਾਰਿਆਂ ਦੇ ਵਿਚ ਰਹੇ ਨੇ। ਤੁਸੀਂ ਸ੍ਰੀ ਗੁਰੂ ਨਾਨਕ ਮਹਾਰਾਜ ਦੇ ਅਨੇਕਾਂ ਹੀ ਕੌਤਕ ਦੇਖੇ ਨੇ। ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਸਮਝਦੇ ਕੀ ਰਹੇ?

ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਸੰਤ ਸਨ।

ਮਹਾਰਾਜ ਕਹਿਣ ਲੱਗੇ, ਚੰਗਾ ਭਾਈ! ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਦੇ ਨਾਲ ਬਚਪਨ ਤੋਂ ਹੀ ਹੋਂ। ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ।

ਕਹਿੰਦੇ, ਚੰਗਾ ਭਾਈ! ਤੁਸੀਂ ਬ੍ਰਹਮ ਗਿਆਨੀ ਹੋਏ। ਭਾਈ ਮਨਸੁਖ ਨੂੰ ਪੁਛਿਆ, ਭਾਈ ਭਗੀਰਥ ਨੂੰ ਪੁਛਿਆ, ਹੋਰ ਜੋ ਉਸ ਵੇਲੇ ਦੇ ਗੁਰਮੁਖ ਪਿਆਰੇ ਸਨ, ਸਭ ਨੂੰ ਮਹਾਰਾਜ ਨੇ ਪੁਛਿਆ। ਜਿਹੋ ਜਿਹੀ ਕਿਸੇ ਦੀ ਪਰਤੀਤ ਸੀ, ਉਹੋ ਜਿਹਾ ਉਹਨਾਂ ਨੇ ਜਵਾਬ ਦੇ ਦਿਤਾ। ਉਸ ਵੇਲੇ ਸਾਰੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਵੀ ਕ੍ਰਿਪਾ ਕਰਕੇ ਦੱਸੋ ਕਿਉਂਕਿ ਅਸੀਂ ਤਾਂ ਆਪਣੇ ਮਨ ਦੀ ਬਾਤ ਦਸ ਦਿਤੀ ਆਪ ਨੂੰ। ਆਪ ਵੀ ਦਸੋ ਕਿ ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ

ਸਮਝਦੇ ਰਹੇ?

ਉਸ ਵੇਲੇ ਆਪ ਬੜੇ ਗੰਭੀਰ ਹੋ ਗਏ। ਨੇਤਰਾਂ ਦੇ ਕੋਇਆਂ 'ਚੋਂ ਇਕ-ਇਕ ਕਤਰਾ ਹੰਝੂ ਦਾ ਹੇਠਾਂ ਨੂੰ ਤਿਲਕਿਆ। ਗਹਿਰੇ ਭਾਵਲੀਨ ਹੋ ਕੇ ਕਹਿਣ ਲੱਗੇ, ਪਿਆਰਿਓ! ਸ੍ਰੀ ਗੁਰੂ ਨਾਨਕ ਪਾਤਸ਼ਾਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ ਹਨ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਅੰਗ- ੧੩੯੫*

ਉਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ ਗੁਰੂ ਰੂਪ ਪ੍ਰਗਟ ਹੋ ਕੇ ਸੰਸਾਰ ਦਾ ਉਧਾਰ ਕਰਨ ਆਏ ਸਨ। ਸਾਰਿਆਂ ਨੇ ਨੀਵੀਆਂ ਪਾ ਲਈਆਂ, ਨਮਸ਼ਕਾਰ ਕਰ ਦਿਤੀ। ਕਹਿਣ ਲੱਗੇ, ਸੱਚੇ ਪਾਤਸ਼ਾਹ! ਇਸੇ ਕਰਕੇ ਆਪ ਨਿਰੰਕਾਰ ਦਾ ਰੂਪ ਹੋ ਗਏ।

ਸੋ ਪਰਤੀਤ ਹੈ, ਜਿੰਨੀ ਕਿਸੇ ਦੇ ਮਨ ਵਿਚ ਪਰਤੀਤ ਹੋਵੇਗੀ ਓਡਾ ਹੀ ਜ਼ਿਆਦਾ ਫਲ ਮਿਲ ਜਾਇਆ ਕਰਦੈ। ਮਹਾਰਾਜ ਫੁਰਮਾਨ ਕਰਦੇ ਨੇ ਕਿ ਗੁਰੂ ਤੇ ਗੋਬਿੰਦ ਦੇ ਵਿਚ ਕੋਈ ਫਰਕ ਨਾ ਜਾਣਿਓ। ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਗੁਰੂ ਜੋ ਹੈ ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹੈ। ਜੋ ਪ੍ਰਮੇਸ਼ਰ ਹੈ ਉਹ ਨਿਰਕਾਰ ਰੂਪ ਹੈ। ਨਿਰਾਕਾਰ ਜੀ ਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਵਰਨ ਨਹੀਂ ਹੈ ਕੋਈ। ਪੰਜਾਂ ਤੱਤਾਂ 'ਚੋਂ ਕੋਈ ਤੱਤ ਨਹੀਂ ਹੈ, ਨਾ ਖੁਸ਼ਬੂ ਹੈ ਨਾ ਕੋਈ ਹੋਰ ਚੀਜ਼ ਹੈ ਤਾਂ ਉਹਨੂੰ ਤਾਂ ਅਸੀਂ ਜਾਣਦੇ ਨਹੀਂ ਹਾਂ, ਦੇਖਦੇ ਨਹੀਂ ਹਾਂ ਪਰ ਗੁਰੂ ਨੂੰ ਅਸੀਂ ਦੇਖਦੇ ਹਾਂ। ਇਸ ਕਰਕੇ ਗੁਰੂ ਪ੍ਰਮੇਸ਼ਰ ਦਾ ਸਰਗੁਣ ਸਰੂਪ ਹੋਇਆ ਕਰਦੈ, ਘੱਟ ਨਹੀਂ ਹੋਇਆ ਕਰਦਾ। ਜੋ ਗੁਰੂ ਤੇ ਪ੍ਰਮੇਸ਼ਰ ਵਿਚ ਵਿਤਕਰਾ ਰਖਦੈ, ਉਹਦਾ ਰੂਹਾਨੀ ਕਾਰਜ ਸ਼ੁੱਧ ਨਹੀਂ ਹੋਇਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ- ੪੪੨*

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

ਇਹ ਮੁਢਲਾ ਅਸੂਲ ਹੈ, ਜਿੰਨੀ ਦੇਰ ਤਕ ਇਹਨੂੰ ਮੰਨਦੇ ਨਹੀਂ ਹਾਂ, ਰੂਹਾਨੀ ਮਾਰਗ ਉਤੇ ਚੱਲਣਾ ਬੜਾ ਮੁਸ਼ਕਲ ਹੁੰਦੈ। ਗੁਰੂ ਇਕ ਪੌੜੀ ਹੋਇਆ ਕਰਦੈ। ਉਧਰ ਨਿਰੰਕਾਰ ਦੇ ਰੂਪ ਵਿਚ ਵੀ ਗੁਰੂ ਹੈ ਤੇ ਇਥੇ ਸਾਕਾਰ ਦੇ ਵਿਚ ਵੀ ਗੁਰੂ ਹੈ। ਉਸ ਨਿਜ ਮਹੱਲ ਤਕ ਪਹੁੰਚਾਉਣ ਵਾਸਤੇ ਗੁਰੂ ਪੌੜੀ ਦਾ ਕੰਮ ਕਰਿਆ ਕਰਦੈ। ਉਹ ਪ੍ਰਮੇਸ਼ਰ ਰੂਪ ਹੀ ਹੋਇਆ ਕਰਦੈ, ਸੰਸਾਰ ਦੇ ਅੰਦਰ, ਸਾਕਾਰ ਰੂਪ ਦੇ ਅੰਦਰ। ਸੋ ਉਹਦੇ ਨਾਲ ਜਿੰਨਾ ਪਿਆਰ, ਜਿੰਨਾ ਉਹਦੇ ਬਚਨ ਦੀ ਕਮਾਈ ਕਰਾਂਗੇ, ਓਨਾਂ ਅਸੀਂ ਅੱਗੇ ਲੰਘ ਜਾਵਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਇਸ ਵੇਲੇ ਚਉਰ ਤਖ਼ਤ ਦੇ ਮਾਲਕ ਹਨ। ਇਹਨਾਂ ਦੇ ਜੋ ਬਚਨ ਹਨ, ਗੁਰਬਾਣੀ ਹੈ, ਇਹਨੂੰ ਕਮਾ ਕੇ ਅਸੀਂ ਅੱਗੇ ਲੰਘ ਸਕਦੇ ਹਾਂ।

ਗੁਰੂ ਸੱਤਵੇਂ ਪਾਤਸ਼ਾਹ ਦਾ ਫੁਰਮਾਨ ਹੈ ਕਿ ਪਿਆਰਿਓ! ਜੇ ਤੁਸੀਂ ਚਾਹੁੰਦੇ ਹੋਂ ਕਿ ਨਾਮ ਦਾ ਬ੍ਰਿਛ ਤੁਹਾਡੇ ਹਿਰਦੇ ਵਿਚ ਪੈਦਾ ਹੋਵੇ, ਤਾਂ ਕਹਿੰਦੇ, ਪਹਿਲਾਂ ਹਿਰਦੇ ਵਿਚ ਧਰਤੀ ਬਣਾਓ। ਉਹ ਧਰਤੀ ਹੈ ਬਾਣੀ-

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥* *ਅੰਗ- ੭੯੭*

ਜਦੋਂ ਧਰਤੀ ਬਣ ਗਈ, ਫੇਰ ਇਹਦੇ 'ਤੇ ਨਾਮ ਬ੍ਰਿਛ ਫਲੀਭੂਤ ਹੁੰਦੈ। ਫੇਰ ਇਹ ਬਾਣੀ ਛੱਡ ਨਹੀਂ ਦੇਣੀ, ਇਹ ਬਾਣੀ ਪੜ੍ਹਦੇ ਹੀ ਰਹਿਣੈ, ਜਿਵੇਂ ਪਾਣੀ ਦੇਈਦੈ, ਹੋਰ ਖਾਦ ਵਗੈਰਾ ਦੇਈਦੀ ਹੈ, ਇਸ ਤਰ੍ਹਾਂ ਨਾਮ ਦਾ ਬ੍ਰਿਛ ਕਾਇਮ ਰਹਿੰਦੈ। ਨਹੀਂ ਤਾਂ ਨਾਮ ਸਿਥਲ ਪੈ ਜਾਇਆ ਕਰਦੈ। ਇਹ ਕਰਕੇ ਬਾਣੀ ਬੜੀ ਜ਼ਰੂਰੀ ਚੀਜ਼ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਕ ਵਾਰੀ ਇਕ ਗੁਰਸਿੱਖ ਗੁਰੂ ਮਹਾਰਾਜ ਜੀ ਦੇ ਪਾਸ ਆਉਂਦੈ, ਗਜ਼ਨੀ ਤੋਂ। ਗਜ਼ਨੀ ਦੇ ਨਵਾਬ ਦੇ ਉਹ ਨੌਕਰ ਹੈ। ਮੋਦੀ ਦਾ ਕੰਮ ਹੈ ਉਹਦੇ ਕੋਲ ਸਾਰਾ। ਈਮਾਨਦਾਰ ਸੀ। ਪਿਛਲੇ ਗੁਰਸਿਖਾਂ 'ਚ ਇਕ ਖਾਸੀਅਤ ਸੀ, ਜੋ ਅਸੀਂ ਨੋਟ ਨਹੀਂ ਕਰੀ ਕਦੇ। ਨਾ ਸਾਨੂੰ ਕੋਈ ਦਸਦਾ ਹੀ ਹੈ ਛੋਟੀਆਂ ਗੱਲਾਂ। ਖਾਸੀਅਤ ਇਹ ਸੀ ਕਿ ਜਿਹੜਾ ਸਿੱਖ ਹੁੰਦਾ, ਉਹਦੇ ਉਤੇ ਚਾਹੇ ਹਕੂਮਤ ਹੀ ਇਸਲਾਮ ਵਾਲਿਆਂ ਦੀ ਸੀ। ਠੀਕ ਹੈ ਉਹ ਰਾਜ ਮਦ ਦੇ ਜ਼ੋਰ 'ਚ ਚਾਹੇ ਸਿੱਖ ਦਾ ਰਾਜ ਹੋਵੇ, ਚਾਹੇ ਹਿੰਦੂ ਦਾ ਹੋਵੇ, ਚਾਹੇ ਮੁਸਲਮਾਨ ਦਾ, ਕਿਸੇ ਦਾ ਵੀ ਹੋਵੇ। ਉਹਦੇ ਵਿਚ ਇਕ ਮਦ ਆ ਜਾਂਦੈ। ਕਾਨੂੰਨ ਦੇ ਵਿਚ ਜਿੰਨੀ ਕਮਜ਼ੋਰੀ ਹੋਵੇ, ਉਹਨੂੰ ਰੋਕ ਨਾ ਲਾਵੇ, ਓਨਾਂ ਉਹ ਅਖਤਿਆਰ ਆਪਣਾ ਪੂਰਾ ਵਰਤ ਲਿਆ ਕਰਦੈ। ਇਹ ਮਨੁੱਖੀ ਵਿਗਿਆਨ ਹੈ। ਪਰ ਪ੍ਰਸ਼ਾਸਨ ਦੇ ਵਿਚ ਉਹਨਾਂ ਨੂੰ ਲੋੜ ਪੈਂਦੀ ਹੈ ਚੰਗੇ ਬੰਦਿਆਂ ਦੀ। ਕਾਨੂੰਨ ਦੇ ਡੰਡੇ ਨਾਲ, ਜ਼ੋਰ ਨਾਲ ਬੰਦਾ ਬਿਲਕੁਲ ਸੁੱਚਾ ਨਹੀਂ। ਉਹ ਦਾਉ ਪਾ ਕੇ ਦਾਅ ਮਾਰ ਜਾਂਦੈ ਪਰ ਜਿਹੜਾ ਧਰਮ ਨੂੰ ਮੰਨਣ ਵਾਲਾ ਹੈ, ਕਿਸੇ ਅਸੂਲਾਂ ਦੇ ਵਿਚ ਜ਼ਿੰਦਗੀ ਨੂੰ ਚਲਾਉਣ ਵਾਲਾ ਹੈ। ਉਹ ਬੰਦਾ ਕਾਨੂੰਨ ਹੋਵੇ ਨਾ ਹੋਵੇ, ਉਹਨੇ ਆਪਣੇ ਧਰਮ ਦੇ ਮੁਤਾਬਿਕ ਸੱਚ ਦੀ ਕਿਰਤ ਕਰਨੀ ਹੈ। ਇਹ ਜਿਹੜੇ

ਗੁਰਸਿੱਖ ਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੇਲੇ ਤੋਂ ਹੀ, ਇਹਨਾਂ ਦੀ ਜੀਵਨ ਵੱਖਰਾ ਸੀ, ਨਿਆਰਾ ਸੀ। ਹੁਣ ਤਾਂ ਅਸੀਂ ਨਿਆਰਾ ਹੋਰ ਕਹਿੰਦੇ ਹਾਂ ਨਾ। ਸਮਾਂ ਜਿਉਂ-ਜਿਉਂ ਵਧਦਾ ਜਾਂਦੈ, ਲੰਘ ਜਾਂਦੈ, ਤਿਉਂ-ਤਿਉਂ ਜਿਹੜੇ ਸ਼ੁੱਧ ਅੱਖਰ ਨੇ, ਉਹਨਾਂ ਦੇ ਅਰਥ ਵੀ ਬਦਲਦੇ ਜਾਂਦੇ ਨੇ। ਸਮੇਂ ਦਾ ਹਿਸਾਬ-ਕਿਤਾਬ ਹੈ। ਪਹਿਲਾਂ ਜਿਹੜਾ ਗੁਰੂਆਂ ਕਰਕੇ ਸਮਾਂ ਚਲਦਾ ਸੀ, ਇਹ ਨਿਆਰਾਪਣ ਗੁਰਸਿੱਖ ਦੇ ਚਰਿੱਤਰ ਦਾ ਹੋਇਆ ਕਰਦਾ ਸੀ। ਭੇਖ ਦਾ ਨਹੀਂ ਸੀ ਹੋਇਆ ਕਰਦਾ। ਭੇਖ ਨੂੰ ਤਾਂ ਗੁਰੂ ਸਾਹਿਬ ਨੇ ਮੰਨਿਆ ਹੀ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮੈਨੂੰ ਇਕ ਅੱਖਰ ਕੱਢ ਕੇ ਦਿਖਾ ਦਿਓ ਜਿਥੇ ਭੇਖ ਹੋਵੇ। ਮਹਾਰਾਜ ਫੁਰਮਾਉਂਦੇ ਨੇ ਕਿ -

*ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥*
*ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥*

*ਅੰਗ- ੭੮੫*

ਗੁਮਰਾਹ ਨਹੀਂ ਸਾਨੂੰ ਹੋਣਾ ਚਾਹੀਦਾ ਕਿਉਂਕਿ ਇਸ ਵੇਲੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਨੋ-ਮਨੋ ਗੁਰੂ ਮੰਨਦੇ ਹਾਂ। ਨਾ ਅਸੀਂ ਕਿਸੇ ਬੰਦੇ ਨੂੰ ਮੰਨਦੇ ਹਾਂ, ਨਾ ਲਿਖੀਆਂ ਹੋਈਆਂ ਕਿਤਾਬਾਂ ਨੂੰ ਮੰਨਦੇ ਹਾਂ। ਸਾਡਾ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਝੁਕਾਇਆ ਗਿਐ। ਇਹਦਾ ਧਿਆਨ ਰਖਿਆ ਕਰੋ। ਜਿਹੜੀ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨਾ ਹੋਵੇ, ਬਚੋ ਉਸ ਗੱਲ ਤੋਂ ਕਿਉਂਕਿ ਸਮੇਂ ਦੇ ਗੇੜ ਨਾਲ ਪਰਿਭਾਸ਼ਾ ਬਦਲ ਜਾਂਦੀ ਹੈ। ਮਤਲਬ ਬਦਲ ਜਾਂਦੇ ਨੇ। ਕਿੱਡਾ ਹੀ ਸੱਚਾ ਧਰਮ ਕਿਉਂ ਨਾ ਹੋਵੇ, ਉਹਦੇ ਵਿਚ ਵੀ ਫਰਕ ਪੈ ਜਾਇਆ ਕਰਦੈ। ਆਚਾਰੀਆ ਰਜਨੀਸ਼ ਦਸਦੈ ਕਿ ਇਕ ਫੁੱਲ ਲੈ ਲਓ ਬਹੁਤ ਸੁਗੰਧੀ ਵਾਲਾ, ਉਹਨੂੰ ਸੌ ਹੱਥਾਂ 'ਚੋਂ ਕੱਢ ਦਿਓ। ਜਦੋਂ ਉਹ ਤੁਹਾਡੇ ਕੋਲ ਆਏਗਾ, ਨਾ ਉਹਦੀ ਖੂਬਸੂਰਤੀ ਕਾਇਮ ਰਹੇਗੀ, ਨਾ ਉਹਦੀ ਸੁਗੰਧੀ ਕਾਇਮ ਰਹੇਗੀ ਕਿਉਂਕਿ ਸੌ ਹੱਥਾਂ 'ਚੋਂ ਲੰਘਿਐ। ਇਵੇਂ ਜਿਵੇਂ ਜਿਹੜੇ ਧਰਮ ਦੇ ਸੁੱਚੇ ਅਸੂਲ ਹੋਇਆ ਕਰਦੇ ਨੇ, ਉਹ ਜਦੋਂ ਅਕਲ ਵਾਲਿਆਂ ਦੀ ਅਕਲ ਦੇ ਨਾਲ ਰਲਦੇ ਨੇ, ਉਹਨਾਂ ਦੇ ਨਾਲ ਉਹਨਾਂ ਦੀ ਅਕਲ ਦਾ ਅੰਸ ਨਾਲ ਰਲਦਾ ਤੁਰਿਆ ਜਾਂਦੈ। ਇਕ ਤੋਂ ਦੋ, ਦੋ ਤੋਂ ਤੀਜੇ 'ਚ ਅਹਿਸਾਸ ਹੁੰਦੇ ਨੇ, ਮੁੜ ਕੇ ਅਰਥ ਦਾ ਅਨਰਥ ਬਣ ਜਾਂਦੈ, ਹੈਰਾਨ ਹੋ ਜਾਂਦੈ ਜਿਹਨੇ ਇਹ ਅਸੂਲ ਚਲਾਏ ਨੇ ਕਿ ਆਹ ਕੀ ਹੋ ਗਿਆ, ਮੈਂ ਤਾਂ ਕੁਝ ਹੋਰ ਕਹਿੰਦਾ ਸੀ, ਇਹ ਕੁਛ ਹੋਰ ਹੀ ਕਰੀਂ ਬੈਠੇ ਨੇ। ਇਹ ਕੇਵਲ ਸਾਡੇ ਨਾਲ ਹੀ ਨਹੀਂ, ਸਾਰਿਆਂ ਧਰਮਾਂ ਨਾਲ ਇਵੇਂ ਹੀ ਵਰਤਦੀ ਹੈ। ਇਸੇ ਕਰਕੇ ਸਮਾਂ ਪਾ ਕੇ ਧਰਮ ਪੁਰਾਣਾ ਹੋ ਜਾਂਦੈ। ਵਾਹਿਗੁਰੂ ਫੇਰ ਕਿਸੇ ਨੂੰ ਭੇਜਦੈ ਕਿ ਜਾਹ ਮੁੜ ਸਥਾਪਨ ਕਰੋ ਮੌਖਿਕ ਅਸੂਲ ਜਿਹੜੇ ਸੀ। ਅਸੂਲ ਸਾਰੇ ਇਕ ਨੇ। ਚਾਹੇ ਈਸਾਈਆਂ ਦੇ ਨੇ, ਚਾਹੇ ਕੁਰਾਨ ਸ਼ਰੀਫ ਦਾ ਹੈ, ਮੁਹੰਮਦ ਸਾਹਿਬ ਦਾ ਹੈ, ਚਾਹੇ ਉਹ ਕਿਸੇ ਦਾ ਹੈ, ਮੁੱਢਲਾ ਜੋ ਸੱਚ ਹੈ ਉਸਨੂੰ ਜਿਹਨਾਂ ਨੇ ਜਾਣਿਆ ਹੈ ਉਸਦੀ ਉਸੇ ਤਰ੍ਹਾਂ ਨਾਲ ਵਿਆਖਿਆ ਹੋਈ ਹੈ। ਸਮਾਂ ਪਾ ਕੇ ਉਹਦੇ ਵਿਚ ਮਿਲਾਵਟਾਂ ਹੋ ਗਈਆਂ। ਸੋ ਇਸ ਤਰ੍ਹਾਂ ਦੇ ਦਸਾਂ ਹੀ ਗੁਰੂਆਂ ਦੇ ਵਿਚ ਸਾਡਾ ਨਿਆਰਾਪਣ ਜਿਹੜਾ ਸੀ ਉਹ ਚਰਿੱਤਰ ਸੀ ਸਾਡਾ। ਨਿਆਰਾ ਚਰਿੱਤਰ। ਮਾੜਾ ਕੰਮ ਨਹੀਂ ਕੋਈ ਕਰਨਾ, ਚਰਿੱਤਰ ਐਨਾ ਉੱਚਾ ਸੀ ਕਿ ਕਿਸੇ ਦੇ ਪਰਾਏ ਧਨ ਨੂੰ ਹੱਥ ਨਹੀਂ ਲਾਉਣਾ, ਪਰ ਇਸਤਰੀ ਕੋਲ ਨਹੀਂ ਜਾਣਾ, ਨਿੰਦਿਆਂ ਨਹੀਂ ਕਿਸੇ ਦੀ ਕਰਨੀ, ਮਿੱਠਾ ਬੋਲਣਾ ਯਾਨਿ ਚਰਿੱਤਰ ਦੀਆਂ ਜੋ ਖੂਬੀਆਂ ਹੋਇਆ ਕਰਦੀਆਂ ਨੇ ਉਹ ਗੁਰਸਿੱਖ ਦੇ ਅੰਦਰ ਕੁੱਟ-ਕੁੱਟ ਕੇ ਭਰੀਆਂ ਹੁੰਦੀਆਂ। ਉਹ ਨਿਆਰਾ ਹੋਇਆ ਕਰਦਾ ਸੀ, ਉਸੇ ਨਿਆਰੇਪਣ ਨੂੰ ਗੁਰੂ ਮਹਾਰਾਜ ਨੇ ਕਿਹੈ -

*ਜਬ ਲਗ ਖ਼ਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਉ ਮੈਂ ਸਾਰਾ।*
*ਜਬ ਇਹ ਗਏ ਬਿਪਰਨ ਕੀ ਰੀਤ।*
*ਮੈਂ ਨਾ ਕਰਹੁੰ ਇਨ ਕੀ ਪਰਤੀਤ।*

ਜਦੋਂ ਇਹ ਕਮਜ਼ੋਰ ਹੋ ਜਾਏਗਾ। ਵਿਸ਼ਵਾਸ਼ ਕਮਜ਼ੋਰ ਹੋ ਜਾਏਗਾ, ਕਹਿੰਦੇ ਫੇਰ ਮੇਰੀ ਪਰਤੀਤ ਜਾਂਦੀ ਰਹੇਗੀ। ਚਰਿੱਤਰ ਨੂੰ ਨਿਆਰਾਪਣ ਕਿਹੈ। ਹੁਣ ਨਿਆਰਾਪਣ ਕਿਵੇਂ ਹੈ, ਮੈਂ ਮਿਸਾਲ ਦੇ ਕੇ ਦਸਦਾ ਹਾਂ।

ਸਾਹਿਬ ਸਿੰਘ ਜਥੇਦਾਰ ਜੰਗਲ ਦੇ ਵਿਚ ਆਹ ਜਿਹੜਾ ਰਸਤਾ ਜਾਂਦਾ ਸੀ ਪੇਸ਼ਾਵਰ ਨੂੰ, ਉਹ ਨੇੜੇ ਹੀ ਇਕ ਜੰਗਲ ਦੇ ਵਿਚ ਨੇ। ਉਥੇ ਇਕ ਬ੍ਰਾਹਮਣ ਆ ਜਾਂਦੈ। ਉਹਨੇ ਆ ਕੇ ਫਰਿਆਦ ਕਰੀ, ਉਸ ਵੇਲੇ ਕਈ ਦਿਨਾਂ ਦੇ ਭੁੱਖੇ ਸਿੰਘ ਸੀਗੇ, ਉਸ ਵੇਲੇ ਲੰਗਰ ਤਿਆਰ ਹੋਇਆ। ਅਰਦਾਸ ਹੋਣ ਲੱਗੀ, ਉਧਰੋਂ ਉਹ ਰੋਣ ਲਗ ਗਿਆ। ਜਥੇਦਾਰ ਕਹਿਣ ਲੱਗੇ, ਸੁਣੋ ਪਹਿਲਾਂ ਇਹਦੀ ਗੱਲ ਕੀ ਹੈ। ਉਸ ਨੇ ਕਿਹਾ ਕਿ ਮਹਾਰਾਜ! ਮੈਂ ਲੜਕੇ ਦੀ ਸ਼ਾਦੀ ਕਰੀ ਸੀ, ਸਾਡੇ ਗਰਾਉਂ ਦੀਆਂ ਹੋਰ ਲੜਕੀਆਂ ਦੇ ਨਾਲ ਮੇਰੀ ਨੂੰਹ ਨੂੰ ਵੀ ਵਿਚੇ ਇਹਨਾਂ ਨੇ ਚੁੱਕ ਲਿਆ। ਮੈਂ ਸਭ ਥਾਂ ਦੇ ਉਤੇ ਘੁੰਮ ਲਿਆ, ਰਾਜਪੂਤ ਰਾਜਿਆਂ ਕੋਲ ਵੀ ਜਾ ਆਇਆ। ਕੋਈ ਨਹੀਂ ਜਿਹੜਾ ਮੇਰੀ ਨੂੰਹ ਨੂੰ ਛਡਾਵੇ ਤੇ ਅੰਤ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ।

ਉਸ ਵੇਲੇ ਜਥੇਦਾਰ ਸਾਹਿਬ ਕਹਿਣ ਲੱਗੇ, ਦੇਖੋ ਬਈ ਜਿਥੇ ਆਪਾਂ ਚਾਰ ਦਿਨ ਪ੍ਰਸ਼ਾਦਾ ਨਹੀਂ ਛਕਿਆ, ਸਮਝ ਲਓ ਕਿ ਦੋ ਘੜੀਆਂ ਹੋਰ ਸਹੀ। ਆਹ ਨੇੜੇ ਹੀ ਜਾ ਰਹੇ ਨੇ ਆਪਣੇ। ਆਪਾਂ ਹਿੰਮਤ ਕਰਕੇ ਬੀਬੀਆਂ ਛੁਡਾ ਲਈਏ। ਨਾ ਤਾਂ ਕੋਈ ਰਿਸ਼ਤਾ ਸੀ ਉਹਨਾਂ ਬੀਬੀਆਂ ਦੇ ਨਾਲ, ਉਹ ਦੂਰ ਮਥੁਰਾ ਵਗੈਰਾ ਤੋਂ ਉਹਨਾਂ

ਨੇ ਫੜੀਆਂ ਹੋਈਆਂ ਸੀ। ਉਥੋਂ ਰੋਂਦੀਆਂ, ਕੁਰਲਾਉਂਦੀਆਂ ਵੈਣ ਪਾਉਂਦੀਆਂ ਜਾਂਦੀਆਂ ਸੀ। ਪੁਰਾਣੇ ਜ਼ਮਾਨਿਆਂ 'ਚ ਬੋਲੀਆਂ ਪਾਉਂਦੇ ਹੁੰਦੇ ਸੀ, ਆਮ ਹੁੰਦੀਆਂ ਸੀ, ਅੱਜਕਲ੍ਹ ਤਾਂ ਭੁੱਲ ਗਏ ਲੋਕ ਇਹਨਾਂ ਗੱਲਾਂ ਨੂੰ। ਉਸ ਵੇਲੇ ਇਕ ਪੁਕਾਰ ਕੀਤੀ ਜਾਂਦੀ ਸੀ ਕਿ 'ਐ ਸਿੰਘੋ! ਤੁਸੀਂ ਰੋਕੋ, ਬੀਬੀਆਂ ਜਾ ਰਹੀਆਂ ਨੇ, ਬੀਬੀਆਂ ਜਾ ਰਹੀਆਂ ਨੇ, ਮੋੜ ਲਿਆਵੋ ਤੁਸੀਂ ਕਿਸੇ ਤਰੀਕੇ ਨਾਲ'। ਬੋਲੀ ਸੀ ਮੈਂ ਪਾਉਣੀ ਨਹੀਂ ਚਾਹੁੰਦਾ।

ਸੋ ਇਸ ਤਰ੍ਹਾਂ ਉਥੇ ਦੋ ਸਿੰਘ ਭੇਜੇ, ਉਹ ਕਹਿੰਦੇ ਬਈ ਦੇਖੋ, ਜੇ ਤਾਂ ਜ਼ੁਲਮ ਹੁੰਦਾ ਹੋਇਆ ਜ਼ਿਆਦਾ ਤਾਂ ਤਾਂ ਅਸੀਂ ਉਥੇ ਗੋਲੀ ਚਲਾ ਦੇਣੀ ਹੈ ਤੁਸੀਂ ਸਮਝ ਲਿਓ ਕਿ ਅਸੀਂ ਸ਼ਹੀਦ ਹੋ ਗਏ। ਜੇ ਨਾ ਹੋਇਆ, ਤਾਂ ਅਸੀਂ ਤੁਹਾਨੂੰ ਆ ਕੇ ਦਸ ਦਿਆਂਗੇ। ਸਾਰਿਆਂ ਦੇ ਕੰਨ ਓਧਰ ਲਗ ਗਏ। ਜੰਗਲ ਦੇ ਕੋਲ ਦੀ ਉਹ ਫੌਜ, ਹੈਡ ਕੁਆਰਟਰ ਜਿਹਨੂੰ ਕਹਿੰਦੇ ਨੇ, ਉਹ ਲੰਘਿਆ ਜਾ ਰਿਹਾ ਹੈ ਸੀ। ਜਦੋਂ ਉਹਨਾਂ ਨੇ ਬੀਬੀਆਂ ਦਾ ਹਾਲ ਦੇਖਿਆ, ਉਹਨਾਂ ਨੇ ਉਥੇ ਹੀ ਗੋਲੀਆਂ ਚਲਾ ਦਿਤੀਆਂ। ਜਿਹੜੇ ਉਸ ਵੇਲੇ ਤੰਗ ਕਰ ਰਹੇ ਸੀ ਉਹਨਾਂ ਨੂੰ ਮਾਰ ਦਿਤਾ, ਸਮਝ ਗਿਆ ਜਥੇਦਾਰ, ਉਸੇ ਵੇਲੇ ਹਮਲਾ ਕਰਿਆ, ਬੀਬੀਆਂ ਸਾਰੀਆਂ ਛੁਡਾ ਲਈਆਂ। ਛੁਡਾ ਕੇ ਜੰਗਲ ਵਿਚ ਲੈ ਆਏ। ਕਾਫੀ ਸਿੰਘ ਸ਼ਹੀਦ ਹੋ ਗਏ। ਕਿੰਨੇ ਹੀ ਸ਼ਹੀਦ ਜ਼ਖਮੀ ਹੋ ਗਏ। ਆ ਕੇ ਪ੍ਰਸ਼ਾਦਾ ਛਕਿਆ, ਜ਼ਖਮੀਆਂ ਦੀ ਸੰਭਾਲ ਕਰੀ। ਫੇਰ ਮਥੁਰਾ ਨੂੰ ਸਿੰਘ ਭੇਜੇ ਕਿ ਜਾਓ ਇਹਨਾਂ ਦੇ ਘਰਾਂ 'ਚ, ਜਦੋਂ ਪਿੰਡਾਂ 'ਚ ਲੈ ਕੇ ਗਏ। ਉਹ ਕਹਿੰਦੇ ਇਹ ਤਾਂ ਭਿੱਟੀਆਂ ਗਈਆਂ। ਅਸੀਂ ਤਾਂ ਆਪਣੇ ਸਮਾਜ ਵਿਚ ਵੜਨ ਨਹੀਂ ਦੇਣਾ ਇਹਨਾਂ ਨੂੰ। ਉਸ ਵੇਲੇ ਉਹਨਾਂ ਸਿੰਘਾਂ ਨੇ ਇਕੱਠੇ ਕਰੇ ਸਾਰੇ ਚੌਧਰੀ, ਸਮਝਾਏ ਕਿ ਤੁਸੀਂ ਇਹ ਕੀ ਕਰਦੇ ਹੋਂ। ਇਹਨਾਂ ਦੇ ਅਖਤਿਆਰ ਕੀ ਹੈ। ਇਹ ਤਾਂ ਤੁਹਾਡੀ ਬੁਜ਼ਦਿਲੀ ਹੈ, ਤੁਹਾਡੇ ਕੋਲੋਂ ਜਦੋਂ ਲੈ ਕੇ ਗਏ, ਤੁਸੀਂ ਆਪਣੀਆਂ ਜਾਨਾਂ ਦੇ ਦਿੰਦੇ ਇਹਨਾਂ ਨੂੰ ਬਚਾਉਣ ਲਈ। ਇਹਨਾਂ ਦਾ ਧਰਮ ਇਹਨਾਂ ਦੀ ਮਰਜ਼ੀ ਨਾਲ ਤਾਂ ਨਹੀਂ ਸ਼ੀਣ ਹੋਇਆ। ਇਹ ਤਾਂ ਜ਼ਬਰਦਸਤੀ ਛਿਨਿਆ ਗਿਐ। ਕੁਝ ਰੋਹਬ ਦੇ ਨਾਲ ਉਹਨਾਂ ਬੀਬੀਆਂ ਤੋਂ ਲੰਗਰ ਪਕਵਾ ਕੇ ਸਾਰਿਆਂ ਨੂੰ ਛਕਾਇਆ। ਕਿਉਂਕਿ ਜਾਤ-ਪਾਤ ਦਾ ਜ਼ੋਰ ਸਾਧਸੰਗਤ ਜੀ! ਜਦੋਂ ਅਸੀਂ ਯੂ.ਪੀ ਗਏ ਹਾਂ ਐਨਾ ਸੀ, ਸਾਡੇ ਨੌਕਰ ਹੋਇਆ ਕਰਦੇ ਸੀ, ਜਾਟਵ, ਗੁੱਜਰ, ਕੁਰਮੀ ਹੋਇਆ ਕਰਦੇ ਸੀ। ਜਾਤ-ਪਾਤ ਦਾ ਬਹੁਤਾ ਹੀ ਜ਼ੋਰ ਸੀ। ਇਕ ਦੂਜੇ ਦੇ ਹੱਥ ਨਹੀਂ ਖਾਂਦੇ ਸੀ। ਅਸੀਂ ਕਹਿਣਾ ਕਿ ਤੁਸੀਂ ਇਹ ਫਜ਼ੂਲ ਕੰਮ 'ਚ ਕਿਉਂ ਪਏ ਹੋਂ? ਜਦੋਂ ਫਾਰਮਾਂ ਤੋਂ ਜਾਣਾ ਤਾਂ ਉਹਨਾਂ ਨੇ ਕਹਿਣਾ ਕਿ ਸਾਨੂੰ ਇਕ ਮੁਸ਼ਕਿਲ ਹੈ। ਅਸੀਂ ਹੁਣ ਜਾ ਕੇ ਸਾਰੇ ਭਾਈਚਾਰੇ ਨੂੰ ਰੋਟੀ ਕਰਨੀ ਹੈ ਤਾਂ ਉਹਨਾਂ ਨੇ ਸਾਡੇ ਨਾਲ ਖਾਣਾ ਨਹੀਂ, ਤੇ ਸਾਡੇ ਨਾਲ ਬਾਈਕਾਟ ਕਰ ਦੇਣੈ ਕਿ ਤੁਸੀਂ ਉਥੇ ਤਾਂ ਜਾਟਵਾਂ ਨਾਲ ਖਾਂਦੇ ਰਹੇ ਹੋਂ। ਐਨਾ ਜ਼ਿਆਦਾ ਜਾਤ-ਪਾਤ ਦਾ ਬੰਧਨ ਸੀ। ਸੋ ਉਹਨਾਂ ਨੇ ਸਾਰਾ ਕੁਝ ਕਰਕੇ ਲੜਕੀਆਂ ਨੂੰ ਵਸਾ ਕੇ ਆਉਣਾ। ਹੁਣ ਇਹ ਇਕ ਚਰਿੱਤਰ ਹੈ, ਸਾਰੇ ਭਾਰਤ ਵਰਸ਼ ਵਿਚ ਨਹੀਂ ਸੀਗਾ, ਨਾ ਰਾਜਿਆਂ ਕੋਲ ਸੀ, ਨਾ ਕਿਸੇ ਹੋਰ ਕੋਲ, ਨਾ ਕੋਈ ਸੂਰਮਾ ਸੀ। ਗਿਰਾਵਟ ਵਾਲੇ ਹਾਲਾਤ ਦੇਖੋ ਕਿੰਨੇ ਸੀ। ਚਾਰ ਦਿਨ ਦੇ ਪ੍ਰਸ਼ਾਦੇ ਨਹੀਂ ਮਿਲੇ, ਉਹ ਕਹਿੰਦੇ, ਹੁਣ ਤਾਂ ਜਿਹੜਾ ਜਿਉਂਦਾ ਰਹੂਗਾ ਓਹੀ ਛਕੂਗਾ ਆ ਕੇ। ਇਹ ਇਕ ਨਿਆਰਾ ਚਰਿੱਤਰ ਹੋਇਆ ਕਰਦੈ। ਜਿਹਨੂੰ ਉਸ ਵੇਲੇ ਦੇ ਸ਼ਾਸਕ ਚੰਗੀ ਤਰ੍ਹਾਂ ਜਾਣਦੇ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦਾ ਜਿਹੜਾ ਚਰਿੱਤਰ ਹੈ ਨਾ ਇਹ ਨਿਆਰਾ ਹੈ ਬਿਲਕੁਲ। ਇਹ ਕਦੇ ਧੋਖਾ ਨਹੀਂ ਦਿੰਦਾ। ਇਹ ਕਦੇ ਝੂਠ ਨਹੀਂ ਬੋਲਦਾ, ਇਹ ਕਦੇ ਹਰਾਮ ਦਾ ਖਾਂਦਾ ਨਹੀਂ। ਇਹ ਕਦੇ ਗਮਨ ਨਹੀਂ ਕਰਦਾ। ਇਹ ਵਫਾਦਾਰੀ 'ਚੋਂ ਕਦੇ ਨਹੀਂ ਮੁਕਰਦਾ। ਜਿਹਦੇ ਨਾਲ ਹੋ ਗਿਆ, ਉਹਦੇ ਨਾਲ ਨਿਭਾਉਂਦਾ ਹੈ।

ਸੋ ਉਸ ਵੇਲੇ ਗਜ਼ਨੀ ਦੇ ਨਵਾਬ ਦਾ ਇਕ ਮੋਦੀ, ਮੋਦੀ ਦਾ ਕੰਮ ਬੜਾ ਜ਼ਿੰਮੇਵਾਰੀ ਦਾ ਹੁੰਦੈ, ਉਹਨੇ ਰਾਸ਼ਨ ਦੇਣੈ। ਰਾਸ਼ਨ ਬੇਅੰਤ ਹੁੰਦੈ ਉਹਦੇ ਕੋਲ। ਹੋਰ ਚੀਜ਼ਾਂ ਵੀ ਦੇਣੀਆਂ ਨੇ। ਇਕ ਤਰ੍ਹਾਂ ਦੇ ਨਾਲ ਭੰਡਾਰੀ ਹੁੰਦੈ। ਉਹਦਾ ਨਾਉਂ ਭਾਈ ਕਟਾਰੂ ਸੀ। ਵਿਸ਼ਵਾਸ਼ ਸੀ ਉਹਨਾਂ ਨੂੰ। ਜਿਸ ਤਰ੍ਹਾਂ ਦੇ ਨਾਲ ਨਵਾਬ ਗਜ਼ਨੀ ਵਾਲੇ ਕੋਲ ਭਾਈ ਤਿਲੋਕਾ ਉਹਦਾ ਸਪੈਸ਼ਲ ਅੰਗ ਰਖਿਅਕ ਦਾ ਜਰਨੈਲ ਸੀ। ਵਿਸ਼ਵਾਸ਼ ਐਨਾ ਸੀ ਕਿ ਹਮੇਸ਼ਾ ਉਹਨੂੰ ਨਾਲ ਰਖਦਾ ਸੀ। ਉਹਦੀ ਥਾਂ 'ਤੇ ਕਿਸੇ ਪਠਾਣ ਨੂੰ ਨਹੀਂ ਸੀ ਰਖਦਾ? ਆਪਣੀ ਜਾਤ ਦੇ ਬੰਦੇ ਨੂੰ ਕਿਉਂ ਨਹੀਂ ਸੀ ਰਖਦਾ ਇਹਨੂੰ ਕਿਉਂ ਰਖਦਾ ਸੀ? ਕਿਉਂਕਿ ਇਹਦਾ ਚਰਿੱਤਰ ਸੀ, ਉਹ ਕਹਿੰਦਾ ਸੀ ਕਿ ਭਾਈ ਤਿਲੋਕੇ ਦੀ ਜਾਨ ਚਲੀ ਜਾਵੇ ਪਰ ਇਹ ਧੋਖਾ ਨਹੀਂ ਦੇ ਸਕਦਾ, ਗ਼ਦਾਰੀ ਨਹੀਂ ਕਰ ਸਕਦਾ, ਮੇਰਾ ਨੁਕਸਾਨ ਨਹੀਂ ਹੋਣ ਦੇਵੇਗਾ। ਜਦੋਂ ਭਾਈ ਤਿਲੋਕੇ ਦੀ ਸ਼ਿਕਾਇਤ ਕੀਤੀ ਗਈ ਕਿ ਇਹ ਕਾਠ ਦੀ ਤਲਵਾਰ ਰਖਦੈ, ਨਵਾਬ ਨਹੀਂ ਸੀ ਮੰਨਦਾ। ਕਹਿੰਦਾ, ਸਿੱਖ ਐਸੀ ਗੱਲ ਕਰ ਹੀ ਨਹੀਂ ਸਕਦਾ। ਜਿਸ ਵਕਤ ਪੜਤਾਲ ਹੋਈ, ਉਸ ਵੇਲੇ ਗੁਰੂ ਮਹਾਰਾਜ ਨੇ ਆਪਣੇ ਸਿੱਖਾਂ ਦੀ ਲਾਜ ਰੱਖਣੀ ਹੀ ਸੀ। ਉਹਨੇ ਕਿਹਾ ਇਹੋ ਜਿਹੀ ਸ੍ਰੀ ਸਾਹਿਬ ਤਾਂ ਮੈਂ ਕਦੇ ਦੇਖੀ ਹੀ ਨਹੀਂ ਕਦੇ। ਪਹਿਲਾਂ ਉਹਦੀ ਤਨਖਾਹ ਥੋੜ੍ਹੀ ਸੀ, ਪੰਜ ਗੁਣੀਂ ਵਧਾ ਦਿਤੀ ਉਸ ਤੋਂ ਬਾਅਦ। ਸਾਰੀ ਫੌਜਾਂ ਦਾ ਵੱਡਾ ਅਫਸਰ ਬਣਾ ਦਿਤਾ।

ਐਨੀ ਲੰਮੀ-ਚੌੜੀ ਗੱਲ ਮੈਂ ਤਾਂ ਕੀਤੀ ਹੈ ਕਿ ਸਾਡਾ ਚਰਿੱਤਰ ਐਨਾ ਉੱਚਾ, ਲੋਕਾਂ ਦੇ ਮਨ ਵਿਚ ਵੀ ਭਾਇਆ ਹੋਇਆ ਸੀ। ਇਸਲਾਮ ਵਾਲਿਆਂ ਦੇ ਮਨ ਵਿਚ

ਵੀ ਸੀ ਕਿ ਸਾਡੇ ਨਾਲੋਂ ਕਰੈਕਟਰ ਦੇ ਸਾਡੇ ਗੁਰਸਿੱਖ ਉੱਚੇ ਨੇ। ਇਕ ਤਾਂ ਇਹ ਝੂਠ ਨਹੀਂ ਬੋਲਦੇ ਕਦੇ ਵੀ। ਭਾਈ ਤਾਰੇ ਨੂੰ ਡਾਕੇ ਦੇ ਕੇਸ ਵਿਚ ਫਸਾ ਦਿਤਾ ਜਾਂਦੈ, ਮੁਲਤਾਨ ਦਾ ਸੂਬਾ, 80 ਗਵਾਹੀਆਂ ਬੋਲਦੀਆਂ, ਫੈਸਲਾ ਨਹੀਂ ਕਰਦਾ। ਕਾਜ਼ੀ ਨੇ ਕਿਹਾ ਕਿ ਜਨਾਬ 80 ਗਵਾਹੀਆਂ ਇਹਦੇ ਖਿਲਾਫ ਨੇ, ਇਹਦੇ ਹੱਕ ਵਿਚ ਤਾਂ ਇਕ ਵੀ ਨਹੀਂ ਹੈ ਤੁਸੀਂ ਫੈਸਲਾ ਕਿਉਂ ਨਹੀਂ ਕਰਦੇ। ਉਹ ਕਹਿਣ ਲੱਗਿਆ ਕਿ ਮੈਂ ਫੈਸਲਾ ਇਸ ਤਰ੍ਹਾਂ ਨਹੀਂ ਕਰਦਾ, ਭਾਈ ਤਾਰਾ ਝੂਠ ਨਹੀਂ ਬੋਲ ਸਕਦਾ, ਕਿਉਂਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੈ। ਮੈਂ ਤਨੋ ਮਨੋ ਕਹਿੰਦਾ ਹਾਂ ਕਿ ਇਹ ਕਦੇ ਝੂਠ ਨਹੀਂ ਬੋਲੇਗਾ। ਗੱਲ ਵਿਚੋਂ ਹੋਰ ਹੈ ਇਹਦੀ ਖੁਦਾ ਮਦਦ ਕਰੇ। ਲੰਮੀਆਂ ਪੇਸ਼ੀਆਂ ਪਾਈ ਗਿਆ, ਅਖੀਰ ਕੀ ਹੋਇਆ, ਤਾਰਾ ਡਾਕੂ ਫੜਿਆ ਗਿਆ। ਉਹਦੀ ਚਿੱਠੀ ਆ ਗਈ ਕਿ ਤਾਰਾ ਡਾਕੂ ਫੜਿਆ ਗਿਆ, ਉਹਨੇ ਇਕ ਡਾਕਾ ਮੁਲਤਾਨ ਮਾਰਿਆ। ਉਸ ਵੇਲੇ ਨਵਾਬ ਕਹਿਣ ਲੱਗਿਆ ਕਿ ਦੇਖ ਕਾਜ਼ੀ ਸਾਹਿਬ! ਜੇ ਮੈਂ ਤੇਰੀਆਂ ਗਵਾਹੀਆਂ 'ਤੇ ਰਹਿੰਦਾ, ਇਹ ਬੰਦਾ ਫਾਂਸੀ ਲਗ ਜਾਣਾ ਸੀ। ਲੇਕਿਨ ਮੇਰਾ ਵਿਸ਼ਵਾਸ਼ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਕਦੇ ਝੂਠ ਨਹੀਂ ਬੋਲਦਾ, ਕਦੇ ਡਾਕਾ ਨਹੀਂ ਮਾਰ ਸਕਦਾ। ਸੋ ਐਨਾ ਪਵਿੱਤਰ ਚਰਿੱਤਰ ਸੀ ਉਸ ਵੇਲੇ ਗੁਰਸਿੱਖਾਂ ਦਾ।

ਕਾਜ਼ੀ ਨੂਰਦੀਨ ਆਉਂਦੈ ਨਾਲ ਅਹਿਮਦ ਸ਼ਾਹ ਅਬਦਾਲੀ ਦੇ। ਉਹਨੇ ਜੰਗ ਦੇਖਿਆ ਇਥੇ, ਜੰਗਨਾਮਾ ਇਕ ਕਿਤਾਬ ਲਿਖੀ ਹੈ, ਲੈ ਕੇ ਪੜ੍ਹ ਲਿਓ ਕਦੇ, ਨਹੀਂ ਤਾਂ ਮੈਗਜ਼ੀਨ ਵਿਚ ਕਦੇ ਉਸ ਦੇ ਅੰਸ ਛਾਪਾਂਗੇ ਕਿ ਕਿਸ ਤਰ੍ਹਾਂ ਦੇ ਉਸ ਵੇਲੇ ਦੇ ਬੰਦਿਆਂ ਦੇ ਉਤੇ ਦੁਸ਼ਮਣ ਵੀ ਇਤਬਾਰ ਕਰਦਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਕਟਾਰੂ ਜਿਸਦੀ ਕਿਰਤ ਬਿਲਕੁਲ ਸੁੱਚੀ ਸੀ। ਚਰਿੱਤਰ ਬਹੁਤ ਉੱਚਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਕਾਰ ਸੀ। ਲੇਕਿਨ ਹਾਲਾਂ ਤਾਈਂ ਵਿਧੀ ਪੂਰਵਕ ਗੁਰੂ ਨਹੀਂ ਸੀ ਧਾਰਿਆ। ਇਹ ਦੋਵੇਂ ਤਰੀਕੇ ਨੇ ਨੋਟ ਕਰੋ। ਇਕ ਤਾਂ ਹੁੰਦੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ। ਦਸਾਂ ਗੁਰੂਆਂ ਨੂੰ ਮੰਨਦੇ ਹਾਂ। ਲੇਕਿਨ ਅਸੀਂ ਅਜੇ ਤਕ ਇਹਨਾਂ ਨੂੰ ਗੁਰੂ ਨਹੀਂ ਧਾਰਿਆ। ਗੁਰੂ ਧਾਰਨ ਜਿਵੇਂ ਇਸਾਈਅਤ ਦੇ ਵਿਚ ਜਿਵੇਂ ਬਪਤਿਸਮਾ (baptise) ਕਰਦੇ ਨੇ, ਇਸੇ ਤਰ੍ਹਾਂ ਸ੍ਰੀ ਗੁਰੂ ਦਸ਼ਮੇਸ਼ ਪਿਤਾ ਤੋਂ ਪਹਿਲਾਂ ਚਰਨਾਂ ਮ੍ਰਿਤ ਹੋਇਆ ਕਰਦਾ ਸੀ। ਸ੍ਰੀ ਗੁਰੂ ਦਸ਼ਮੇਸ਼ ਪਿਤਾ ਨੇ ਇਹਨੂੰ ਖੰਡੇ ਬਾਟੇ ਦੇ ਅੰਮ੍ਰਿਤ ਵਿਚ ਤਬਦੀਲ ਕਰ ਦਿਤਾ। ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਕਰ ਦਿਤਾ। ਇਸ ਤਰ੍ਹਾਂ ਦੇ ਨਾਲ ਇਸ ਨੇ ਵਿਧੀਪੂਰਵਕ ਅਜੇ ਸਿੱਖੀ ਨਹੀਂ ਸੀ ਧਾਰਨ ਕਰੀ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਕੋਲ ਆਉਂਦੈ। ਆ ਕੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ ਦੂਰ-ਦਰਾਜ਼ ਮੈਂ ਗਜ਼ਨੀ 'ਚ ਰਹਿੰਦਾ ਹਾਂ। ਘਰ ਵਿਚ ਸਿੱਖੀ ਦਾ ਬੋਲ-ਬਾਲਾ ਹੈ। ਬਜ਼ੁਰਗਾਂ ਤੋਂ ਸਿੱਖੀ ਚੱਲੀ ਆਉਂਦੀ ਹੈ। ਲੇਕਿਨ ਮੈਂ ਅਜੇ ਤਕ ਨਾਮ ਨਹੀਂ ਲਿਆ। ਧਲਵਾਈ ਦਾ ਮੈਂ ਕੰਮ ਕਰਦਾਂ। ਉਸ ਵੇਲੇ ਮਹਾਰਾਜ ਨੇ ਪੂਰਾ ਜਗਿਆਸੂ ਦੇਖ ਕੇ ਕ੍ਰਿਪਾ ਕੀਤੀ ਚਰਨਾਂ ਮ੍ਰਿਤ ਦੇ ਕੇ, ਨਾਮ ਦੀ ਦਾਤ ਦੇ ਕੇ ਆਪ ਸਮਝਾਉਣ ਲੱਗੇ ਕਿ ਭਾਈ ਕਟਾਰੂ! ਜੋ ਸ੍ਰੀ ਗੁਰੂ ਨਾਨਕ ਸਾਹਿਬ ਦਾ ਮੱਤ ਹੈ, ਉਹਨਾਂ ਨੇ ਸੁਖਾਲੇ ਤੋਂ ਸੁਖਾਲਾ ਤਰੀਕਾ ਲਿਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਬੜੇ ਕਠਿਨ ਤੋਂ ਕਠਿਨ ਸਾਧਨ ਪ੍ਰਚਲਤ ਸੀਗੇ ਇਥੇ। ਉਹਨਾਂ ਦੇ ਵਿਚੋਂ ਇਸ ਨੂੰ ਪ੍ਰਤੱਖ ਤੌਰ ਤੇ ਜਾਨਣ ਵਾਸਤੇ ਸਵਾਸਾਂ ਦੀ ਮਦਦ ਲੈਂਦੇ ਸੀ। ਪ੍ਰਾਣਾਯਾਮ ਦੇ ਬਲ ਨਾਲ ਸਵਾਸ ਨੂੰ ਰੀੜ੍ਹ ਦੀ ਹੱਡੀ 'ਚ ਸੁਖਮਨਾ ਨਾੜੀ 'ਚ ਦਾਖਲ ਕਰਦੇ ਸੀ। ਬੜੀ ਮੁਸ਼ਕਲ ਕ੍ਰਿਆ ਸੀ, ਨੇਤੀ, ਧੋਤੀ, ਬਸਤੀ, ਕਪਾਲੀ ਆਦਿ ਬੜੇ ਔਖੇ ਸਾਧਨ ਕਰਨੇ ਪੈਂਦੇ ਸੀ ਤੇ ਉਸ ਤੋਂ ਬਾਅਦ ਮੂਲਧਾਰ ਚੱਕਰ 'ਚੋਂ ਰੀੜ੍ਹ ਦੀ ਹੱਡੀ 'ਚੋਂ ਐਨਰਜੀ ਸੈਂਟਰਾਂ 'ਚੋਂ ਹੁੰਦਾ-ਹੁੰਦਾ ਕਿਤੇ ਦਸਵੇਂ ਦੁਆਰ 'ਤੇ ਪਹੁੰਚਿਆ ਕਰਦਾ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਜਿਹੜਾ ਧਰਮ ਹੈ ਆਮ ਲੋਕਾਂ ਦਾ ਧਰਮ ਹੈ ਵਿਸ਼ੇਸ਼ ਦਾ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਬੰਦਿਆਂ ਨੂੰ ਨਹੀਂ ਲੰਘਾਉਣਾ, ਸੰਸਾਰ ਨੂੰ ਪਾਰ ਕਰਨਾ ਹੈ। ਇਸ ਕਰਕੇ ਉਹਨਾਂ ਨੇ ਬਹੁਤ ਸੌਖਾ ਮਾਰਗ, ਨਾਮ ਮਾਰਗ ਲਿਆਂਦਾ। ਸੁਰਤਿ ਜਿਹੜੀ ਹੈ ਇਹਦੇ ਨਾਲ ਨਾਮ ਨੂੰ ਜੋੜਨਾ ਹੈ। **ਸੋ ਸਾਡਾ ਜਿਹੜਾ ਮਾਰਗ ਹੈ ਸ਼ਬਦ ਸੁਰਤਿ ਦਾ ਮਾਰਗ ਹੈ।** ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਨਾਨਕ ਨਾਮ ਵਖਾਣੇ ,*
*ਸੁਰਤਿ ਸਬਦਿ ਭਵ ਸਾਗਰ ਤਰੀਐ।*

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ॥* *ਅੰਗ - ੯੩੮*

ਕਹਿਣ ਲੱਗੇ, ਭਾਈ ਕਟਾਰੂ! ਸ੍ਰੀ ਗੁਰੂ ਨਾਨਕ ਸਾਹਿਬ ਦਾ ਜੋ ਮੱਤ ਹੈ ਉਹਨਾਂ ਨੇ ਨਿਖੇੜਿਆ ਹੈ ਪੂਰੀ ਤਰ੍ਹਾਂ ਦੇ ਨਾਲ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਬੜਾ ਕਠਿਨ ਸਾਧਨ ਹੋਇਆ ਕਰਦਾ ਸੀ। ਬੜੀਆਂ ਭੁੱਲ-ਭਲਾਈਆਂ ਸੀ ਉਹਦੇ ਵਿਚ। ਮੁਸ਼ਕਲ ਸੀ ਬਹੁਤ, ਗ੍ਰਹਿਸਤੀ ਤਾਂ ਕਰ ਹੀ ਨਹੀਂ ਸੀ ਸਕਦਾ। ਜਿਸ ਵਕਤ ਸ੍ਰੀ ਗੁਰੂ ਨਾਨਕ ਪਾਤਸ਼ਾਹ ਗੋਰਖਨਾਥ ਦੇ ਪਾਸ ਹੇਮਕੁੰਟ ਪਰਬਤ ਦੇ ਉਤੇ ਜਾਂਦੇ ਨੇ, ਉਪਰ ਜਾ ਕੇ ਮਿਲਦੇ ਨੇ। ਉਸ ਵੇਲੇ ਗੋਰਖਨਾਥ ਨੇ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਬੜੀ ਲੰਮੀ ਚੌੜੀ ਬਾਤ ਕਰੀ। ਉਹ ਕਹਿਣ ਲੱਗੇ, ਹੇ ਨਾਨਕ! ਜੋ ਸਾਡਾ ਮੱਤ ਹੈ ਇਹ ਪੂਰਨ ਹੈ, ਤੇਰਾ ਮੱਤ

ਜੋ ਹੈ ਇਹ ਕੱਚਾ ਹੈ। ਇਹ ਨਾ ਤੂੰ ਸੰਸਾਰ ਵਿਚ ਪ੍ਰਚਲਤ ਕਰ। ਤੂੰ ਸਾਡਾ ਚੇਲਾ ਬਣ ਜਾ ਤੇ ਸਾਡੇ ਵਾਲਾ ਜੋ ਮੱਤ ਹੈ ਇਹ ਪਰਖਿਆ ਹੋਇਆ ਹੈ। ਮਾਨ ਸਰੋਵਰ ਝੀਲ ਦੇ ਕਿਸੇ ਪਹਾੜ ਦੇ ਉਤੇ ਇਹ ਸਾਰੀ ਚਰਚਾ ਹੋਈ ਹੈ। ਬੜਾ ਜ਼ੋਰ ਲਾਇਆ ਉਹਨਾਂ ਨੇ, ਬਹੁਤ ਕੁਝ ਕਰਿਆ। ਅਖੀਰ ਇਸ ਗੱਲ ਨੂੰ ਦਿਖਾਉਣ ਵਾਸਤੇ ਕਿ ਸਾਡੇ ਵਿਚ ਕਿੰਨੀ ਸ਼ਕਤੀ ਪੈਦਾ ਹੋ ਜਾਂਦੀ ਹੈ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਕਹਿੰਦੇ ਲੈ ਬਾਲਿਆ! ਆਪ ਤਾਂ ਵੱਡੇ ਸੀ। 500-500, 1000-1000 ਸਾਲ ਦੇ, ਉਮਰਾਂ ਵਧਾਈਆਂ ਹੋਈਆਂ ਸੀ। ਗੁਰੂ ਦਸਵੇਂ ਪਾਤਸ਼ਾਹ ਜੋਗੀਪੁਰ ਗਏ ਜਦੋਂ ਗਏ ਨੇ ਮਾਲਵੇ 'ਚ, ਉਥੇ 5113 ਸਾਲ ਦਾ ਯੋਗੀ ਇਹਨਾਂ ਨੂੰ ਮਿਲਿਆ ਸੀ। ਮਹਾਰਾਜ ਕਹਿੰਦੇ, ਪੁਰਾਣਾ ਖੱਲੜ ਚੁੱਕੀਂ ਫਿਰਦੈ, 500-500 ਸਾਲ ਦੀ ਸਮਾਧੀ ਲਾ ਕੇ, ਥੋੜ੍ਹੇ ਜਿਹੇ ਦਿਨ ਰਹਿੰਦੇ ਨੇ ਫੇਰ ਸਮਾਧੀ ਲਾ ਲੈਂਦੈ। ਕਹਿੰਦੇ, ਤੈਨੂੰ ਕੀ ਫਾਇਦਾ ਹੈ? ਪੁਰਾਣਾ ਖੱਲੜ ਲਈਂ ਫਿਰਦੈਂ। ਉਮਰ ਵਧਾ ਲੈਂਦੇ ਸੀ -

*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ॥ ਅੰਗ- ੬੪੨*

ਆਰਜਾ ਵੱਡੀ ਕਰ ਲੈਂਦੇ ਸੀ ਲੇਕਿਨ ਪ੍ਰਮੇਸ਼ਰ ਨਾਲ ਮਿਲਾਪ ਨਹੀਂ ਸੀ ਹੁੰਦਾ। ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਸਾਡੇ ਮੱਤ ਦੇ ਵਿਚ ਪ੍ਰੈਕਟੀਕਲ ਹੈ ਸਭ ਕੁਛ। ਤੇਰੇ ਕੋਲ ਸਾਰੀਆਂ ਜ਼ੁਬਾਨੀ ਬਾਤਾਂ ਨੇ। ਅਸੀਂ ਜਦੋਂ ਮੂਲਧਾਰ ਚੱਕਰ ਦੇ ਵਿਚ ਵੜਦੇ ਹਾਂ ਉਸੇ ਵੇਲੇ ਸਾਡੇ ਅੰਦਰ ਜਿਹੜੀ ਵਿਧੁਤ ਸ਼ਕਤੀ ਹੈ, ਬਿਜਲੀ ਦੀ ਸ਼ਕਤੀ, ਉਸ ਨੂੰ ਅਸੀਂ ਇਕ ਦਮ ਚਾਲੂ ਕਰ ਦਿੰਦੇ ਹਾਂ। ਉਹਨੂੰ ਕੁੰਡਲਨੀ ਕਹਿੰਦੇ ਨੇ। ਉਹ ਚਾਲੂ ਹੁੰਦੇ ਸਾਰ ਸਾਨੂੰ ਦੂਰ-ਦੂਰ ਦੀਆਂ ਗੱਲਾਂ ਦਾ ਪਤਾ ਲਗ ਜਾਂਦਾ ਹੈ। ਕੰਧਾਂ ਸਾਡੇ ਮੂਹਰੇ ਕੋਈ ਰੁਕਾਵਟ ਨਹੀਂ ਹਨ, ਇਸ ਤੋਂ ਅੱਗੇ ਅਸੀਂ ਦੇਖ ਸਕਦੇ ਹਾਂ। ਪ੍ਰੈਕਟੀਕਲ ਸ਼ਕਤੀਆਂ ਸਾਡੇ ਵਿਚ ਆ ਜਾਂਦੀਆਂ ਹਨ। ਜਿਉਂ-ਜਿਉਂ ਅਸੀਂ ਉਸ ਕੁੰਡਲਨੀ ਨੂੰ ਲੈ ਕੇ ਚੜ੍ਹਾਈ ਕਰਦੇ ਹਾਂ, ਪੰਜ ਚੱਕਰਾਂ ਨੂੰ ਵੇਧਦੇ ਹਾਂ, ਓਨੇ-ਓਨੇ ਸਾਨੂੰ ਅਨਹਦ ਸੁਣਨ ਲਗ ਜਾਂਦੇ ਨੇ ਤੇ ਓਨੀਆਂ ਹੀ ਲਾਈਟਾਂ ਦਿਸਣ ਲਗ ਜਾਂਦੀਆਂ ਨੇ। ਉਸ ਤੋਂ ਬਾਅਦ ਜਦੋਂ ਅਸੀਂ ਸਹੰਸਰਾਰ ਦਲ ਕਮਲ 'ਚ ਪਹੁੰਚਦੇ ਹਾਂ, ਉਸ ਵੇਲੇ ਬੇਅੰਤ ਸ਼ਕਤੀਆਂ, ਹਜ਼ਾਰ ਸ਼ਕਤੀ ਉਸ ਥਾਂ ਦਸਦੇ ਨੇ ਕਿ ਉਹ ਸਾਰੀਆਂ ਸਾਨੂੰ ਪ੍ਰਾਪਤ ਹੋ ਜਾਂਦੀਆਂ ਨੇ। ਆਪਣੇ ਸਿੱਖਾਂ ਨੂੰ ਤੂੰ ਇਸ ਮਾਰਗ 'ਤੇ ਲਾ। ਜਿਹੜੇ ਮਾਰਗ 'ਤੇ ਲਾ ਰਿਹੈਂ, ਇਹ ਮਾਰਗ ਠੀਕ ਨਹੀਂ। ਗਲਤ ਹੈ ਤੇਰਾ ਮਾਰਗ।

ਤਾਂ ਉਸ ਵੇਲੇ ਯੋਗੀ ਦੀ ਉਮਰ ਤਾਂ ਬਹੁਤ ਵੱਡੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ ਬਹੁਤ ਛੋਟੀ ਸੀ ਸਰੀਰ ਦੀ। ਕਹਿੰਦੇ, ਲਿਆ ਬਾਲਿਆ! ਪਾਣੀ ਲਿਆ ਉਥੋਂ ਸਾਡੇ ਵਾਸਤੇ, ਚਿੱਪੀ ਦੇ ਦਿਤੀ। ਦਿਖਾ ਦਿਤਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਆਹ ਦੇਖ ਝੀਲ ਹੈ ਨਾ ਹੇਠਾਂ ਪਾਣੀ ਦੀ ਭਰੀ ਹੋਈ। ਮਹਾਰਾਜ ਕਹਿੰਦੇ, ਹਾਂ। ਜਿਸ ਵਕਤ ਗੁਰੂ ਮਹਾਰਾਜ ਝੀਲ ਵਲ ਨੂੰ ਪਹਾੜੀ ਤੋਂ ਉਤਰ ਕੇ ਜਾ ਰਹੇ ਨੇ, ਗੋਰਖਨਾਥ ਨੇ ਇਕ ਨਿਗ੍ਹਾ ਮਾਰੀ ਉਹ ਸਾਰਾ ਜਿੰਨਾ ਰਕਬਾ ਸੀ ਹੀਰੇ-ਜਵਾਹਰਾਤ ਦੇ ਵਿਚ ਬਦਲ ਦਿਤਾ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਜਾਂਦੇ ਨੇ ਤਾਂ ਉਹ ਝਿਲਮਿਲ-ਝਿਲਮਿਲ ਕਰਦਾ ਹੈ, ਨਿਗ੍ਹਾ ਨਹੀਂ ਟਿਕਦੀ। ਮਹਾਰਾਜ ਮੁੜ ਆਏ, ਮਹਾਰਾਜ ਨੇ ਦੇਖਿਆ ਕਿ ਸ਼ਕਤੀ ਵਰਤੀ ਹੈ ਇਥੇ ਇਹਨਾਂ ਨੇ। ਉਹ ਪ੍ਰਭਾਵਤ ਨਹੀਂ ਹੋਏ ਇਸ ਗੱਲ ਤੋਂ। ਵਾਪਸ ਆ ਗਏ। ਕਹਿੰਦੇ, ਨਾਥ ਜੀ! ਉਥੇ ਤਾਂ ਪਾਣੀ ਹੀ ਨਹੀਂ ਹੈ। ਉਥੇ ਤਾਂ ਪੱਥਰ ਨੇ ਚਮਕਣੇ ਹੋਰ ਤਾਂ ਕੁਝ ਹੈ ਨਹੀਂ। ਕਹਿੰਦੇ, ਨਾਨਕ! ਦੇਖ ਪਾਣੀ ਤਾਂ ਭਰਿਆ ਹੋਇਆ ਸੀ ਨਾ, ਤੈਨੂੰ ਦਿਖਾਇਆ ਵੀ ਸੀ। ਮੈਂ ਇਕ ਨਿਗ੍ਹਾ ਕੀਤੀ ਹੈ, ਉਸ ਨਿਗ੍ਹਾ ਦੇ ਨਾਲ ਕੀ ਹੋਇਆ, ਕਹਿੰਦੇ, ਦੇਖੋ ਸਾਰੇ ਹੀਰੇ ਜਵਾਹਰਾਤ ਦੇ ਵਿਚ ਬਦਲ ਗਿਆ ਨਾ? ਮਹਾਰਾਜ ਕਹਿੰਦੇ, ਦੇਖੋ ਤੁਹਾਨੂੰ ਲੱਗੀ ਹੋਵੇ ਪਿਆਸ, ਇਹ ਹੀਰੇ ਜਵਾਹਰਾਤ ਤੁਹਾਡੀ ਪਿਆਸ ਬੁਝਾ ਦੇਣਗੇ? ਪਾਣੀ ਦੀ ਕੀਮਤ ਪਾਣੀ ਨਾਲ ਹੀ ਸਬੰਧ ਰਖਦੀ ਹੈ। ਇਹ ਅਨਮੁੱਲੀ ਚੀਜ਼ ਹੈ। ਪ੍ਰਸ਼ਾਦੇ ਦੀ ਪ੍ਰਸ਼ਾਦੇ ਨਾਲ ਰਖਦੀ। ਇਹ ਤਾਂ ਤੁਸੀਂ ਐਵੇਂ ਪੱਥਰ ਇਕੱਠੇ ਕਰ ਦਿਤੇ ਉਥੇ। ਮਹਾਰਾਜ ਆਏ ਨਾ ਇਸ ਚੀਜ਼ ਦੇ ਅੰਦਰ। ਇਸ ਤੋਂ ਬਾਅਦ ਬਹੁਤ ਸਾਰੀ ਚਰਚਾ ਹੋਈ, ਉਹਦੇ ਵਿਚ ਉਹ ਮੰਨ ਗਏ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਜੋ ਮੱਤ ਹੈ ਸੁਰਤਿ ਤੇ ਸਬਦਿ ਦਾ ਇਹ ਬੜਾ ਸੁਖਾਲਾ ਹੈ। ਮਹਾਰਾਜ ਨੇ ਕਿਹਾ, ਦੇਖੋ, ਅਸੀਂ ਤੁਹਾਡੇ ਵਾਂਗਣ ਨੇਤੀ, ਧੋਤੀ, ਬਸਤੀ, ਕਪਾਲੀ, ਇਹ ਕ੍ਰਿਆ ਨਹੀਂ ਕਰਾਉਣੀਆਂ। ਅਸੀਂ ਗ੍ਰਹਿਸਤੀਆਂ ਦੀ ਸੁਰਤਿ ਨੂੰ ਜਗਾਉਣਾ ਹੈ, ਸੁਰਤਿ ਹਰੇਕ ਦੇ ਅੰਦਰ ਹੁੰਦੀ ਹੈ। ਉਹ ਸੁਰਤਿ ਫੁਰਨਿਆਂ ਦੇ ਵਿਚ ਘਿਰੀ ਹੋਈ ਹੈ। ਉਹਨੂੰ ਨਿਆਰੀ ਕਰਨੈ ਫੁਰਨਿਆਂ ਤੋਂ। ਸਾਰੇ ਜਾਣਦੇ ਨੇ ਆਪਣੇ ਅੰਦਰ ਹੋਸ਼ ਹੈ, ਲੇਕਿਨ ਇਹ ਹੋਸ਼ ਫੁਰਨਿਆਂ ਦੇ ਅੰਦਰ ਘਿਰੀ ਪਈ ਹੈ। ਇਹਨੂੰ ਨਿਆਰੀ ਕਰ ਦਿਓ। ਕਹਿੰਦੇ ਇਹਨੂੰ ਨਿਆਰੀ ਕਰਕੇ ਇਹਦੇ ਨਾਲ ਜਿਹੜਾ ਨਾਮ ਮੰਤਰ ਹੈ, ਜੋੜ ਦੇਣੈ, ਇਹ ਸੁਰਤ ਨੇ ਚੜ੍ਹਾਈ ਕਰਨੀ ਹੈ। ਤੁਹਾਡੇ ਸਵਾਸ ਚੜ੍ਹਾਈ ਕਰਦੈ। ਸਾਡੇ ਇਹਦੇ ਵਿਚ ਨਾ ਕੋਈ ਔਖ ਹੈ, ਕਾਰੋਬਾਰ ਕਰੋ, ਸਭ ਕੁਛ ਕਰੋ। ਲੇਕਿਨ ਫੇਰ ਸਭ ਕੁਛ ਕਰਦੇ ਕਰਾਉਂਦੇ, ਜੀਵ ਜਿਹੜਾ ਹੈ ਇਹ ਲੰਘ ਜਾਂਦੈ। ਗ੍ਰਹਿਸਤੀ ਜੀਵ ਵੀ ਲੰਘ ਜਾਂਦੈ। ਨਾਮ ਦੀ ਮਹਿਮਾ ਐਨੀ ਜ਼ਬਰਦਸਤ ਹੈ। ਕਹਿਣ ਲੱਗੇ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*

*ਨਾਨਕ ਨਾਮੁ ਵਖਾਣੇ ॥ ਅੰਗ- ੯੩੮*

ਸੁਰਤਿ ਨੂੰ ਸ਼ਬਦ ਨਾਲ ਜੋੜਨ ਦੀ ਲੋੜ ਹੈ, ਨਾ ਕਿ ਸਵਾਸਾਂ ਉਪਰ ਜ਼ੋਰ ਲਾਓ, ਕਸਰਤ ਕਰੋ, ਇਹ ਤਾਂ futile exercise (ਵਿਅਰਥ ਕਸਰਤ) ਹੈ। ਗੱਲ ਤਾਂ ਸੁਰਤਿ ਨੇ ਹੀ ਇਸ ਨੂੰ ਜਨਮਾਂ-ਜਨਮਾਂਤਰਾਂ 'ਚ ਪਾਇਆ ਹੋਇਐ। ਸੁਰਤਿ ਹੀ ਇਹਦੀ ਪਤਲੀ ਹੋ ਜਾਏ, ਬਰੀਕ ਹੋ ਜਾਏ, ਲਤੀਫ ਹੋ ਜਾਏ, ਇਹ ਸੁਰਤ ਹੀ ਇਹਨੂੰ ਪ੍ਰਮੇਸ਼ਰ ਤਕ ਲੈ ਜਾਂਦੀ ਹੈ। ਸਵਾਸ ਤਾਂ ਰਹਿ ਜਾਂਦੈ, ਦਸਵੇਂ ਦੁਆਰ ਤੋਂ ਅਗਾਂਹਾਂ ਸਵਾਸ ਦੀ ਪਹੁੰਚ ਹੀ ਨਹੀਂ ਹੈ ਤੇ ਸਵਾਸ ਤੁਸੀਂ ਕਾਬੂ ਕਰ ਲਿਆ ਤਾਂ ਕਾਰੋਬਾਰ ਨਹੀਂ ਕਰ ਸਕਦੇ। ਅਸੀਂ ਸੁਰਤਿ ਕਾਬੂ ਕਰ ਲਈ, ਹੱਥੀਂ ਪੈਰੀਂ ਕੰਮ ਹੋਈ ਜਾਂਦੈ, ਸੁਰਤਿ ਪ੍ਰਮੇਸ਼ਰ ਦਾ ਨਾਮ ਜਪਦੀ ਹੈ। ਸੋ ਇਸ ਤਰ੍ਹਾਂ ਦੇ ਬਹੁਤ ਸਾਰੇ ਬਚਨ ਮਹਾਰਾਜ ਨੇ ਕਰੇ ਤੇ ਭਾਈ ਗੁਰਦਾਸ ਜੀ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,*
*ਸ਼ਬਦਾਂ ਦੇ ਬਾਣ ਮਾਰ ਕੇ।*

ਸ਼ਬਦ ਦੇ ਨਾਲ ਮੰਡਲੀ ਸਾਰੀ ਜਿੱਤ ਲਈ।

*ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਅਪਨਾ ਪੰਥੁ ਨਿਰਾਲਾ॥*
*ਕਲਿਜੁਗਿ ਨਾਨਕ ਨਾਮੁ ਸੁਖਾਲਾ। ਭਾਈ ਗੁਰਦਾਸ ਜੀ*

ਕਹਿਣ ਲੱਗੇ, ਨਾਮ ਦਾ ਮਾਰਗ, ਨਾਮ ਦਾ ਜਪਣਾ ਸੁਖਾਲਾ ਹੈ। ਗੋਰਖਨਾਥ ਵਗੈਰਾ ਨੂੰ ਯਕੀਨ (convince) ਕਰਾ ਦਿਤਾ।

ਸੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ, ਭਾਈ ਕਟਾਰੂ! ਗੁਰਸਿੱਖੀ ਦੇ ਵਿਚ ਸੁਰਤਿ ਤੇ ਸਬਦਿ ਦਾ ਮਾਰਗ ਹੈ। ਸੁਰਤਿ ਨੂੰ ਸ਼ਬਦ ਦੇ ਨਾਲ ਲਾਉਣੈ। ਪਰ ਇਹ ਜਿਹੜਾ ਮਨ ਹੈ ਇਹ ਐਨਾ ਤਰਲ ਹੈ, ਐਨਾ ਵਿਸ਼ਿਆਂ ਵਲ ਨੂੰ ਦੌੜਦੈ ਤੇ ਸਮਝਾਇਆ ਹੋਇਆ ਵੀ ਨਹੀਂ ਰੁਕਦਾ। ਮਨ ਦਾ ਰੁਖ ਜਿਹੜਾ ਹੈ ਉਹ ਨੀਵੇਂ ਪਾਸੇ ਨੂੰ ਹੈ। ਉਪਰਲੇ ਪਾਸੇ ਨੂੰ ਨਹੀਂ ਹੈ, ਇਹ ਨਾ ਸਮਝਾਇਆ ਹੋਇਆ ਸਮਝਦਾ ਹੈ। ਨਾ ਕਿਤਾਬਾਂ ਪੜ੍ਹ ਕੇ ਸਮਝੇ। ਇਹਦੀਆਂ ਰੁਚੀਆਂ ਹੀ ਐਸੀਆਂ ਨੇ, ਇਹਨਾਂ ਨੂੰ ਫਤਹਿ ਕਰਨਾ ਸਭ ਤੋਂ ਔਖਾ ਹੈ।

*ਕਉਡੀ ਬਦਲੈ ਤਿਆਗੈ ਰਤਨੁ॥*
*ਛੋਡਿ ਜਾਇ ਤਾਹੂ ਕਾ ਜਤਨੁ ॥ ਅੰਗ- ੯੯੨*

ਵਿਸ਼ੇ ਵਿਕਾਰਾਂ ਦੀ ਕਉਡੀ ਪਿੱਛੇ ਨਾਮ ਦੇ ਰਤਨ ਨੂੰ ਛੱਡ ਦਿੰਦੈ। ਜਿਹੜੀ ਚੀਜ਼ ਨੂੰ ਛੱਡ ਜਾਣੈ, ਉਹਦੇ ਵਾਸਤੇ ਦਿਨ ਰਾਤ ਯਤਨ ਕਰਦੈ -

*ਸੋ ਸੰਚੈ ਜੋ ਹੋਛੀ ਬਾਤ ॥ ਅੰਗ- ੯੯੨*

ਜਿਹੜਾ ਕੁਛ ਵੀ ਇਹ ਇਕੱਠਾ ਕਰਦੈ, ਹੋਛੀ ਗੱਲ ਨੂੰ ਇਕੱਠਾ ਕਰਦੈ -

*ਮਾਇਆ ਮੋਹਿਆ ਟੇਢਉ ਜਾਤ ॥ ਅੰਗ- ੯੯੨*

ਗੱਲ ਸਮਝ 'ਚ ਨਹੀਂ ਆਉਂਦੀ, ਤਰਕ ਕਰਦੈ। ਟੇਢਾ ਹੀ ਟੇਢਾ ਜਾਂਦੈ ਕਿਉਂਕਿ ਮਾਇਆ ਨੇ ਮੋਹਿਆ ਹੋਇਐ -

*ਅਭਾਗੇ ਤੈ ਲਾਜ ਨਾਹੀ ॥ ਅਭਾਗੇ ਤੈ ਲਾਜ ਨਾਹੀ ॥*
*ਸੁਖ ਸਾਗਰ ਪੂਰਨ ਪਰਮੇਸਰੁ*
*ਹਰਿ ਨ ਚੇਤਿਓ ਮਨ ਮਾਹੀ ॥ ੧ ॥ ਰਹਾਉ ॥*
*ਅੰਗ- ੯੯੨*

ਐਸਾ ਜੋ ਵਾਹਿਗੁਰੂ ਹੈ ਉਹਨੂੰ ਤੂੰ ਯਾਦ ਨਹੀਂ ਕਰਿਆ ਆਪਣੇ ਮਨ ਦੇ ਅੰਦਰ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ- ੯੯੨*

ਕਹਿੰਦੇ, ਅੰਮ੍ਰਿਤ ਤਾਂ ਇਹਨੂੰ ਕੌੜਾ ਲਗਦੈ, ਬਿਹੁ ਜਿਹੜੀ ਹੈ ਮਾਇਆ ਦੀ ਬਿਰਤੀ, ਕਹਿੰਦੇ ਉਹ ਬੜੀ ਮਿੱਠੀ ਲਗਦੀ ਹੈ। ਅਸੀਂ ਸਾਕਤ ਦੀ ਬਿਧ ਜਿਹੜੀ ਹੈ ਅੱਖਾਂ ਨਾਲ ਦੇਖ ਲਈ -

*ਕੂੜਿ ਕਪਟਿ ਅਹੰਕਾਰਿ ਰੀਝਾਨਾ ॥*
*ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥ ੨ ॥*
*ਅੰਗ- ੯੯੨*

ਨਾਮ ਦੀ ਬਾਤ ਸੁਣਨ ਵਾਸਤੇ ਤਿਆਰ ਨਹੀਂ। ਟੈਲੀਵੀਜ਼ਨ ਸਾਰਾ ਦਿਨ ਦਿਖਾਈ ਜਾਓ, ਥਕਦਾ ਹੀ ਨਹੀਂ। ਮਾੜੀਆਂ ਗੱਲਾਂ ਸਾਰਾ ਦਿਨ ਕਰਾਈ ਜਾਓ, ਨਾਮ ਵਾਸਤੇ ਉਬਾਸੀਆਂ ਆਉਣ ਲਗ ਜਾਂਦੀਆਂ ਨੇ। ਨੀਂਦ ਆਉਣ ਲਗ ਜਾਂਦੀ ਹੈ, ਝੂਟੇ ਖਾਣ ਲਗ ਜਾਂਦੈ, ਕਿਉਂਕਿ ਰੁਚੀ ਨਹੀਂ ਹੈ ਅੰਦਰ। ਸੋ ਕਹਿੰਦੇ, ਭਾਈ ਕਟਾਰੂ! ਇਹ ਸੰਸਾਰ ਜਿਹੜਾ ਹੈ ਇਹ ਹਉਮੈ ਕਰਕੇ ਪ੍ਰਤੀਤ ਦਿੰਦੈ, ਹੈ ਤਾਂ ਇਹ ਵਾਹਿਗੁਰੂ ਦਾ ਹੀ ਰੂਪ ਪਰ ਇਹ ਸੰਸਾਰ ਹਉਮੈ ਦੇ ਪੜਦੇ ਕਰਕੇ ਸੰਸਾਰ ਲਗਣ ਲਗ ਗਿਆ ਤੇ ਆਪਣੇ ਆਪ ਨੂੰ ਇਸ ਨੇ ਵੱਖਰਾ ਕਰ ਲਿਆ। ਜਿਹੜੀ ਮੈਂ ਹੈ ਹਉਮੈ ਵਾਲੀ ਇਹ ਝੂਠੀ ਮੈਂ ਹੈ, ਸੱਚੀ ਮੈਂ ਦੀ ਇਹਨੂੰ ਸੁਰਤ ਨਹੀਂ ਆਉਂਦੀ। ਨਾਮ ਜਪ ਕੇ ਜਦੋਂ ਹਉਮੈ ਦਾ ਪੜਦਾ ਟੁੱਟ ਜਾਏਗਾ, ਉਸ ਵੇਲੇ ਇਹਨੂੰ ਸੱਚੀ ਮੈਂ ਦਾ ਗਿਆਨ ਹੋਏਗਾ। ਪਹਿਲਾਂ ਤਾਂ ਇਹ ਆਪਣੇ ਸਰੀਰ ਨੂੰ ਹੀ ਮੈਂ ਕਹਿੰਦਾ ਹੈ। ਕਿਹੜਾ ਬੰਦਾ ਹੈ ਜਿਹੜਾ ਆਪਣੇ ਸਰੀਰ ਨੂੰ ਮੈਂ ਨਹੀਂ ਕਹਿੰਦਾ। ਮੈਂ ਸਾਮ੍ਹਣੇ ਖੜ੍ਹਾ ਹਾਂ ਤੁਹਾਡੇ, ਮੈਂ ਬੋਲ ਰਿਹਾ ਹਾਂ। ਉਹ ਸਰੀਰ ਭਾਵ ਲੈਂਦਾ ਹੈ ਹਾਲਾਂਕਿ ਸਰੀਰ ਦੀਆਂ ਤਿੰਨ ਹਾਲਤਾਂ ਇਹਨੇ ਦੇਖ ਲਈਆਂ। "ਬਾਲ ਜੁਆਨੀ ਅਰ ਬਿਰਧ ਫੁਨਿ" ਕਦੇ ਬਾਲ ਸੀ, ਕਦੇ ਜਵਾਨ ਸੀ ਤੇ ਹੁਣ ਬਿਰਧ ਹੋ ਗਿਆ। ਉਸ ਤੋਂ ਬਾਅਦ ਚੌਥੀ ਵੀ ਦੇਖਦਾ ਰਹਿੰਦੈ, ਜਦੋਂ ਕੋਈ ਸਰੀਰ ਛੱਡ ਜਾਂਦੈ, ਦੇਖ ਲੈਂਦੈ ਕਿ ਆਹ ਤਾਂ ਚਲਿਆ ਗਿਆ, ਫਲਾਣਾ ਵੀ ਚਲਿਆ ਗਿਆ। ਜਿਵੇਂ ਇਹ ਚਲੇ ਗਏ, ਇਸੇ ਤਰ੍ਹਾਂ

ਦੇ ਨਾਲ, ਇਕ ਦਿਨ ਆਉਣੈ ਜਿਸ ਦਿਨ ਤੈਨੂੰ ਵੀ ਜਾਣਾ ਪੈ ਜਾਣੈ ਇਸ ਸੰਸਾਰ ਤੋਂ। ਸੋ ਇਸ ਤਰ੍ਹਾਂ ਦੇ ਨਾਲ 'ਮੈਂ' ਨੂੰ ਨਹੀਂ ਛੱਡਦਾ। ਉਪਦੇਸ਼ ਵੀ ਦਿੰਦੇ ਹਾਂ, ਸਭ ਕੁਝ ਸੁਣਦੈ ਲੇਕਿਨ ਸਰੀਰ ਤੋਂ ਉੱਚਾ ਉਠਦਾ ਨਹੀਂ, ਸਰੀਰ ਨੂੰ ਹੀ ਮੈਂ ਕਹੀ ਜਾਂਦੈ। ਸਰੀਰ ਨਾਲ ਸਬੰਧ ਰੱਖਣ ਵਾਲੀਆਂ ਚੀਜ਼ਾਂ ਦੇ ਨਾਲ ਫਸੀ ਜਾਂਦੈ। ਆਹ ਆਪਣਾ ਜਿਹੜਾ ਮੈਗਜ਼ੀਨ ਹੈ, ਇਹਦੇ ਵਿਚ ਇਕ 'ਅਨੁਭਵੀ ਬਚਨ' ਆਉਂਦੇ ਨੇ, ਉਸ 'ਚ ਇਹੋ ਜਿਹੀਆਂ ਗੱਲਾਂ ਲਿਖੀਆਂ ਹੁੰਦੀਆਂ ਨੇ ਕਿ ਅੰਦਰ ਜਿਹੜੇ ਇਹਦੇ ਫੁਰਨੇ ਨੇ, ਉਹ ਸੱਪ ਨੇ, ਉਹ ਸੂਖਸ਼ਮ ਸੱਪ ਸਰੀਰ ਨੂੰ ਕੱਟੀ ਜਾਂਦੇ ਨੇ। ਹੁਣ ਵੀ ਕੱਟੀ ਜਾਂਦੇ ਨੇ, ਜਦੋਂ ਇਹ ਸਰੀਰ ਛੱਡੇਗਾ ਫੇਰ ਵੀ ਕੱਟੀ ਜਾਣਗੇ। ਦੁਖ ਉਸੇ ਚੀਜ਼ ਦਾ ਹੁੰਦਾ ਹੈ, ਪਰਲੋਕ ਵਿਚ ਜਾ ਕੇ ਕਿਉਂਕਿ ਵਾਸ਼ਨਾਵਾਂ ਦੀ ਪੂਰਤੀ ਨਹੀਂ ਹੁੰਦੀ, ਉਹਦੇ ਵਿਚ ਫਸਿਆ ਹੋਇਆ, ਯਾਦ ਕਰ-ਕਰ ਕੇ ਦੁਖੀ ਹੁੰਦੈ ਕਿ ਮੇਰਾ ਔਹ ਲੈ ਗਿਆ, ਮੇਰਾ ਆਹ ਲੈ ਗਿਆ। ਜੇ ਭਲਾ ਕਰਦਾ ਰਿਹਾ-ਕਰਦਾ ਰਿਹਾ, ਵਾਰਿਸ ਕੋਈ ਹੋਰ ਹੀ ਬਣ ਗਿਆ ਪਿੱਛੋਂ, ਫੇਰ ਉਸ ਤੋਂ ਜ਼ਿਆਦਾ ਦੁਖ ਇਸ ਨੂੰ ਹੁੰਦੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਝੂਠੀ ਮੈਂ ਦੇ ਵਿਚ ਫਸ ਕੇ, ਸੱਚੀ ਮੈਂ ਨੂੰ ਨਾ ਪਛਾਣ ਕੇ ਦੁਖੀ ਹੋ ਰਿਹੈ। ਜੇ ਭਲਾ ਕੋਈ ਕਹੇ ਕਿ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ, ਉਹਨੂੰ ਕਹੋ ਕਿ ਹੱਥ ਲਾ ਤੂੰ। ਮੈਂ ਕੀ ਹਾਂ?

ਇਕ ਵਾਰੀ ਸਵਾਮੀ ਰਾਮ ਤੀਰਥ ਜੀ ਅਮਰੀਕਾ 'ਚ ਚਲੇ ਗਏ। ਕੈਲੇਫੋਰਨੀਆਂ ਯੂਨੀਵਰਸਿਟੀ 'ਚ ਲੈਕਚਰ ਦਿਤਾ ਉਹਨਾਂ ਨੇ। ਉਥੇ ਇਕ ਅੰਗਰੇਜ਼ ਕਹਿਣ ਲੱਗਿਆ ਕਿ ਸਵਾਮੀ ਜੀ ਮੈਂ ਤੁਹਾਨੂੰ ਘਰ ਲਿਜਾਣਾ ਚਾਹੁੰਦਾ ਹਾਂ। ਉਹ ਕਹਿੰਦੇ ਪਤਾ ਦੇ-ਦੇ। ਉਹਨੇ ਪਤਾ ਲਿਖ ਦਿਤਾ। ਸਵਾਮੀ ਜੀ ਗਏ ਹੀ ਨਾ। ਉਹ ਦੂਜੇ ਦਿਨ ਕਹਿਣ ਲੱਗਿਆ, ਮੈਂ ਇੰਤਜ਼ਾਰ ਕਰਦਾ ਰਿਹਾ, ਤੁਸੀਂ ਆਏ ਨਾ। ਕਹਿੰਦੇ, ਐਡਰੇਸ ਤੇਰਾ ਗਲਤ ਸੀ। ਉਹਨੇ ਹੋਰ ਠੀਕ ਕਰ ਦਿਤਾ। ਜ਼ਿਆਦਾ ਨਕਸ਼ਾ ਜਿਹਾ ਵਾਹ ਦਿਤਾ। ਫੇਰ ਵੀ ਨਾ ਗਏ। ਉਹ ਤੀਸਰੇ ਦਿਨ ਆਏ ਤਾਂ ਕਹਿਣ ਲੱਗੇ ਕਿ ਤੁਸੀਂ ਆਏ ਨਹੀਂ? ਉਹ ਕਹਿਣ ਲੱਗੇ, ਤੇਰਾ ਐਡਰੇਸ ਗਲਤ ਸੀ। ਉਹ ਕਹਿੰਦਾ, ਜੀ ਨਹੀਂ ਮੈਂ ਤਾਂ ਹੁਣ ਬਿਲਕੁਲ ਸਹੀ ਨਕਸ਼ਾ ਵੀ ਬਣਾ ਦਿਤਾ। ਉਹ ਕਹਿੰਦੇ, ਪਹਿਲਾਂ ਤੂੰ ਇਹ ਦਸ ਕਿ ਤੂੰ ਕੀ ਹੈਂ? ਉਹ ਕਹਿੰਦਾ, ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ। ਕਹਿੰਦੇ, ਜੇ ਤੇਰੀਆਂ ਦੋਵੇਂ ਬਾਹਾਂ ਕੱਟ ਕੇ ਉਥੇ ਰਖ ਦੇਈਏ, ਤੂੰ ਕੀ ਕਹੇਂਗਾ? ਕਹਿੰਦਾ, ਮੈਂ ਕਹਾਂਗਾ, ਉਹ ਮੇਰੀਆਂ ਬਾਹਾਂ ਨੇ। ਕਹਿੰਦੇ, ਤੂੰ ਜਿਉਂਦਾ ਰਹਿ ਜਾਏਂ ਦੋਵੇਂ ਪੱਟਾਂ ਕੋਲੋਂ ਲੱਤਾਂ ਲਾਹ ਕੇ, ਬਾਹਾਂ ਦੇ ਕੋਲ ਰਖ ਦੇਈਏ। ਫੇਰ ਤੂੰ ਕੀ ਕਹੇਂਗਾ? ਕਹਿੰਦਾ, ਮੈਂ ਕਹਾਂਗਾ, ਇਹ ਮੇਰੀਆਂ ਬਾਹਾਂ ਤੇ ਲੱਤਾਂ ਨੇ। ਚੱਲ, ਹੋਰ ਅਗਾਂਹਾਂ ਕਰ ਲਈਏ, ਤੇਰੇ ਧੜ ਦੇ ਦੋ ਟੁਕੜੇ ਕਰ ਦੇਈਏ ਤੇ ਗਰਦਨ ਕੋਲੋਂ ਵੱਢ ਦੇਈਏ। ਫੇਰ ਜੇ ਤੇਰੇ 'ਚ ਬੋਲਣ ਦੀ ਤਾਕਤ ਹੋਵੇ, ਫੇਰ ਤੂੰ ਕੀ ਕਹੇਂਗਾ? ਕਹਿੰਦਾ, ਮੈਂ ਕਹਾਂਗਾ ਕਿ ਆਹ ਮੇਰਾ ਸਿਰ ਹੈ, ਆਹ ਮੇਰੀ ਛਾਤੀ ਹੈ। ਕਹਿੰਦੇ, ਹੁਣ ਤੂੰ ਸੋਚ ਕਿ ਇਹ ਤੇਰੀਆਂ ਚੀਜ਼ਾਂ ਨੇ ਜਿਵੇਂ ਤੇਰੇ ਕੱਪੜੇ ਪਏ ਹੁੰਦੇ ਨੇ, ਤੂੰ ਤਾਂ ਹੈ ਨਹੀਂ ਨਾ? ਉਹ ਸਮਝ ਗਿਆ ਕਿ ਇਹ ਗੱਲ ਤਾਂ ਅਜੀਬ ਹੀ ਹੋਈ ਕਿ ਮੈਂ ਤਾਂ ਕੋਈ ਹੋਰ ਚੀਜ਼ ਹੋਇਆ। ਮੈਂ ਤਾਂ ਅੱਜ ਤਕ ਇਸੇ ਨੂੰ ਸਮਝਦਾ ਰਿਹਾ। ਉਹ ਕਹਿੰਦੇ ਕਿ ਦੇਖ ਅਸੀਂ ਤੇਰਾ ਐਡਰੇਸ ਚਾਹੁੰਦੇ ਹਾਂ, ਜੇ ਤੈਨੂੰ ਨਹੀਂ ਪਤਾ ਤਾਂ ਸਾਨੂੰ ਪੁਛ ਲੈ। ਅਸੀਂ ਤੈਨੂੰ ਦਸ ਦੇਵਾਂਗੇ ਤੂੰ ਕੌਣ ਹੈਂ?

ਇਸ ਤਰ੍ਹਾਂ ਦੇ ਨਾਲ ਅਸੀਂ ਕਹਿੰਦੇ ਹਾਂ ਕਿ ਸਾਡੇ ਪੰਜ ਗਿਆਨ ਇੰਦਰੇ ਨੇ, ਅੱਖਾਂ ਨਾਲ ਦੇਖਦਾ ਹਾਂ। ਕਹਿੰਦੇ, ਅੱਖਾਂ ਮੈਂ ਹਾਂ? ਕਹਿੰਦੇ, ਇਹ ਤਾਂ ਮੇਰੀਆਂ ਅੱਖਾਂ ਨੇ। ਕੰਨ ਤੂੰ ਹੈ? ਕਹਿੰਦਾ, ਮੇਰੇ ਕੰਨ ਨੇ। ਜ਼ੁਬਾਨ ਤੂੰ ਹੈਂ? ਕਹਿੰਦਾ, ਮੇਰੀ ਜ਼ੁਬਾਨ ਹੈ। ਫੇਰ ਤੂੰ ਕੀ ਹੋਇਆ? ਪੰਜ ਪ੍ਰਾਣ ਨੇ, ਪੰਜਾਂ ਪ੍ਰਾਣਾਂ 'ਚੋਂ ਕਿਹੜਾ ਪ੍ਰਾਣ ਹੈਂ ਤੂੰ? ਕਹਿੰਦਾ, ਕੋਈ ਵੀ ਨਹੀਂ। ਮੈਂ ਤਾਂ ਇਹ ਕਹਿੰਦਾ ਹਾਂ ਕਿ ਮੇਰੇ ਪ੍ਰਾਣ ਨਿਕਲ ਜਾਣੇ ਨੇ। ਕਹਿੰਦੇ, ਹੋਰ ਅਗਾਂਹਾਂ ਚੱਲ। ਫੇਰ ਤੂੰ ਮਨ ਹੋਇਆ? ਕਹਿੰਦਾ ਹਾਂ। ਕਹਿੰਦੇ, ਫੇਰ ਤੂੰ ਇਹ ਕਿਉਂ ਕਹਿੰਦੈ ਕਿ ਮੇਰਾ ਮਨ ਨਹੀਂ ਟਿਕਦਾ। ਕਹਿੰਦਾ, ਇਹ ਵੀ ਠੀਕ ਹੈ। ਮੇਰੀ ਬੁੱਧੀ 'ਚ ਇਹ ਗੱਲ ਨਹੀਂ ਆਉਂਦੀ। ਕਹਿੰਦਾ, ਆਹ ਵੀ ਠੀਕ ਹੈ। ਮੇਰਾ ਚਿੱਤ ਅੱਜ ਬੜਾ ਉਦਾਸ ਹੈ। ਕਹਿੰਦੇ, ਹਾਂ ਇਹ ਵੀ ਆਉਂਦੈ। ਫੇਰ ਤੂੰ ਦਸ ਵਿਚਾਰ ਕੇ ਕਿ ਤੂੰ ਕੀ ਹੋਇਆ? ਕਹਿੰਦਾ, ਹੁਣ ਤਾਂ ਮੈਨੂੰ ਪਤਾ ਨਹੀਂ ਲਗਦਾ। ਕਹਿੰਦੇ ਤੂੰ ਜਿਹੜਾ ਹੈ ਨਾ, ਇਹ ਝੂਠੀ ਮੈਂ ਨਾਲ ਬਣਿਆ ਹੋਇਐਂ। ਇਹ ਤੂੰ ਹੈ ਨਹੀਂ, ਤੂੰ ਸੱਚੀ ਮੈਂ ਹੈਂ -

*ਮਰਣਹਾਰੁ ਇਹੁ ਜੀਅਰਾ ਨਾਹੀ ॥* *ਅੰਗ- ੧੮੮*

ਮਰਿਆ ਕਰਦੀ ਹੈ ਹਉਮੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩ ॥*
*ਅੰਗ- ੯੯੯*

ਜੰਮਦਾ ਮਰਦਾ ਓਹੀ ਹੈ ਜਿਹੜਾ ਵੇੜ੍ਹਿਆ ਹੋਇਐ ਹਉਮੈ ਦਾ। ਜਿਹੜੀ ਇਹਦੀ ਸੱਚੀ ਰੂਹ ਹੈ, ਰੂਹ ਨਾ ਕਦੇ ਜੰਮੀ ਹੈ ਨਾ ਕਦੇ ਮਰੀ ਹੈ -

*ਓਹੁ ਅਬਿਨਾਸੀ ਬਿਨਸਤ ਨਾਹੀ ॥*
*ਨਾ ਕੋ ਆਵੈ ਨਾ ਕੋ ਜਾਹੀ ॥* *ਅੰਗ- ੨੩੬*

ਉਹਨੂੰ ਸੱਚੀ ਰੂਹ ਨੂੰ ਨਹੀਂ ਪਛਾਣ ਰਿਹਾ। ਝੂਠੀ ਰੂਹ ਨੂੰ ਅਸੀਂ ਪਛਾਣ ਕੇ ਦੁਖੀ ਹੁੰਦੇ ਫਿਰਦੇ ਹਾਂ।

*'ਚਲਦਾ.......।'*

# ਮਹਾ ਅਨੰਦ ਭਏ ਸੁਖ ਪਾਇਆ.....

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ 'ਸਤਿਨਾਮੁ ਸ੍ਰੀ ਵਾਹਿਗੁਰੂ'। ਪਾਤਸ਼ਾਹ ਜੀ ਨੇ ਰਹਿਮਤ ਕੀਤੀ ਹੈ, ਇਲਾਕਾ ਨਿਵਾਸੀ, ਨਗਰ ਨਿਵਾਸੀ, ਸਰਬੱਤ ਸੰਗਤ ਦੇ ਭਾਗ ਬਣੇ, ਸ਼ੁਭ ਕਰਮ ਬਣੇ ਸਤਿਸੰਗ ਦੀਆ ਸੁਭਾਗ ਘੜੀਆਂ ਪ੍ਰਾਪਤ ਹੋਈਆਂ। ਨਗਰ ਵਾਲਿਆਂ ਦੇ ਕਿੰਨੇ ਚੰਗੇ ਭਾਗ ਨੇ ਕਿ ਕਿਥੋਂ-ਕਿਥੋਂ ਸੰਗਤਾਂ ਇਸ ਨਗਰੀ ਦੇ ਵਿਚ ਪਹੁੰਚੀਆਂ ਹਨ। ਸੰਗਤਾਂ ਬਹੁਤ ਉਤਸ਼ਾਹ ਨਾਲ ਸੇਵਾ ਕਰ ਰਹੀਆਂ ਹਨ। ਪੁਰਾਤਨ ਸਮਿਆਂ ਦੇ ਵਿਚ 68 ਤੀਰਥਾਂ ਦੀ ਯਾਤਰਾ ਕਰਨ ਜਾਣਾ, ਸਾਰਾ ਨਗਰ ਇਕੱਠਾ ਹੋਣਾ। ਪਤਾ ਨਹੀਂ ਇਹਨੇ ਕਦੋਂ ਵਾਪਸ ਆਉਣੈ। ਪੈਦਲ ਜਾਂਦੇ। ਤੀਰਥਾਂ 'ਤੇ ਨਿਵਾਸ ਰਖਦੇ, ਇਸ਼ਨਾਨ ਕਰਦੇ, ਵਿਧੀ ਪੂਰਵਕ ਦਾਨ ਕਰਦੇ। ਕਿੰਨਾ ਹੀ ਸਮਾਂ ਲਗ ਜਾਂਦਾ। ਕਈ ਵਾਪਸ ਹੀ ਨਾ ਆਉਂਦੇ। ਪਰ ਸਤਿਗੁਰ ਦੀ ਰਹਿਮਤ -

*ਤੀਰਥਿ ਨਾਵਣ ਜਾਉ ਜਾਉ ਤੀਰਥੁ ਨਾਮੁ ਹੈ॥*

*ਅੰਗ - ੬੮੭*

ਇਨਸਾਨ ਇਸ ਪਾਸੇ ਵਲ ਵਧਦਾ ਨਹੀਂ। ਸੁਣ ਰਹੇ ਸੀ ਕਿ ਜਾਣਦਾ ਤਾਂ ਹੈ, ਜਦੋਂ ਗੱਲ ਅਜੇ ਸ਼ੁਰੂ ਕਰੋ, ਪਹਿਲਾਂ ਹੀ ਕਹਿ ਦਿੰਦੈ ਕਿ ਮਹਾਂਪੁਰਸ਼ਾਂ ਨੇ ਦਸਿਆ ਹੈ, ਸਵਾਮੀ ਰਾਮ ਜੀ ਨੇ ਦਸਿਆ ਹੈ। ਜੇ ਹੁਣ ਕਿਤੇ ਗੱਲ ਕਰੀਏ ਕਿ ਇਸ ਤਰ੍ਹਾਂ ਨਾਲ ਕਰਿਆ ਕਰੋ, ਸਵਾਸ ਨੂੰ ਕੰਟਰੋਲ ਕਰਿਆ ਕਰੋ। ਅਜੇ ਗੱਲ ਸ਼ੁਰੂ ਹੀ ਕਰਦੇ ਹਾਂ, ਕਿਉਂਕਿ ਦੇਖਦੇ ਨੇ ਮੀਡੀਏ ਦਾ ਯੁੱਗ ਹੈ, ਬੱਚੇ-ਬੱਚੇ ਨੂੰ ਪਤਾ ਹੈ, ਕਹਿਣਗੇ ਇਹ ਤਾਂ ਮੈਨੂੰ ਪਤਾ ਹੈ। ਰਾਮਦੇਵ ਨੂੰ ਦੇਖਿਆ ਹੈ। ਦੇਖਿਆ ਹੀ ਹੈ ਉਹ ਤਾਂ ਇਕ ਕਸਰਤ ਹੋ ਗਈ। ਅੱਗੇ ਸੁਣਿਆ ਤਾਂ ਹੈ ਨਹੀਂ। ਸਤਿਪੁਰਸ਼ ਅੱਗੇ ਦੀ ਬਾਤ ਕਰਦੇ ਨੇ ਕਿ ਸੁਣੋ, ਧੁਨ ਬਣਾ ਲਓ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ- ੮੭੯*

ਸਵਾਮੀ ਰਾਮ ਜੀ ਪ੍ਰਦਰਸ਼ਿਤ ਕਰ ਕੇ ਵੀ ਦਿਖਾਇਆ। ਸੱਤਵਾਂ ਸਮਾਗਮ ਸੀ ਰਤਵਾੜਾ ਸਾਹਿਬ। ਆਪ ਜੀ ਨੇ ਇਹ ਦਰਸਾਇਆ ਕਿ ਕਿਵੇਂ ਸਵਾਸ-ਗਿਰਾਸ ਦਾ ਸਿਮਰਨ ਕਰਨਾ ਹੈ। ਪ੍ਰਤੀਕ ਹੁੰਦੇ ਨੇ ਬਾਹਰ ਦੇ। ਡੂੰਘਾ ਸਵਾਸ ਲਵੋ ਫੇਰ ਛੱਡੋ। ਕਿੰਨਾ ਅਨੰਦ ਬਣ ਜਾਂਦਾ ਹੈ। ਸਤਿਸੰਗ 'ਚ ਜੁਗਤੀਆਂ ਮਿਲਦੀਆਂ ਹਨ। ਜਿੰਨਾ ਡੂੰਘਾ ਸਵਾਸ ਹੋਵੇ ਓਨੀਓਂ ਅੰਦਰ ਸ਼ਾਂਤੀ ਵਰਤ ਜਾਂਦੀ ਹੈ। ਅੱਧਾ ਮਿੰਟ ਤਕ ਪਹੁੰਚਾਓ। ਰੋਜ਼ ਅਭਿਆਸ ਕਰੋ। ਦੇਖੋ ਕਰਕੇ -

ਵਾ.......ਹਿ..............

ਇਹ ਹੁਣ ਦੇਖੋ 30 ਸੈਕਿੰਟ ਹੋ ਗਏ। ਅੱਧਾ ਮਿੰਟ ਹੋ ਗਿਆ। ਇਸੇ ਤਰ੍ਹਾਂ ਜਦੋਂ ਛੱਡਣਾ ਹੈ ਉਸ ਸਮੇਂ ਵੀ ਅੱਧਾ ਕੁ ਮਿੰਟ ਲੱਗੇ। ਅਭਿਆਸ ਨਾਲ ਹੋ ਜਾਂਦਾ ਹੈ। ਪਹਿਲਿਆਂ 'ਚ ਨਹੀਂ ਹੁੰਦਾ। ਅਭਿਆਸ ਹੀ ਮਨੁੱਖ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ (Experince makes the man perfect) ਡੂੰਘਾ ਸਵਾਸ ਗਿਆ ਅੰਦਰ ਨੂੰ। ਹੁਣ ਸਵਾਸ ਤਾਂ ਬਾਰ-ਬਾਰ ਆਉਂਦਾ ਹੈ। ਜਦੋਂ ਛੱਡਣਾ ਹੈ ਉਸ ਸਮੇਂ ਵੀ ਐਨਾ ਹੀ ਸਮਾਂ ਲੱਗੇ। ਜੁਗਤ ਆਉਣੀ ਚਾਹੀਦੀ ਹੈ। ਇਹਦੇ ਉਤੇ ਕੀ ਸੁਣਨਾ, ਦੇਖੋ ਕਰਕੇ -

ਗੁ..............ਰੂ

ਰੋਜ਼ ਕਰੋ। ਮਹਾਂਪੁਰਸ਼ਾਂ ਨੇ ਕਿੰਨੇ ਭਾਗ ਲਾਏ ਇਸ ਧਰਤੀ ਨੂੰ। ਤੁਹਾਡੇ ਨੇੜੇ ਐਨਾ ਵੱਡਾ ਤੀਰਥ, ਜਿਥੇ ਰੋਜ਼ ਹੀ ਨਾਮ ਦੀਆਂ ਅਵਾਜ਼ਾਂ ਆ ਰਹੀਆਂ ਹਨ। ਅੰਮ੍ਰਿਤ ਵੇਲੇ ਇਹ ਅਭਿਆਸ ਖਾਲੀ ਪੇਟ ਹੁੰਦਾ ਹੈ। ਖਾਲੀ ਪੇਟ 'ਤੇ ਭਾਰ ਨਹੀਂ ਹੁੰਦਾ। ਦਿਮਾਗ 'ਤੇ ਕੋਈ ਭਾਰ ਨਹੀਂ ਹੁੰਦਾ। ਕੈਸਟ ਲਗ ਜਾਂਦੀ ਹੈ। ਤੁਹਾਡੇ ਕੰਨਾਂ ਤਕ ਅਵਾਜ਼ ਜਾਂਦੀ ਹੈ। ਬਹੁਤ ਸਾਰੇ ਦੇਖੇ ਨੇ ਉਸੇ ਸਮੇਂ ਉਠ ਕੇ ਬੈਠ ਜਾਂਦੇ ਹਨ। ਜਦੋਂ ਮਹਾਂਪੁਰਸ਼ ਕਹਿੰਦੇ ਨੇ ਕਿ ਹੁਣ ਸਿੱਧੇ ਬੈਠ ਜਾਓ। ਸਰੀਰ ਨੂੰ ਢਿੱਲਾ ਛੱਡੋ। ਸਿਰ ਨਹੀਂ ਟੇਢਾ ਕਰਨਾ। ਐਨਰਜੀ ਵਿਕਾਸ (flow) ਕਰੇ। ਫੇਰ ਕਹਿੰਦੇ ਦੇਖੋ, ਅਨਜਾਣ ਤੋਂ ਅਨਜਾਣ ਵੀ ਜਾਣਦਾ ਹੈ। ਕੋਈ ਸਾਧੂ ਦਸਦਾ ਨਹੀਂ। ਕਿੱਡੀ ਸੁਖੈਨ ਦਸ ਦਿਤੀ ਮਹਾਂਪੁਰਸ਼ਾਂ ਨੇ। ਸਕੂਲਾਂ 'ਚ ਮਾਸਟਰ ਉੱਚੀ-ਉੱਚੀ ਮੁਹਾਰਨੀ ਪੜ੍ਹਾਉਂਦੇ ਸਨ। ਅੱਜ ਜ਼ਿਹਨ 'ਚ ਵਸ ਗਈ। ਸਤਿਪੁਰਸ਼ ਧਾਰਨਾ ਪੜ੍ਹਾਉਂਦੇ ਮੁਹਾਰਨੀ ਵਾਂਗੂੰ ਕਿ ਚਲੋ ਉੱਚੀ-ਉੱਚੀ ਬੋਲ ਕੇ ਕਰ ਲਓ। ਪਹਿਲੀ ਨੂੰ ਬੈਖਰੀ ਬਾਣੀ ਦਸਿਆ ਹੈ ਕਿ ਜਿੰਨੀ ਉੱਚੀ ਅਵਾਜ਼ 'ਚ ਹੋ ਸਕੇ ਕਰੋ। ਉਹਦੇ ਨਾਲ ਰਸਨਾ ਰਸ ਨਾਲ ਭਰ ਜਾਂਦੀ ਹੈ। ਇਸ ਤਰ੍ਹਾਂ ਰੋਜ਼ ਕਰੋ। ਸਵੇਰੇ ਇਸ਼ਨਾਨ ਕਰੋ। ਇਸ਼ਨਾਨ ਪਾਣੀ ਦਾ ਤਾਂ ਹਰ ਕੋਈ ਜਾਣਦਾ ਹੈ। ਸਤਿਪੁਰਸ਼ਾਂ ਨੇ ਉਹਦੀਆਂ ਵੀ ਜੁਗਤੀਆਂ ਦਸੀਆਂ ਨੇ ਕਿ ਕਿਵੇਂ ਕਿਸੇ ਨੇ ਜੀਵ ਦੀ ਜ਼ਮਾਨਤ ਨਹੀਂ ਲਈ। ਕਿਉਂਕਿ ਅਸੀਂ ਮਾਤਾ ਦੇ ਗਰਭ ਦੇ ਵਿਚ -

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ਅੰਗ- ੨੫੧*

'ਉਰਧ' ਕਹਿੰਦੇ ਨੇ ਪੁੱਠਾ ਲਟਕ ਕੇ। ਕਿੰਨਾ ਤਪ

ਸੀ। ਉਥੇ ਕੋਈ ਹੈ ਨਹੀਂ ਸੀ ਇਹਨੂੰ ਉਸ ਜਗ੍ਹਾ ਤੋਂ ਬਾਹਰ ਲਿਆਉਣ ਵਾਲਾ। ਫੇਰ ਪਾਣੀ ਨੇ ਹੀ ਜ਼ਮਾਨਤ ਦਿਤੀ। ਚਲੋ ਜਦੋਂ ਇਹ ਇਸ਼ਨਾਨ ਕਰੇਗਾ, ਕੁਝ ਨਾ ਕੁਝ ਤਾਂ ਇਸ ਨੂੰ ਯਾਦ ਆਏਗਾ। ਇਸ ਦੇ ਮੁਖ ਤੋਂ ਰਾਮ, ਅੱਲਾ, ਵਾਹਿਗੁਰੂ ਜੋ ਵੀ ਮੰਤਰ ਹੈ ਇਕ ਵਾਰ ਉਚਾਰਨ ਤਾਂ ਕਰੇਗਾ ਹੀ। ਸਰੋਵਰ ਬਣਾਏ। ਸਰੋਵਰਾਂ 'ਤੇ ਇਸ਼ਨਾਨ ਕਿਉਂਕਿ ਤੀਰਥਾਂ 'ਤੇ ਜਾਂਦੇ ਸਨ। ਇਸ਼ਨਾਨ ਕਰਦੇ। ਪਹਿਲਾਂ ਨਗਰਾਂ ਦੇ ਜਿਹੜੇ ਟੋਭੇ ਸਨ, ਮਹਾਂਪੁਰਸ਼ ਦਸਦੇ ਸੀ ਧਮੋਟ ਜਿਹੜਾ ਸਾਡੇ ਨਗਰ ਦਾ ਟੋਭਾ ਹੁੰਦੇ। ਇਥੇ ਵੀ ਤੁਸੀਂ ਦੇਖਿਐ ਪਿੱਪਲ, ਬਰੋਟਾ ਬੜੇ ਸੋਹਣੇ ਵੱਡੇ-ਵੱਡੇ ਦਰਖਤ, ਟੋਭਿਆਂ ਦੇ ਦੁਆਲੇ ਹੁੰਦੇ। ਉਥੇ ਹੀ ਇਸ਼ਨਾਨ ਕਰ ਲੈਣਾ ਟੋਭੇ ਦੇ ਵਿਚ ਤੇ ਫੇਰ ਉਹਨਾਂ ਦਰਖਤਾਂ ਥੱਲੇ ਬੈਠ ਜਾਣਾ, ਅੰਮ੍ਰਿਤ ਵੇਲੇ। ਦਿਨ ਚੜ੍ਹੇ ਤਕ ਬੈਠੇ ਰਹਿਣਾ। ਜਿੰਨੇ ਸਰੋਵਰ ਬਣੇ ਇਹਨਾਂ ਦੇ ਦੁਆਲੇ ਦਰਖਤ ਹੁੰਦੇ। ਜਿਵੇਂ ਦੁਖਭੰਜਨੀ ਬੇਰੀ ਸਾਹਿਬ ਹੈ ਕਿਉਂਕਿ ਪਾਣੀ ਦੇ ਵਿਚ ਬਾਣੀ ਦਾ ਅਸਰ ਹੋ ਜਾਂਦਾ ਹੈ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਨੇ, ਪੰਜ ਬਾਣੀਆਂ ਪੜ੍ਹਦੇ ਹਨ, ਕਿੰਨਾ ਅਸਰ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਇਸ਼ਨਾਨ ਦਾ ਮਹਾਤਮ ਕਿੰਨਾ ਹੀ ਵਧ ਜਾਂਦਾ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥* *ਅੰਗ- ੬੧੧*

ਕਰਿ ਇਸਨਾਨ, 'ਸਿਮਰਿ' ਕਹਿੰਦੇ ਨੇ ਪ੍ਰਮੇਸ਼ਰ ਨੂੰ ਯਾਦ ਕਰਨਾ, ਉਹਦਾ ਸਿਮਰਨ ਕਰਨਾ, ਉਸ ਆਪਣੇ ਪਿਆਰੇ ਦਾ ਸਿਮਰਨ ਕਰਨਾ -

*ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥*
*ਅੰਗ- ੪੭੩*

ਹਰ ਕੋਈ ਕਹਿੰਦਾ ਹੈ ਕਿ ਮੇਰਾ ਵਾਹਿਗੁਰੂ, ਮੇਰਾ ਰੱਬ। ਇਸ ਤਰ੍ਹਾਂ ਦੇ ਨਾਲ ਸਤਿਪੁਰਸ਼ ਜੁਗਤੀਆਂ ਦਸਦੇ ਹਨ। ਰਤਵਾੜਾ ਸਾਹਿਬ ਅਸਥਾਨ ਬਣੇ, ਕਿਵੇਂ ਬਣੇ, ਪਿਛਲੇ ਲੇਖ ਵਿਚ ਦਸਿਆ ਸੀ। ਧਰਤੀ ਦੇ ਭਾਗ ਹਨ, ਧਰਤੀ ਨੂੰ ਭਾਗ ਲੱਗੇ -

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ॥* *ਅੰਗ- ੪੫੦*

ਮਹਾਂਪੁਰਸ਼ਾਂ ਨੇ ਆਪਣਾ ਤਨ, ਮਨ, ਧਨ ਲਾ ਦਿਤਾ। ਗ੍ਰਿਹਿਸਤ ਵਿਚ ਅਸੀਂ ਅਸੂਲ ਨੂੰ ਬਹੁਤ ਘੱਟ ਮੰਨਦੇ ਹਾਂ ਜੋ ਮਹਾਂਪੁਰਸ਼ਾਂ ਨੇ ਅਪਣਾਇਆ ਕਿਉਂਕਿ ਆਪਣਿਆਂ ਵਾਸਤੇ ਤਾਂ ਸੰਸਾਰ ਜਿਉਂਦਾ ਹੈ। ਦਿਨ-ਰਾਤ ਖਪ-ਖਪ ਮਰਦਾ ਹੈ। ਪਰ ਪਰਉਪਕਾਰ ਵਸ ਇਹ ਚਾਰ ਮਿਸਾਲਾਂ ਹਨ -

*ਤਰਵਰ ਸਰਵਰ ਸੰਤ ਜਨ ਚੌਥਾ ਵਰਸੈ ਮੇਹੁ।*
*ਪਰਉਪਕਾਰ ਕੇ ਕਾਰਨੇ ਚਾਰ ਉਧਾਰੇ ਦੇਹੁ।*

ਮਹਾਂਪੁਰਸ਼ਾਂ ਨੇ, ਕਿਉਂਕਿ ਤਰਵਰ ਹੁੰਦਾ ਹੈ ਦਰਖਤ, ਦਰਖਤ ਨਾ ਆਪ ਫਲ ਖਾਂਦਾ, ਵੱਢਣ ਵਾਲੇ ਨੂੰ ਵੀ ਪਾਰ ਲਾ ਦਿੰਦਾ ਹੈ ਕਿਸ਼ਤੀ ਬਣ ਕੇ। ਇਕ ਦਿਨ ਫੇਸ ਬੁੱਕ ਤੇ ਪਾਇਆ ਕਿਸੇ ਨੇ ਕਿ ਕੋਈ ਦਰਖਤ ਵੱਢਣ ਆਏ। ਦੁਪਹਿਰ ਹੋ ਗਈ, ਸਲਾਹ ਕਰਦੇ ਨੇ ਕਿ ਅਜੇ ਦੁਪਹਿਰਾ ਹੈ। ਅਰਾਮ ਕਰ ਲਓ। ਉਸੇ ਦਰਖਤ ਥੱਲੇ ਅਰਾਮ ਕਰ ਰਹੇ ਨੇ, ਉਹਦੀ ਛਾਂ ਥੱਲੇ ਹੀ। ਕਹਿੰਦੇ, ਚਲੋ ਇਹਨੂੰ ਦੁਪਹਿਰ ਤੋਂ ਬਾਅਦ ਵੱਢ ਦੇਵਾਂਗੇ। ਇਹ ਤਾਂ ਆਪਣੇ ਪੈਰ ਤੇ ਆਪੇ ਹੀ ਕੁਹਾੜਾ ਮਾਰਨਾ ਹੈ। ਦਰਖਤ ਕੱਟਣ ਦੀ ਗੱਲ ਹੈ। ਕੁੱਖ ਤੇ ਰੁੱਖ ਦੀਆਂ ਗੱਲਾਂ ਤਾਂ ਬਹੁਤ ਨੇ। ਅਮਲੀ ਰੂਪ ਵਿਚ ਮਹਾਂਪੁਰਸ਼ਾਂ ਨੇ ਕਰਕੇ ਦਿਖਾਈਆਂ। ਇਥੇ ਆਪਣੇ ਹੱਥੀਂ ਬੂਟੇ ਲਵਾਏ। ਫਿਰ ਕੁਦਰਤ ਦਾ ਕਿੰਨਾ ਅਨੰਦ ਲੈਂਦੇ -

*ਬਲਿਹਾਰੀ ਕੁਦਰਤਿ ਵਸਿਆ॥*
*ਤੇਰਾ ਅੰਤੁ ਨ ਜਾਈ ਲਖਿਆ ॥* *ਅੰਗ- ੧੦*

ਇਕੱਲੇ-ਇਕੱਲੇ ਦਰਖਤ ਨਾਲ ਖੂੰਡੀ ਲਾ ਕੇ ਗੱਲ ਕਰਦੇ। ਇਸੇ ਤਰ੍ਹਾਂ ਦੇ ਨਾਲ ਸਰੋਵਰ ਨੇ। ਇਸ਼ਨਾਨ ਕਰਕੇ, ਇਕੋ ਜਗ੍ਹਾ 'ਤੇ ਰੋਜ਼ ਬੈਠੋ। ਆਸਣ ਸਿੱਧ ਕਰੋ ਕਿਉਂਕਿ ਸਮ, ਦਮ ਨੇ, ਯਮ ਨਿਯਮ ਹਨ। ਸਮ ਹੁੰਦਾ ਹੈ ਦਮ ਨੂੰ ਰੋਕਣਾ। ਇਹਨਾਂ ਦੇ ਦਸ-ਦਸ ਅੰਗ ਉਹਨਾਂ ਨੇ ਦਸੇ ਨੇ ਕਿ ਇਹ ਗੁਣ ਧਾਰਨ ਕਰੋ। ਪਰ ਇਹ ਗੁਣ ਧਾਰਨ ਕੀਤੇ ਬਗੈਰ ਭਗਤੀ ਮਾਰਗ 'ਤੇ ਚੱਲ ਨਹੀਂ ਸਕਦੇ। ਇਸ ਤਰ੍ਹਾਂ ਦੇ ਨਾਲ ਇਸ਼ਨਾਨ ਦਾ ਮਹਾਤਮ ਹੈ। ਫੇਰ ਸਾਧਨਾਵਾਂ ਹਨ। ਜੇ ਤੀਰਥ 'ਤੇ ਜਾਂਦੇ ਹਾਂ ਤੀਰਥਾਂ 'ਤੇ ਇਸ਼ਨਾਨ ਕਰਨ ਜਾਂਦੇ ਹਾਂ। ਪਰ ਉਥੇ ਕੀ ਹੁੰਦਾ ਹੈ, ਫਲ ਇਕ ਮਿਲੇਗਾ।

*ਤੀਰਥ ਕੀਏ ਏਕ ਫਲ*
*ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈ*
*ਕਹਤ ਕਬੀਰ ਵਿਚਾਰ।*

ਸਾਧੂ ਨੂੰ ਮਿਲ ਕੇ ਉਥੇ ਸਤਿਸੰਗ ਹੋ ਗਿਆ ਚਾਰ ਫਲ ਹੋ ਗਏ। ਇਹ ਵਿਚਾਰ ਦੀ ਬਾਤ ਭਗਤ ਜੀ ਕਰਦੇ ਨੇ। ਗੁਰੂ ਜੀ ਨੇ ਵੀ ਕੀਤੀ ਹੈ। ਮਹਾਂਪੁਰਸ਼ਾਂ ਨੇ ਗ੍ਰਿਹਿਸਤ 'ਚ ਰਹਿ ਕੇ ਤਨ, ਮਨ, ਧਨ ਲਾ ਦਿਤਾ। ਬੱਚੇ ਵੱਡੇ ਹੋ ਗਏ, ਵਿਆਹੇ ਗਏ, ਬੀਜੀ ਜਿਹੜੀ ਅਮਾਨਤ ਰਾੜਾ ਸਾਹਿਬ ਲੈ ਕੇ ਆਏ, ਯੂ.ਪੀ ਗਏ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਕਹਿਣ ਲੱਗੇ, ਸਾਂਭੋ ਆਪਣੀ ਅਮਾਨਤ। ਮਹਾਂਪੁਰਸ਼ ਬਹੁਤ ਖੁਸ਼ ਹੋਏ ਰਾੜਾ ਸਾਹਿਬ ਵਾਲੇ। ਕਹਿੰਦੇ, ਦੇਖ ਬਾਬੂ (ਬਾਬੂ ਰਲਾ ਸਿੰਘ ਜੀ ਸ੍ਰੀ ਮਾਨ ਸੰਤ ਈਸ਼ਰ ਸਿੰਘ ਮਹਾਰਾਜ ਜੀ ਦੇ ਗੜਵਈ ਸਨ) ਕੋਈ ਅਮਾਨਤ ਵਾਪਸ ਕਰਦੈ? ਮਹਾਂਪੁਰਸ਼ ਕਹਿੰਦੇ, ਸਾਡਾ ਹੀ ਹੈ ਸਭ ਕੁਛ। ਕਿੱਡਾ ਪਰਉਪਕਾਰ ਕੀਤਾ, ਬੈਰਾਗ 'ਚ ਆ ਕੇ ਫਾਰਮ ਵੇਚ ਦਿਤਾ। ਲਾ ਦਿਤਾ ਸਾਰਾ ਇਥੇ ਹੀ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥* *ਅੰਗ- ੯੧੮*

(ਬਾਕੀ ਪੰਨਾ 39 'ਤੇ)

# ਮਹਾਂਪੁਰਸ਼ਾਂ ਵਲੋਂ ਪਰਉਪਕਾਰੀ ਕਾਰਜ ਅਤੇ ਅਭੁੱਲ ਯਾਦਾਂ

1993 ਵਿਚ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਮਹਾਂਪੁਰਸ਼ਾਂ ਨੇ ਖੁਦ ਅਗਵਾਈ ਕਰਕੇ ਮਿਸ਼ਨ ਦੇ ਸੈਂਕੜੇ ਵਾਲੰਟੀਅਰ ਨਾਲ ਲਏ ਤੇ ਘਰ-ਘਰ, ਪਿੰਡ-ਪਿੰਡ ਵਿੱਚ ਕਰੋੜਾਂ ਰੁਪਿਆਂ ਦੀ ਰਾਹਤ ਸਮੱਗਰੀ ਪਹੁੰਚਾਈ। ਰਾਸ਼ਨ, ਕੱਪੜਿਆਂ ਤੋਂ ਇਲਾਵਾ ਹੋਰ ਲੋੜੀਂਦੀਆਂ ਵਸਤੂਆਂ ਨਾਲ ਪੀੜਤਾਂ ਦੀ ਸਹਾਇਤਾ ਕੀਤੀ। ਖਸਤਾ ਹੋ ਚੁੱਕੇ ਸਕੂਲਾਂ ਨੂੰ ਰੈਨੋਵੇਟ ਕਰਵਾਇਆ ਤੇ ਬੱਚਿਆਂ ਨੂੰ ਵਰਦੀਆਂ ਤੇ ਕਿਤਾਬਾਂ ਮੁਹੱਈਆ ਕਰਵਾਈਆਂ।

ਸੇਵਾਵਾਂ ਤਸਵੀਰਾਂ ਦੀ ਜ਼ੁਬਾਨੀ













ਜਨਵਰੀ 2001 ਵਿੱਚ ਗੁਜਰਾਤ ਵਿੱਚ ਭੂਚਾਲ ਆਏ, ਲੱਖਾਂ ਲੋਕ ਬੇਘਰ ਤੇ ਬੇਸਹਾਰਾ ਹੋ ਗਏ। ਪਿਆਰੇ ਮਹਾਂਪੁਰਸ਼ਾਂ ਨੇ ਉਸ ਸਮੇਂ, ਸੰਤ ਬਾਬਾ ਲਖਬੀਰ ਸਿੰਘ ਦੀ ਅਗਵਾਈ ਹੇਠ ਡੇਢ ਕਰੋੜ ਰੁਪਏ ਦੀ ਰਾਹਤ ਸਮੱਗਰੀ ਭੁੱਜ ਤਹਿਸੀਲ ਦੇ 25 ਪਿੰਡਾਂ ਵਿੱਚ ਵੰਡੀ ਤੇ ਥਾਂ-ਥਾਂ ਲੰਗਰ ਚਲਾਏ।

ਭੂਚਾਲ ਪੀੜਤਾਂ ਦੀ ਸਹਾਇਤਾ ਤਸਵੀਰਾਂ ਦੀ ਜ਼ੁਬਾਨੀ



















ਦਸੰਬਰ 2004 ਵਿੱਚ ਭੂਚਾਲ ਪੀੜਤਾਂ ਅਤੇ ਤਾਮਿਲਨਾਡੂ ਵਿੱਚ ਸੁਨਾਮੀ ਬਰਬਾਦੀ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਸੰਤ ਮਾਤਾ ਰਣਜੀਤ ਕੌਰ ਜੀ ਦੇ ਹੁਕਮ ਅਨੁਸਾਰ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ।

ਸੇਵਾ ਦੇ ਵੱਖ-ਵੱਖ ਦ੍ਰਿਸ਼



















2005 ਵਿੱਚ ਜੰਮੂ ਅਤੇ ਕਸ਼ਮੀਰ ਵਿੱਚ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਭੂਚਾਲ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ।

ਸੇਵਾਵਾਂ ਦੇ ਦ੍ਰਿਸ਼

















ਸਤੰਬਰ 2010 ਵਿਚ ਅਫਜਲਗੜ੍ਹ ਯੂ.ਪੀ. ਵਿੱਚ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਹੜ੍ਹ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ।

## ਸੇਵਾਵਾਂ ਤਸਵੀਰਾਂ ਦੀ ਜ਼ੁਬਾਨੀ

















2013 ਵਿੱਚ ਉਤਰਾਖੰਡ ਤਰਾਸ਼ਦੀ ਵਿੱਚ ਰਤਵਾੜਾ ਸਾਹਿਬ ਵੱਲੋਂ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਸੈਂਕੜੇ ਵਲੰਟੀਅਰ ਲੈ ਕੇ ਪਹੁੰਚੇ। ਗੁਰੂ ਕੇ ਲੰਗਰ ਚਲਾਏ ਗਏ, ਰਾਸ਼ਨ ਸਮੱਗਰੀ ਵੰਡੀ ਗਈ।

## ਨਿਭਾਈਆਂ ਸੇਵਾਵਾਂ ਦੇ ਦ੍ਰਿਸ਼















ਅਕਤੂਬਰ 2019 ਹੜ੍ਹਾਂ ਕਾਰਨ ਪੰਜਾਬ ਵਿੱਚ ਕਈ ਇਲਾਕਿਆਂ ਅੰਦਰ ਬਹੁਤ ਨੁਕਸਾਨ ਹੋਇਆ। ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਵਿੱਚ ਇਲਾਕਾ ਸੁਲਤਾਨਪੁਰ ਲੋਧੀ ਅਤੇ ਲੋਹੀਆਂ ਵਿਖੇ, ਹੜ੍ਹ ਪੀੜਤਾਂ ਨੂੰ ਗਰਮ ਬਿਸਤਰੇ ਵੰਡੇ ਗਏ। ਇਲਾਕਾ ਨੰਗਲ ਵਿਖੇ ਵੀ ਲਗਾਤਾਰ ਗੁਰੂ ਕੇ ਲੰਗਰ ਚਲਾ ਕੇ ਅਨੇਕਾਂ ਸੇਵਾਵਾਂ ਉਸ ਸਮੇਂ ਦੀ ਲੋੜ ਅਨੁਸਾਰ ਕੀਤੀਆਂ ਗਈਆਂ।

ਸੇਵਾਵਾਂ ਦੇ ਵੱਖ-ਵੱਖ ਦ੍ਰਿਸ਼



## ਪਿਛਲੇ ਕਈ ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ ਤੇ ਕਿਸਾਨੀ ਮੋਰਚੇ ਵਿੱਚ ਟਰੱਸਟ ਰਤਵਾੜਾ ਸਾਹਿਬ ਵਲੋਂ ਸੇਵਾਵਾਂ ਜਾਰੀ ਹਨ।

ਨਿਭਾਈਆਂ ਸੇਵਾਵਾਂ ਦੇ ਦ੍ਰਿਸ਼



(ਪੰਨਾ 30 ਦਾ ਬਾਕੀ)

ਕਿੱਡੀਆਂ ਬਖਸ਼ਿਸ਼ਾਂ ਹੋਈਆਂ। ਬੀਜੀ ਨੇ ਕ੍ਰਿਪਾ ਕੀਤੀ ਇਸ ਅਸਥਾਨ 'ਤੇ। ਜਿਥੇ ਛੱਪੜੀ ਸੀ, ਉਹਦੇ ਵਿਚੋਂ ਗਾਰਾ ਲਾ ਕੇ ਵੀ ਚਮੜੀ ਠੀਕ ਹੋ ਜਾਂਦੀ। ਮਹਾਂਪੁਰਸ਼ਾਂ ਕੋਲ ਕੋਈ ਆਉਂਦਾ, ਕਹਿਣਾ ਕਿ ਮੈਨੂੰ ਇਹ ਰੋਗ ਹੈ। ਏਅਰ ਮਾਰਸ਼ਲ ਆਇਆ, ਉਹਨੂੰ ਮੂੰਹ ਦੇ ਵਿਚ ਕੈਂਸਰ ਸੀ। ਜੀਭ ਕਾਲੀ ਹੋਈ ਪਈ, ਸਾਰਾ ਮੂੰਹ ਕਾਲਾ ਹੋ ਗਿਆ ਸੀ ਉਸ ਦਾ। ਮਹਾਂਪੁਰਸ਼ਾਂ ਦੇ ਬਚਨਾਂ 'ਚ ਤਾਕਤ ਹੈ। ਕਹਿਣ ਲੱਗੇ, ਪਿਆਰਿਆ! ਗੁਰੂ ਘਰ ਜਾਹ, ਜਿਥੇ ਸੰਗਤ ਆਪਣੇ ਚਰਨ ਧੋ ਕੇ ਲੰਘਦੀ ਹੈ, ਉਸ ਜਲ ਦੀਆਂ ਕੁਰਲੀਆਂ ਕਰ ਲਿਆ ਕਰ। ਸ਼ਰਧਾ ਸੀ, ਨਾਲ ਡੀ.ਜੀ.ਪੀ ਸੀ ਜਰਨੈਲ ਸਿੰਘ ਚਾਹਲ, ਕਹਿੰਦੇ ਅਸੀਂ ਫੇਰ ਚਲੇ ਗਏ ਅੰਬ ਸਾਹਿਬ ਗੁਰਦੁਆਰੇ, ਗੁਰੂ ਹਰਿਰਾਇ ਪਾਤਸ਼ਾਹ ਦਾ ਇਤਿਹਾਸਕ ਅਸਥਾਨ ਮੋਹਾਲੀ ਵਿਖੇ। ਉਥੇ ਜਾ ਕੇ ਉਹ ਕਹਿਣ ਲੱਗਿਆ, ਚਾਹਲ ਸਾਹਿਬ! ਚਲੋ ਕੁਰਲੀਆਂ ਕੀ ਕਰਨੀਆਂ ਨੇ, ਜਲ ਛਕ ਹੀ ਲੈਂਦੇ ਹਾਂ। ਉਹਨੇ ਚੂਲੇ ਭਰੇ ਜਲ ਛਕ ਲਿਆ। ਅੱਜ-ਕੱਲ੍ਹ ਕਰਦਿਆਂ ਸਾਰਾ ਕੈਂਸਰ ਠੀਕ ਹੋ ਗਿਆ। ਡਾਕਟਰ ਹੈਰਾਨ ਹੋ ਗਏ ਕਿ ਕਿਹੜੀ ਦਵਾਈ ਵਰਤੀ ਕਿਉਂਕਿ ਸਾਧੂ ਨਾਮ ਨਾਲ ਜੋੜਦੇ ਨੇ। ਉਹ ਐਸੀ ਦਵਾਈ ਬਖਸ਼ਿਸ਼ ਕਰਦੇ ਨੇ ਜਿਹਦੇ ਨਾਲ ਸਾਰੇ ਦੁਖ ਵੀ, ਰੋਗ ਵੀ, ਸੰਤਾਪ ਵੀ, ਤੀਨੇ ਤਾਪ ਵੀ -

*ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।*

ਸਾਰੇ ਹੀ ਉਸ ਦਵਾਈ ਦੇ ਨਾਲ ਠੀਕ ਹੋ ਜਾਂਦੇ ਹਨ -

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਅੰਗ- ੧੦੧*

ਕਿੱਡੀ ਬਖਸ਼ਿਸ ਹੁੰਦੀ ਹੈ, ਜਦੋਂ ਐਸੀ ਕ੍ਰਿਪਾ ਹੁੰਦੀ ਹੈ - 'ਜੀਅ ਦਾਨ' ਨਾਮ ਦਾਨ ਨੂੰ ਕਿਹਾ ਹੈ। ਆਪਾਂ ਕਹਿ ਦਿੰਦੇ ਹਾਂ ਕਿ ਨਾਮ ਮਿਲਿਆ ਹੈ, ਉਹ ਤਾਂ ਅੰਦਰ ਦਾ ਰਸਤਾ ਹੈ ਕਿਉਂਕਿ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਅੰਗ- ੨੯੩*

ਅੰਦਰਲੀ ਦਵਾਈ, ਉਹ ਨਾਮ ਦੀ ਦਵਾਈ -

*ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ- ੨੫੯*

ਅੰਦਰ ਦਾ ਰਸਤਾ ਹੀ ਸਾਧੂ ਦਸਦੇ ਨੇ। ਅੰਤਰੰਗ ਸਾਧਨ ਦਸਦੇ ਹਨ ਕਿ ਪਿਆਰਿਓ! ਜੇ ਬਹਿਰੰਗ ਸਾਧਨ ਵੀ ਹਨ, ਇਹ ਪ੍ਰਤੀਕ ਹਨ। ਸਰੋਵਰ ਦਾ ਇਸ਼ਨਾਨ ਕੀਤਾ ਫੇਰ ਉਸ ਤੋਂ ਬਾਅਦ ਆਪਣੇ ਪਿਆਰੇ ਪ੍ਰਭੂ ਨੂੰ ਸਿਮਰ। ਆਲਸ ਨਾ ਕਰ। ਪਰ ਚੰਗੇ ਕੰਮ ਵਾਸਤੇ ਆਲਸ ਪੈਂਦੀ ਹੈ -

*ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥*
*ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥*
*ਅੰਗ - ੫੧੮*

ਫੇਰ ਉਹ ਫਾਹਾ ਪੈਰ 'ਚ ਕਾਲ ਦਾ ਤਾਂ ਪੈ ਜਾਣਾ ਹੈ। ਉਸ ਸਮੇਂ ਫੇਰ ਸੁਚੇਤ ਹੋ ਕੇ ਬੈਠ ਜਾਓ। ਮਹਾਂਪੁਰਸ਼ਾਂ ਦੇ ਆਖਰੀ ਬਚਨ ਵੀ ਜੇ ਦੇਖੀਏ ਸਤਿਸੰਗ ਦੇ ਬੜੀ ਸਿੱਧੀ ਸਪੱਸ਼ਟ ਗੱਲ ਕਰਦੇ। ਉਬਾਸੀ ਤਕ ਨਾ ਲੈਣ ਦਿੰਦੇ। ਜੇ ਉਬਾਸੀਆਂ ਆਉਣ ਲਗਦੀਆਂ ਸਮਝ ਲਓ, ਆਕਸੀਜਨ ਦੀ ਘਾਟ ਹੋ ਗਈ। ਕਾਰਬਨ ਡਾਈਆਕਸਾਈਡ ਵਧ ਗਈ। ਨੀਂਦ ਆ ਜਾਂਦੀ ਹੈ। ਰਾਤ ਨੂੰ ਕਾਰਬਨਆਕਸਾਈਡ ਵਧਦੀ ਹੈ, ਦਰਖਤ ਵੀ ਸੌਂ ਜਾਂਦੇ ਨੇ। ਜੇ ਦਰਖਤਾਂ ਥੱਲੇ ਕਿਸੇ ਬਜ਼ੁਰਗ ਦਾ ਮੰਜਾ ਹੋਣਾ, ਦਬਾਅ ਵਧ ਜਾਣਾ, ਛਾਤੀ 'ਤੇ ਹੱਥ ਆ ਜਾਣਾ, ਕਾਰਬਨਡਾਈਆਕਸਾਈਡ ਵਧੀ ਹੋਣੀ, ਕਹਿਣਾ ਕਿ ਇਸ ਦਰਖਤ 'ਤੇ ਭੂਤ ਰਹਿੰਦਾ ਹੈ, ਉਹਨੇ ਫੜ ਲਿਆ। ਅੱਜ ਨਹੀਂ ਕੋਈ ਦਿਸਦਾ? ਇਹ ਸਾਇੰਟੇਫਿਕ ਬਾਤਾਂ ਮਹਾਂਪੁਰਸ਼ਾਂ ਨੇ ਸਮਝਾਈਆਂ। ਕਹਿੰਦੇ, ਸੌਣ ਲੱਗੇ ਛਾਤੀ 'ਤੇ ਹੱਥ ਨਾ ਰੱਖੋ, ਨਹੀਂ ਤਾਂ ਆਪਣੇ ਹੱਥਾਂ ਨਾਲ ਦਬਾਅ ਪੈ ਜਾਂਦੈ। ਫੇਰ ਝਾੜ-ਫੂਕ ਕਰਦੇ ਨੇ। ਝਾੜ-ਫੂਕ ਅੱਖਰ ਤਾਂ ਚੱਲਿਆ ਸੀ ਕਿ ਜੇ ਕੱਪੜੇ ਲਿਬੜ ਗਏ ਮਾਤਾ ਝਾੜ ਦਿੰਦੀ, ਜੇ ਕਿਸੇ ਬੱਚੇ ਦੇ ਸੱਟ ਲਗ ਜਾਂਦੀ, ਉਹਨੂੰ ਕਹਿਣਾ ਕਿ ਲੈ ਮੈਂ ਫੂਕ ਮਾਰ ਦਿੰਦੀ ਹਾਂ। ਐਨੀ ਕੁ ਗੱਲ ਤੋਂ ਕਿੱਥੇ ਵਧ ਗਏ। ਸਿਆਣੇ ਹੋ ਗਏ, ਪ੍ਰੇਤ ਕੱਢਣ ਲਗ ਗਏ, ਇਥੇ ਅਜਵਾਇਣ 'ਤੇ ਹੀ ਫੂਕਾਂ ਮਾਰੀ ਜਾਣੀਆਂ, ਕਹਿਣਾ ਕਿ ਇਹਦੇ ਨਾਲ ਹੀ ਠੀਕ ਹੋ ਗਏ। ਅਸਲ ਦੇ ਵਿਚ ਜਿਹੜੀ ਦਵਾਈ ਹੈ, ਉਹ ਅੰਦਰ ਪਈ ਹੈ। ਉਹ ਹੈ ਨਾਮ ਦੀ ਦਵਾਈ। ਸਰੀਰ ਨੂੰ ਲੋੜ ਪੈਂਦੀ ਹੈ, ਜਲਵਾਯੂ ਦੂਸ਼ਿਤ ਹੋ ਗਿਆ, ਪਾਣੀ ਵਿਚ ਕਿੰਨੀਆਂ ਦਵਾਈਆਂ ਪੈਂਦੀਆਂ ਨੇ। ਰਤਵਾੜਾ ਸਾਹਿਬ ਕਣਕਾਂ 'ਚ ਮੋਰ ਚੁਗਦੇ ਕਿੰਨੇ ਹੀ ਮਰ ਗਏ ਕਿਉਂਕਿ ਸਪਰੇਅ ਕੀਤਾ ਸੀ, ਉਹ ਪਾਣੀ ਪੀ ਲਿਆ ਉਹਨਾਂ ਨੇ, ਤੇ ਮਰ ਗਏ। ਕੁਦਰਤ ਤੋਂ ਜਿੰਨਾਂ ਉਲਟ ਚੱਲੋ ਫੇਰ ਨੁਕਸਾਨ ਕਰਦੀ ਹੈ। ਧਰਤੀ ਆਪਣੇ ਕੋਲ ਕੁਝ ਨਹੀਂ ਰਖਦੀ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਅੰਗ- ੧੩੪*

ਜਿਹੋ ਜਿਹਾ ਬੀਜ ਪਾਓ ਉਹੋ ਜਿਹਾ ਫਲ ਮਿਲ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੂਸ਼ਿਤ ਵਾਤਾਵਰਨ ਦੇ ਵਿਚ ਆਪਾਂ ਸਾਰੇ ਹੀ ਜੀਅ ਰਹੇ ਹਾਂ। ਕੋਈ ਇਹ ਨਹੀਂ ਕਹਿ ਸਕਦਾ ਕਿ ਮੈਂ ਨਹੀਂ ਰੋਗੀ। ਅਸੀਂ ਜਿਹੜੀ ਚੜ੍ਹਦੀ ਪੂਰਨਮਾਸ਼ੀ ਦਾ ਦੀਵਾਨ ਰਖਿਆ ਹੈ, ਸ੍ਰੀ ਅਨੰਦਪੁਰ ਸਾਹਿਬ, ਸੰਤ ਬੇਲੇ, ਜੰਗਲ 'ਚ ਵਾਤਾਵਰਣ ਸ਼ੁੱਧ ਹੈ। ਚੰਦਰਮਾ ਦੀਆਂ ਰਿਸ਼ਮਾਂ ਦੇ ਵਿਚ ਜੜ੍ਹੀਆਂ ਬੂਟੀਆਂ ਪਾ ਕੇ ਖੀਰ ਤਿਆਰ ਹੁੰਦੀ ਹੈ, ਨਾਲ ਮੰਤਰ ਚਕਿਤਸਾ ਅਪਣਾਈ ਜਾਂਦੀ ਹੈ। ਤੁਹਾਡੇ ਇਥੋਂ ਪੈਂਤਪੁਰ ਤੋਂ ਬੱਸ ਜਾਂਦੀ ਹੈ। ਸੋ ਉਥੇ ਪ੍ਰਤਿਆ ਕੇ ਦੇਖੀਆਂ ਨੇ ਬਾਤਾਂ ਕਿ ਜੇ ਦਵਾਈ ਵੀ ਵਰਤਦੇ ਹਾਂ, ਤਾਂ ਦਵਾਈ ਵੀ ਰਾਸ ਆ ਜਾਂਦੀ ਹੈ ਕਿਉਂਕਿ -

*ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥*
*ਅੰਗ- ੧੩੬੩*

ਸਤਿਪੁਰਸ਼ਾਂ ਨੇ ਜੁਗਤੀਆਂ ਦਰਸਾਈਆਂ ਨੇ

ਬਖਸ਼ਿਸ਼ਾਂ ਕੀਤੀਆਂ ਹਨ। ਮੰਤਰ ਤਾਂ ਗੁਰੂ ਦਿੰਦੈ। ਮੰਤਰ ਬਾਹਰੋਂ ਮਿਲਦੈ, ਨਾਮ ਅੰਦਰੋਂ ਮਿਲਦੈ -

*ਨਾਮੁ ਅਉਖਧੁ ਮੋ ਕਉ ਸਾਧੂ ਦੀਆ॥ ਅੰਗ- ੧੦੧*

ਇਸ ਤਰ੍ਹਾਂ ਦੇ ਨਾਲ ਕਰਦੇ-ਕਰਦੇ, ਅਵਸਥਾ ਹੈ, ਵਾਹਿਗੁਰੂ ਇਕ ਵਾਰੀ ਦਾ ਕਿਹਾ ਹੋਇਆ, ਆਖਰੀ ਸਵਾਸ 'ਤੇ ਆ ਗਿਆ। ਇਸ਼ਨਾਨ ਕਰਕੇ ਬੈਠ ਗਏ। ਇਹਦਾ ਜਾਪ ਗਿਆ। 'ਅੰਤ ਮਤੇ ਸੋਈ ਗਤੇ।' ਅਖੀਰ ਨੂੰ ਗਤੀ ਕਿੱਡੀ ਵੱਡੀ ਪ੍ਰਾਪਤ ਹੋ ਜਾਂਦੀ ਹੈ। ਗਨਕਾ ਤੋਤੇ ਤੋਂ ਰਾਮ-ਰਾਮ ਕਹਾਉਂਦੀ ਸੀ, ਜੁਗਤੀ ਸੀ, ਸੱਪ ਨੇ ਕੱਟ ਲਈ, ਸੱਪ ਦਾ ਕੱਟਿਆ ਕਹਿੰਦੇ ਨਰਕ ਨੂੰ ਜਾਂਦੈ। ਪਰ ਗਨਕਾ ਦੀ ਦੇਖੋ, ਕਿੱਡੀ ਜੁਗਤੀ ਨਾਲ ਮੁਕਤੀ ਹੋ ਗਈ-

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*

*ਅੰਗ- ੬੩੨*

ਸੋ ਐਸੀਆਂ ਬਖਸ਼ਿਸ਼ਾਂ ਸੰਗਤ 'ਚੋਂ ਮਿਲਦੀਆਂ ਨੇ। ਕਿੱਡਾ ਮਹਾਤਮ ਇਥੇ ਹੀ ਮਿਲ ਜਾਂਦਾ ਹੈ ਜਦੋਂ ਗੁਰੂ ਦੇ ਦਰ 'ਤੇ ਆ ਜਾਓ ਕਿਉਂਕਿ ਇਥੇ ਤਾਂ ਸਾਰੇ ਆ ਜਾਂਦੇ ਨੇ। ਸਭ ਦੇਵੀ ਦੇਵਤੇ ਆ ਜਾਂਦੇ ਨੇ। ਸਾਰੇ ਸ਼ਹੀਦ ਸਿੰਘਾਂ ਦੀ ਰੂਹਾਂ, ਸਾਰੀਆ ਪਵਿੱਤਰ ਆਤਮਾਵਾਂ ਸਤਿਸੰਗ ਦਰਬਾਰ ਵਿਚ ਪਹੁੰਚ ਜਾਂਦੀਆਂ ਹਨ। ਕਿੱਡੀਆਂ ਫੇਰ ਉਹ ਬਖਸ਼ਿਸ਼ਾਂ ਕਰਦੀਆਂ ਨੇ। ਉਹ ਐਸੀ ਪੂੰਜੀ ਸੌਂਪ ਦਿੰਦੀਆਂ ਹਨ, ਜੋ ਮਹਾਂਪੁਰਸ਼ਾਂ ਰਾਹੀਂ ਮਿਲਦੀ ਹੈ -

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ਅੰਗ- ੬੧੪*

ਫੇਰ ਤਾਂ ਅਨੰਦ ਵਰਤ ਜਾਂਦਾ ਹੈ -

*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥ ਅੰਗ- ੬੧੪*

ਐਸੀ ਕ੍ਰਿਪਾ ਸਤਿਸੰਗ ਦੇ ਵਿਚ ਹੋ ਜਾਂਦੀ ਹੈ ਕਿਉਂਕਿ -

*ਸਤਸੰਗਤਿ ਕੈਸੀ ਜਾਣੀਐ॥ ਅੰਗ- ੭੨*

ਇਹ ਨਿਸ਼ਾਨੀ ਹੈ -

*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਜਿਥੇ ਨਾਮ ਨਾਲ ਜੋੜਿਆ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਕੋਲ ਜੁਗਤੀਆਂ ਹਨ ਉਹ ਦਸ ਦਿੰਦੇ ਨੇ ਕਿ ਅੰਮ੍ਰਿਤ ਵੇਲੇ ਉਠਦੇ ਹੀ ਇਹ ਕਰਨਾ ਸ਼ੁਰੂ ਕਰ ਦਿਓ। ਸਰੀਰਕ ਪਵਿੱਤਰਤਾ ਵਾਸਤੇ ਜੋ ਕ੍ਰਿਆਵਾਂ ਹਨ ਕਰੋ। ਫਿਰ ਜੁੜ ਕੇ ਬੈਠ ਜਾਓ। ਫੇਰ ਅੰਦਰ ਦਾ ਇਸ਼ਨਾਨ ਕਰੋ ਕਿਉਂਕਿ ਬਾਹਰਲੇ ਇਸ਼ਨਾਨ ਦੀ ਮਹੱਤਤਾ ਉਸ ਸਮੇਂ ਹੋਰ ਵਧ ਜਾਂਦੀ ਹੈ ਜਦੋਂ ਅੰਦਰਲਾ ਇਸ਼ਨਾਨ ਕਰਦੇ ਹਾਂ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ- ੩੦੫*

'ਧਿਆਵੈ' ਕਿ ਧਿਆਨ 'ਚ ਬੈਠ ਜਾਵੇ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਹੁਣ ਅੰਮ੍ਰਿਤਸਰ ਸਰੋਵਰ ਦਾ ਅੰਮ੍ਰਿਤ ਉਹਦੇ ਇਸ਼ਨਾਨ ਦੀ ਗੱਲ ਕੀਤੀ ਹੈ। ਇਹ ਨਹੀਂ ਕਿ ਅਸੀਂ ਬਾਹਰਲੇ ਸਰੋਵਰਾਂ ਨੂੰ ਨਿੰਦਣ ਲਗ ਜਾਈਏ ਇਹ ਪੂਜਣਯੋਗ ਹਨ। 'ਅੰਮ੍ਰਿਤਸਰ ਸਿਫਤੀ ਦਾ ਘਰ'। ਉਥੇ ਬਾਣੀ ਪੜ੍ਹੀ ਜਾਂਦੀ ਹੈ, ਪਾਣੀ ਦੀ ਤਾਸੀਰ ਬਦਲ ਗਈ। ਜਦੋਂ ਜਾਓ ਇਸ਼ਨਾਨ ਕਰੋ -

*ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥*

*ਅੰਗ- ੬੨੪*

ਕਿੱਡੀ ਬਖਸ਼ਿਸ਼ ਹੈ ਸਤਿਗੁਰੂ ਜੀ ਦਾ ਬਚਨ ਹੈ। ਅੰਦਰਲਾ ਉਹ ਸਰੋਵਰ ਇਸ ਸਰੀਰ ਦੇ ਵਿਚ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*

*ਅੰਗ - ੫੩੮*

ਇਸ ਸਰੀਰ ਦੇ ਵਿਚ ਐਸਾ ਅੰਮ੍ਰਿਤ ਨਾਮ ਦਾ ਸਰੋਵਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਨਿਸ਼ਾਨੀ ਵੀ ਦਸ ਦਿਤੀ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਉਹ ਕਹਿਣ 'ਚ ਨਹੀਂ ਆਉਂਦਾ।

ਸੋ ਤੁਸੀਂ ਸਤਿਸੰਗੀ ਹੋਂ 'ਆਤਮ ਮਾਰਗ' ਮੈਗਜ਼ੀਨ ਪੜ੍ਹਦੇ ਹੋਂ। ਉਸ ਵਿਚ ਕਿੰਨਾ ਰਸਤਾ ਖੋਲ੍ਹ ਦਿਤਾ। ਕੋਈ ਸਾਧੂ ਦਸਦਾ ਨਹੀਂ। ਪਰ ਉਹਨਾਂ ਦੀਆਂ ਬਖਸ਼ਿਸ਼ਾਂ, ਰਹਿਮਤਾਂ ਵਰਸ ਰਹੀਆਂ ਹਨ। ਪੁਸਤਕਾਂ ਹਨ, ਪਿਛਲੀ ਵਾਰੀ ਜਦੋਂ ਇਥੇ ਸਤਿਸੰਗ ਹੋਏ ਇਕ ਅਪੀਲ ਕੀਤੀ ਗਈ। ਕਿਉਂਕਿ ਇਹ ਸੰਪਰਦਾ ਹੈ। ਮਹਾਂਪੁਰਸ਼ਾਂ ਨੇ ਸਿਖਾਇਆ ਹੈ ਕਿ ਕਿਸੇ ਅੱਗੇ ਹੱਥ ਨਹੀਂ ਕਰਨਾ। ਜਿਵੇਂ ਬੀਜੀ ਨੇ ਕਿਹਾ, ਬਖਸ਼ਿਸ਼ ਦਾ ਹੱਥ ਉਠੇ, ਕਿਸੇ ਅੱਗੇ ਹੱਥ ਅੱਡ ਕੇ ਮੰਗਣਾ ਨਹੀਂ। ਇਥੇ ਕੋਈ ਘਾਟਾ ਨਹੀਂ। ਕਿਉਂਕਿ ਚਾਰੋ ਹੀ ਪਦਾਰਥ ਨੇ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ- ੨੬੬*

ਕੋਈ ਅਪੀਲ ਜਾਂ ਦਲੀਲ ਜਾਂ ਕੋਈ ਟੇਢਾ ਢੰਗ ਨਹੀਂ। ਕੋਈ ਉਗਰਾਹੀ ਨਹੀਂ ਕੀਤੀ ਜਾਂਦੀ ਪਰ ਇਕ

*(ਬਾਕੀ ਪੰਨਾ 59 'ਤੇ)*

# ਸਤਿਗੁਰ ਨਾਨਕੁ ਪ੍ਰਗਟਿਆ....

*ਭਾਈ (ਡਾ.) ਸੁਖਵਿੰਦਰ ਸਿੰਘ*

ਹਨ੍ਹੇਰੇ ਅਤੇ ਚਾਨਣ ਦਾ ਦਵੰਦ ਅਤੇ ਸੰਘਰਸ਼ ਆਦਿ ਤੋਂ ਚਲਿਆ ਆ ਰਿਹਾ ਹੈ। ਹਨ੍ਹੇਰੇ ਵਿਚ ਸੁਖ ਛਿਨ ਭੰਗਰ ਵੀ ਨਹੀਂ ਹੈ। ***'ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥'*** ਹਨ੍ਹੇਰੇ ਵਿਚ ਭਾਵੇਂ ਕੋਈ ਰਾਜਾ ਭਾਵ ਧਨੀ ਹੋਵੇ, ਚਾਹੇ ਰੰਕ ਭਾਵ ਨਿਰਧਨ ਹੋਵੇ, ਦੋਹਾਂ ਨੂੰ ਸੁੱਖ ਨਹੀਂ। ਪਰ ਕਈ ਹਨ੍ਹੇਰੇ ਦੇ ਅੰਧਕਾਰਮਈ ਵਰਤਾਰੇ ਨੂੰ ਹੀ ਸੁਖ ਸਮਝ ਬੈਠਦੇ ਹਨ। ਹਨ੍ਹੇਰੇ ਵਾਲੇ ਜੀਵਨ ਨੂੰ ਹੀ ਚਾਨਣਮਈ ਜੀਵਨ ਸਮਝ ਬੈਠਦੇ ਹਨ। ਇਹ ਉਨ੍ਹਾਂ ਦਾ ਭੁਲੇਖਾ ਅਤੇ ਅਗਿਆਨ ਹੁੰਦਾ ਹੈ। ਅਸਲ ਵਿਚ ਉਨ੍ਹਾਂ ਨੂੰ ਅਸਲੀਅਤ ਦਾ ਗਿਆਨ ਨਹੀਂ ਹੁੰਦਾ ਕਿਉਂਕਿ ਪੂਰਨ ਗੁਰੂ ਤੋਂ ਬਗੈਰ ਗਿਆਨ ਦੇ ਪ੍ਰਕਾਸ਼ ਕਰਨ ਲਈ ਕੋਈ ਵੀ ਸਮਰੱਥ ਨਹੀਂ।

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਮਨ ਵਿਚ ਜਨਮਾਂ-ਜਨਮਾਂ ਦੇ ਪਏ ਹਨ੍ਹੇਰੇ ਨੂੰ ਦੂਰ ਕਰਨ ਦੀ ਸਮਰੱਥਾ ਸਮਰੱਥ ਗੁਰੂ ਵਿਚ ਹੀ ਹੈ। ਸਮਰੱਥ ਗੁਰੂ ਅੰਮ੍ਰਿਤਮਈ ਨਾਮ ਦੀ ਦਾਤ ਬਖਸ਼ਿਸ਼ ਕਰਕੇ ਅਗਿਆਨ ਦੇ ਬੰਧਨ ਕੱਟ ਦਿੰਦੇ ਹਨ। ਆਤਮ ਮਾਰਗ ਦੀ ਸੋਝੀ ਬਖਸ਼ ਦਿੰਦੇ ਹਨ। ਹਨ੍ਹੇਰੇ ਨੂੰ ਚਾਨਣ ਸਮਝਣਾ ਹੀ ਅਧਰਮ ਨੂੰ ਧਰਮ ਸਮਝਣਾ ਹੈ। ਅਧਰਮੀ ਮਨੁੱਖ ਨਾਲੋਂ ਅਧਰਮ ਨੂੰ ਧਰਮ ਸਮਝਣ ਵਾਲਾ ਮਨੁੱਖ ਸਮਾਜ ਲਈ ਜ਼ਿਆਦਾ ਘਾਤਕ ਸਿੱਧ ਹੁੰਦਾ ਹੈ। ਅਧਰਮੀ ਨੂੰ ਸਾਰੇ ਜਾਣਦੇ ਸਮਝਦੇ ਹੁੰਦੇ ਹਨ ਕਿ ਇਸ ਦੀ ਕੀ ਰਹੁ ਰੀਤ ਹੈ। ਪਰ ਧਰਮ ਦਾ ਭੇਖ ਤੇ ਭੁਲੇਖਾ ਪਾ ਕੇ ਅਧਰਮ ਦੇ ਕੰਮ ਕਰਨ ਵਾਲਾ ਸਮਾਜ ਲਈ ਘਾਤਕ ਹੋ ਨਿਬੜਦਾ ਹੈ। ਧਰਮ ਦੀ ਪਰਿਭਾਸ਼ਾ ਨੂੰ ਅਧਰਮ ਨਾਲ ਜੋੜਨਾ ਹੀ ਧਾਰਮਿਕ ਵਰਗ ਦਾ ਵੱਡਾ ਦੁਖਾਂਤ ਹੈ। ਸਮਾਜ ਵਿਚ ਇਹੀ ਵਰਤਾਰਾ ਆਪ ਨਿਰੰਕਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਵੇਲੇ ਸੀ। ਜਦੋਂ ਸਮਾਜ ਵਿਚ ਅਤੀ ਘਿਨੌਣਾ ਰੂਪ ਮੌਕੇ ਦੇ ਅਲੰਬਰਦਾਰਾਂ ਤੇ ਵਾਰਸਾਂ ਵਲੋਂ ਦਿਖਾਇਆ ਗਿਆ ਤਾਂ ਉਸ ਵੇਲੇ ਪ੍ਰਮੇਸ਼ਰ ਵਾਹਿਗੁਰੂ ਨੂੰ ਆਪ ਮਾਤ ਲੋਕ ਤੇ ਨਿਰਗੁਣ ਤੋਂ ਸਰਗੁਣ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਣਾ ਪਿਆ - ***'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥'*** ਸਤਿਗੁਰ ਸੱਚੇ ਪਾਤਸ਼ਾਹ ਨੇ ਪ੍ਰਗਟ ਹੋ ਕੇ ਸਭ ਤੋਂ ਪਹਿਲਾਂ ਵੱਡੇ ਭਾਗਾਂ ਵਾਲੀ ਦੋਲਤਾਂ ਦਾਈ ਨੂੰ ਹਨ੍ਹੇਰੇ ਵਿਚੋਂ ਚਾਨਣ ਬਖਸ਼ਿਆ। ਦੁਨਿਆਵੀ ਤੌਰ ਤੇ ਅੱਠ ਚਹੁੰਮੁਖੇ ਦੀਵਿਆਂ ਦੀ ਰੋਸ਼ਨੀ ਵੀ ਮੱਧਮ ਪਈ। ਰੂਹਾਨੀ ਪ੍ਰਕਾਸ਼ ਦਾ ਝਲਕਾਰਾ ਪਿਆ। ਸਾਰੇ ਵਾਤਾਵਰਣ ਚੌਗਿਰਦੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਤੇ ਅਨੰਦਮਈ ਵਾਤਾਵਰਣ ਬਣ ਗਿਆ। ਭਾਵ ਸਾਰਾ ਆਲਾ-ਦੁਆਲਾ ਕਿਸੇ ਨੂਰੀ ਸ਼ਕਤੀ ਦੇ ਜਲੋ ਨਾਲ ਰੁਸ਼ਨਾਅ ਗਿਆ। ਪਰ ਜਿਉਂ ਆਪ ਪ੍ਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਤਾ ਦੋਲਤਾਂ ਜੀ ਦੇ ਹੱਥਾਂ ਵਿਚ ਪ੍ਰਕਾਸ਼ਮਈ ਹੋ ਕੇ ਦਰਸ਼ਨ ਦਿਤੇ ਮੁਸਕਰਾ ਕੇ, ਹੱਸ ਕੇ, ਬੱਸ ਉਸੇ ਵੇਲੇ ਦਰਸ਼ਨ ਕਰਦੇ ਸਾਰ ਹੀ ਮਾਤਾ ਦੋਲਤਾਂ ਜੀ ਦੇ ਮਨ ਵਿਚ ਪ੍ਰਕਾਸ਼ ਹੋ ਗਿਆ। ਹਨ੍ਹੇਰੇ ਤੋਂ ਚਾਨਣ ਵਲ ਕਦਮ ਵਧਣੇ ਸ਼ੁਰੂ ਹੋ ਗਏ। ਅੱਜ ਦੋਲਤਾਂ ਦਾਈ ਮਾਤਾ ਤ੍ਰਿਪਤਾ ਜੀ ਦੀ ਟਹਿਲ ਕਰਕੇ ਆਪ ਤ੍ਰਿਪਤ ਹੋ ਗਏ। ਚਿਹਰੇ ਤੇ ਨੂਰ, ਖੇੜਾ, ਚਾਲ 'ਚ ਮਸਤੀ, ਹੱਥ ਜੁੜੇ ਹੋਏ ਪਰ ਭਿਖਾਰੀਆਂ ਵਾਂਗੂੰ ਨਹੀਂ ਰਾਜਿਆਂ ਵਾਂਗੂੰ, ਚਾਨਣ ਦਾ ਪ੍ਰਕਾਸ਼ ਲੈ ਕੇ ਆਪ ਪ੍ਰਕਾਸ਼ਮਈ ਹੋ ਕੇ ਬਾਹਰ ਨੂੰ ਆਉਂਦੇ ਹਨ।

ਅਤੀ ਸਤਿਕਾਰਯੋਗ ਬਾਬਾ ਮਹਿਤਾ ਕਲਿਆਣ ਦਾਸ ਜੀ ਦੇ ਕਹਿਣ ਤੇ ਕਿ ਮੰਗ ਜੋ ਮੰਗਣਾ - ਜਵਾਬ ਆਇਆ ਕਿ ਅੱਜ ਸਾਰੀਆਂ ਹੀ ਭੁੱਖਾਂ ਦੀ ਤ੍ਰਿਪਤੀ ਹੋ ਗਈ। ਜਨਮਾਂ-ਜਨਮਾਂ ਦੀ ਲੱਗੀ ਭੁੱਖ ਇਕ ਛਿਨ ਦੇ ਪ੍ਰਕਾਸ਼ ਨੇ ਮੇਟ ਦਿਤੀ। ਗਿਆਨ ਦਾ ਪ੍ਰਕਾਸ਼ ਹੋ ਗਿਆ। ਸੰਤੋਖ ਮਿਲ ਗਿਆ। ਸਬਰ ਮਿਲ ਗਿਆ, ਨੂਰਾਂ ਦੇ ਨੂਰ ਵਲੋਂ ਇਲਾਹੀ ਨਾਦ ਦੀ ਬਖਸ਼ਿਸ਼ ਹੋ ਗਈ। ਇਹ ਸੀ ਹਨ੍ਹੇਰੇ ਤੋਂ ਚਾਨਣ ਦੀ ਬਖਸ਼ਿਸ਼। ਬਾਅਦ ਵਿਚ ਸਰੀਰਕ ਉਮਰ ਦਾ ਬਚਪਨ ਲੰਘਿਆ। ਬਚਪਨ ਦਾ ਚੌਂਕੜਾ ਤੇ ਸਮਾਧੀ ਕਿਸੇ ਅਨੋਖੀ ਸ਼ਕਤੀ ਵਲ ਇਸ਼ਾਰਾ ਕਰਦੇ ਹਨ। ਬਚਪਨ ਤੋਂ ਬਾਅਦ ਪਾਧੇ ਕੋਲ ਪੜ੍ਹਨ ਲਈ ਭੇਜਣਾ, ਉਸ ਨੂੰ ਹਨ੍ਹੇਰੇ ਤੋਂ ਚਾਨਣ ਵਲ ਪ੍ਰੇਰਿਤ ਕਰਨਾ ਤੇ ਬਖਸ਼ਿਸ਼ ਕਰਨੀ, ਇਹ ਨੂਰਾਂ ਦੇ ਨੂਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਕਾਰਜਾਂ ਦੀ ਆਰੰਭਤਾ ਦੇ ਪ੍ਰਗਟਾਵੇ ਹਨ। ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਵਰਗ ਨੂੰ ਸਮੇਂ-ਸਮੇਂ ਸਿਰ ਜਗ੍ਹਾ-ਜਗ੍ਹਾ ਜਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਭ ਨੂੰ ਵਹਿਮਾਂ-ਭਰਮਾਂ, ਪਾਖੰਡਾਂ, ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ, ਵੈਰ-ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਚੁਗਲੀ, ਨਿੰਦਿਆ, ਆਸਾ, ਤ੍ਰਿਸ਼ਨਾ, ਹੰਸ, ਹੇਤ, ਲੋਭ, ਕੋਪ ਆਦਿਕ ਆਸੁਰੀ ਸੰਪਦਾ ਵਿਚੋਂ ਕੱਢ ਕੇ ਦੈਵੀ ਗੁਣਾਂ ਦਾ ਪ੍ਰਕਾਸ਼ ਕੀਤਾ। ਨਿਵੇਕਲੀ ਪ੍ਰਕਾਸ਼ਮਈ ਸੋਝੀ ਬਖਸ਼ੀ। ਸਤ, ਸੰਤੋਖ, ਧੀਰਜ, ਦਇਆ, ਖਿਮਾ, ਮਿੱਠਾ ਬੋਲਣਾ, ਪਰਉਪਕਾਰ ਕਰਨਾ, ਮਨ, ਚਿੱਤ, ਬੁੱਧ ਕਰਕੇ ਦੈਵੀ ਗੁਣ ਧਾਰਨ ਕਰਵਾਏ। ਰਾਜਾ, ਪਰਜਾ, ਧਾਰਮਿਕ ਆਗੂ, ਅਖੌਤੀ, ਸੰਤ, ਸਾਧੂਆਂ, ਰਾਜਨੀਤਿਕ ਆਗੂਆਂ, ਬੋਧੀਆਂ, ਜੈਨੀਆਂ, ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ

ਨੂੰ ਅੰਧਕਾਰ ਵਿਚੋਂ ਕੱਢ ਕੇ ਚਾਨਣਮਈ ਜੀਵਨ ਬਖਸ਼ਿਆ। ਉਸ ਸਮੇਂ ਸਮਾਜ ਦੇ ਸਾਰੇ ਵਰਗ ਕੇਵਲ ਹਨ੍ਹੇਰੇ ਦਾ ਜੀਵਨ ਹੀ ਨਹੀਂ ਬਤੀਤ ਕਰ ਰਹੇ ਸੀ ਸਗੋਂ ਮਨ ਵਿਚ ਸੰਘਣੀ ਧੁੰਧ ਛਾਈ ਹੋਈ ਸੀ ਜੋ ਕਿ ਹਨ੍ਹੇਰੇ ਤੋਂ ਵੀ ਖਤਰਨਾਕ ਸੀ। ਸਤਿਗੁਰੂ ਸੱਚੇ ਪਾਤਸ਼ਾਹ ਨੇ ਉਸ ਅਗਿਆਨ ਰੂਪੀ ਧੁੰਧ ਨੂੰ ਗਿਆਨ ਦੇ ਪ੍ਰਕਾਸ਼ ਰਾਹੀਂ ਦੂਰ ਕੀਤਾ। ਸਮੇਂ-ਸਮੇਂ ਸਿਰ ਬਾਣੀ ਦਾ ਦਰਗਾਹ ਵਿਚੋਂ ਅਵਾਹਨ ਹੋਇਆ। ਵਿਸ਼ੇਸ਼ ਤੌਰ ਤੇ, ਮਲਕ ਭਾਗੋ ਭੂਮੀਆਂ ਚੋਰ, ਸੱਜਣ ਠੱਗ, ਕੌਡੇ ਰਾਖਸ਼, ਵਲੀ ਕੰਧਾਰੀ, ਪੀਰ ਦਸਤਗੀਰ, ਸਿੱਧਾਂ, ਕੁੰਭਾਂ ਦੇ ਮੇਲਿਆਂ ਤੇ, ਅਸਾਮ ਦੀਆਂ ਜਾਦੂਗਰਨੀਆਂ ਇਤਿਆਦਿਕ ਦੇ ਪ੍ਰਸੰਗ ਵਰਨਣਯੋਗ ਹਨ। ਇਹਨਾਂ ਸਾਰਿਆਂ ਨੂੰ ਕਿਸੇ ਜੁਗਤਿ ਰਾਹੀਂ ਅੰਧਕਾਰ 'ਚੋਂ ਕੱਢ ਕੇ ਪ੍ਰਕਾਸ਼ਮਈ ਜੀਵਨ ਦੀ ਬਖਸ਼ਿਸ਼ ਕੀਤੀ। ਜਲ ਰਹੀ ਪ੍ਰਿਥਵੀ ਨੂੰ ਠੰਢ ਬਖਸ਼ੀ, ਸ਼ਾਂਤੀ ਬਖਸ਼ੀ। ਚਾਰ ਤਰ੍ਹਾਂ ਦੇ ਮਨੁੱਖ ਸਮਾਜ ਵਿਚ ਪਾਏ ਜਾਂਦੇ ਹਨ। ਇਕ ਤਾਂ ਪਹਿਲੇ ਉਹ ਨੇ ਜੋ ਚਾਨਣ ਤੋਂ ਚਾਨਣ ਵਲ ਜਾ ਰਹੇ ਹਨ। ਦੂਜੇ ਹਨ੍ਹੇਰੇ ਤੋਂ ਚਾਨਣ ਵਲ ਜਾ ਰਹੇ ਹਨ। ਤੀਸਰੇ ਹਨ੍ਹੇਰੇ ਤੋਂ ਹਨ੍ਹੇਰੇ ਵਲ ਜਾ ਰਹੇ ਹਨ। ਚੌਥੇ ਚਾਨਣ ਤੋਂ ਹਨ੍ਹੇਰੇ ਵਲ ਜਾ ਰਹੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਆਪ ਚਾਨਣ ਹਨ। ਆਪ ਵਾਹਿਗੁਰੂ ਦਾ ਪ੍ਰਕਾਸ਼ਮਈ ਰੂਪ ਹਨ। ਆਪ ਜੀ ਪ੍ਰਮੇਸ਼ਰ ਵਾਹਿਗੁਰੂ ਰੂਪ ਚਾਨਣ ਲੈ ਕੇ ਆਏ। ਪ੍ਰਕਾਸ਼ ਵੰਡਣ ਆਏ। ਸੂਰਜ ਦੀ ਤਰ੍ਹਾਂ ਅੰਧਕਾਰਮਈ ਗੁਫਾਵਾਂ ਵਿਚ ਪ੍ਰਕਾਸ਼ ਕਰਨ ਆਏ। ਸੂਰਜ ਗੱਲ ਸਮਝਣ ਲਈ ਪ੍ਰਤੀਕ ਹੈ। ਸੂਰਜ ਦੇ ਪ੍ਰਕਾਸ਼ ਦੀ ਸੀਮਾ ਹੈ ਪਰ ਸਤਿਗੁਰੂ ਜੀ ਅਸੀਮ ਪ੍ਰਕਾਸ਼ ਹਨ, ਬੇਅੰਤ ਹਨ। ਹਰ ਮਜ਼੍ਹਬ ਦੇ ਆਗੂ ਨੂੰ ਆਪ ਜਾ ਕੇ, ਪ੍ਰਕਾਸ਼ ਨੇ, ਉਸ ਦੇ ਦਰ 'ਤੇ ਦਸਤਕ ਦਿਤੀ। ਟੁੱਟੀਆਂ ਹੋਈਆਂ ਰੂਹਾਂ ਨੂੰ ਜੋੜਿਆ। ਜੁੜੇ ਹੋਣ ਦਾ ਭੁਲੇਖਾ ਖਾ ਜਾਣ ਵਾਲਿਆਂ ਨੂੰ ਸਹੀ ਰੂਪ ਵਿਚ ਜੋੜਿਆ। ਭਰਮ ਦੂਰ ਕੀਤੇ, ਅਸਲੀਅਤ ਦੀ ਸੋਝੀ, ਰੱਬ ਦੇ ਘਰ ਦੀ ਛੋਹ ਦੀ ਬਖਸ਼ਿਸ਼ ਕੀਤੀ। ਅਧਰਮ ਨੂੰ ਧਰਮ ਸਮਝ ਕੇ ਲੋਕਾਂ ਨੂੰ ਗੁਮਰਾਹ ਕਰਨ ਵਾਲਿਆਂ ਨੂੰ ਅਸਲੀ ਧਰਮੀ ਹੋਣ ਦਾ ਅਹਿਸਾਸ ਕਰਵਾਇਆ। ਸੱਜਣ ਠੱਗ ਨੂੰ ਧਰਮੀ ਬਣਾ ਕੇ ਭਾਈ ਸੱਜਣ ਹੋਣ ਦਾ ਮਾਣ ਬਖਸ਼ਿਆ। ਸਮਾਜ ਦੀ ਅਜੋਕੀ ਸਥਿਤੀ ਵੀ ਇਹੀ ਬਣੀ ਹੋਈ ਹੈ ਕਿ ਹਰ ਵਰਗ, ਹਰ ਖੇਤਰ ਵਿਚ ਭਾਵੇਂ ਰਾਜਾ ਪਰਜਾ ਹੋਵੇ, ਸਮਾਜਿਕ, ਧਾਰਮਿਕ ਖੇਤਰ ਨਾਲ ਸਬੰਧਿਤ ਹੋਵੇ, ਅਧਰਮ ਨੂੰ ਧਰਮ ਬਣਾ ਕੇ ਸੌਦਾ ਵੇਚਿਆ ਜਾ ਰਿਹਾ ਹੈ। ਹਨ੍ਹੇਰੇ ਨੂੰ ਪ੍ਰਕਾਸ਼ ਸਮਝਣਾ, ਭੁੱਲੜ ਲੋਕਾਂ ਦਾ ਕੰਮ ਹੈ। ਅੰਦਰੋਂ ਹੋਰ ਬਾਹਰੋਂ ਹੋਰ ਕੱਚਿਆਂ ਦਾ ਵਰਤਾਰਾ ਹੈ।

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ- ੧੧੦੨*

ਪਰ ਸੱਚੇ ਪਾਤਸ਼ਾਹ ਨੇ ਇਹੀ ਤਾਲੀਮ ਦਿਤੀ ਕਿ ਪਿਆਰਿਓ! ਅਸਲੀਅਤ ਵਿਚ ਆਉ। ਜੁੜੋ ਨਾਮ ਬਾਣੀ ਨਾਲ, ਤਿਆਗੋ ਵਹਿਮਾਂ, ਭਰਮਾਂ, ਪਾਖੰਡਾਂ ਨੂੰ। ਇਥੇ ਸਤਿ ਵਾਹਿਗੁਰੂ ਹੀ ਹੈ ਕੋਈ ਹੋਰ ਨਹੀਂ। ਇਕ 'ਨਾਮ' ਦਾ ਹੋਕਾ ਦਿਤਾ -

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - ੧੧੩੬*

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਇਸ ਦੇ ਨਾਲ-ਨਾਲ ਇਕ ਜੀਵਨ ਜੁਗਤਿ ਦੀ ਸੋਝੀ ਬਖਸ਼ੀ। ਘਰਬਾਰ ਤਿਆਗਣ ਤੋਂ ਛੁਟਕਾਰਾ ਦਿਵਾ ਕੇ, ਗੁਫਾਵਾਂ, ਪਹਾੜਾਂ, ਜੰਗਲਾਂ ਦੇ ਭ੍ਰਮਣ ਤੋਂ ਛੁਟਕਾਰਾ ਦਿਵਾ ਕੇ, ਚਾਰ ਆਸ਼ਰਮਾਂ, ਚਾਰ ਵਰਣਾਂ ਦੀ ਸੌੜੀ ਵੰਡ ਤੋਂ ਛੁਟਕਾਰਾ ਦਿਵਾ ਕੇ ਘਰ ਪਰਿਵਾਰ, ਸਮਾਜ ਵਿਚ ਰਹਿੰਦੇ ਹੋਏ ਸੁਚੱਜਾ ਮਾਰਗ ਦਰਸ਼ਨ ਕੀਤਾ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- ੯੩੮*

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਆਤਮ ਮਾਰਗ ਦੀ ਸੋਝੀ ਬਖਸ਼ੀ। ਧਰਮ ਕੇਵਲ ਧਾਰਮਿਕ ਅਸਥਾਨਾਂ ਦੀ ਦੀਵਾਰ ਤੱਕ ਹੀ ਸੀਮਤ ਨਹੀਂ, ਇਹ ਤਾਂ ਮਨੁੱਖ ਦੇ ਸਵਾਸ-ਸਵਾਸ ਤੇ ਨਾਲ ਨਿਭਣਾ ਚਾਹੀਦਾ ਹੈ। ਰੱਬ ਕਿਤੇ ਸੱਤਵੇਂ ਅਸਮਾਨ ਤੇ ਨਹੀਂ ਹਰ ਵਕਤ ਤੇਰੇ ਅੰਦਰ-ਬਾਹਰ ਹੈ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*
*ਅੰਗ- ੬੧੨*

ਇਹ ਜਗ ਸੱਚੇ ਦੀ ਹੀ ਕੋਠੜੀ ਹੈ। ਮਨੁੱਖ, ਸਮਾਜ ਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ, ਤਿੰਨੋ ਇਕੋ ਹੀ ਨੇ। ਰੱਬ ਕਰਤਾ ਹੈ ਮਨੁੱਖ ਅਤੇ ਸਮਾਜ ਉਸ ਦੀ ਕਿਰਤ ਹਨ ਜਿਨ੍ਹਾਂ ਵਿਚ ਉਹ ਆਪ ਬਿਰਾਜਮਾਨ ਹੈ। ਇਨ੍ਹਾਂ ਤਿੰਨਾਂ ਦਾ ਸੁਮੇਲ ਹੀ ਧਰਮ ਹੈ। ਤਿੰਨਾਂ ਦੀ ਸੁਮੇਲਤਾ ਹੀ ਪ੍ਰਕਾਸ਼ਮਈ ਜੀਵਨ ਹੈ।

ਇਸ ਤਰ੍ਹਾਂ ਇਹੀ ਸਮਾਜ ਬੇਗਮਪੁਰਾ ਬਣ ਜਾਵੇਗਾ। ਸਾਰੇ ਪਾਸੇ ਸ਼ਾਂਤੀ ਵਾਲਾ ਵਾਤਾਵਰਨ ਪੈਦਾ ਹੋ ਕੇ ਸਾਰੇ ਇਕੋ ਪਰਿਵਾਰ ਦੇ ਮੈਂਬਰ ਬਣ ਕੇ - ***'ਏਕੁ ਪਿਤਾ ਏਕਸ ਕੇ ਹਮ ਬਾਰਿਕ'*** ਦੀ ਸੋਝੀ ਲੈਂਦੇ ਹੋਏ ਜੀਵਨ ਬਸਰ ਕਰ ਸਕਣਗੇ। ਇਹੀ ਹਨ੍ਹੇਰੇ ਤੋਂ ਪ੍ਰਕਾਸ਼ ਵਲ ਵਧਦੇ ਕਦਮ ਹਨ।***'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ'*** ਉਸ ਅਸੀਮ ਪ੍ਰਕਾਸ਼ ਨਾਲ ਜੁੜਨ ਲਈ ਅਰਦਾਸ ਕਰੀਏ।

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਦਾ ਭਲਾ॥*

# ਨਾਮ-ਜਪੁ-ਸਿਮਰਨ ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-49)*

ਸਭ ਤੋਂ ਪਹਿਲਾਂ ਮਨ ਵਿਚ ਇਹ ਧਾਰਨਾ ਬਣਾਉਣੀ ਆਵਸ਼ਕ ਹੈ ਕਿ ਗੁਰੂ ਜੀ ਜੀਵਨ ਦੇ ਰਹੱਸ ਨੂੰ ਜਾਣਦੇ ਹਨ ਅਤੇ ਆਪਣੇ ਅਨੁਭਵ ਵਿਚੋਂ ਜੋ ਵੀ ਕਹਿ ਰਹੇ ਹਨ, ਉਹ ਸੌ ਫੀ ਸਦੀ ਸੱਚ ਹੈ ਅਤੇ ਇਹੋ ਹੀ ਜੀਵਨ ਦਾ ਸਹੀ ਗਿਆਨ ਅਤੇ ਮਾਰਗ ਹੈ। ਏਥੇ ਪੰਜ ਗੱਲਾਂ ਵਲ ਸਾਡਾ ਧਿਆਨ ਖਿਚਿਆ ਹੈ।

ਪਹਿਲੀ - ਪਰਮਾਤਮਾ ਸਰਬ ਸਮਰੱਥ ਹੈ, ਸਭ ਤਾਕਤਾਂ ਦਾ ਮਾਲਕ ਹੈ, ਸਰਬ ਗੁਣ ਸੰਪੰਨ ਹੈ।

ਦੂਜੀ - ਪਰਮਾਤਮਾ ਦਾ ਨਾਮ ਵੀ ਪਰਮਾਤਮਾ ਵਾਂਗ ਸਰਬ ਸ਼ਕਤੀਮਾਨ ਅਤੇ ਸਰਬ ਗੁਣ ਸੰਪੰਨ ਹੈ।

ਤੀਜੀ - ਨਾਮ ਦੇ ਸੁਣਨ ਨਾਲ, ਸਿਮਰਨ ਨਾਲ, ਪ੍ਰਭੂ ਗੁਣ ਗਾਇਨ ਨਾਲ ਸਭ ਦੁਖ ਕਲੇਸ਼ ਦੂਰ ਹੋ ਜਾਂਦੇ ਹਨ, ਜਮਰਾਜ ਵੀ ਕੁਝ ਨਹੀਂ ਕਹਿ ਸਕਦਾ, ਸਾਰੇ ਸੁਖ ਅਨੰਦ ਮਿਲ ਜਾਂਦੇ ਹਨ ਅਤੇ ਸੰਸਾਰ ਸਾਗਰ ਸੌਖੇ ਤਰ ਜਾਈਦਾ ਹੈ।

ਚੌਥੀ - ਮਾਇਆ ਦਾ ਮੋਹ ਕੂੜਾ ਹੈ, ਵਿਕਾਰੀ ਹੈ, ਦੁਖਾਂ ਅਤੇ ਬੰਧਨਾਂ ਦਾ ਕਾਰਨ ਹੈ, ਛਲਾਵਾ ਹੈ, ਮਨ, ਸਰੀਰ ਆਤਮਾ ਲਈ ਦੁਖਦਾਈ ਹੈ।

ਪੰਜਵੀ - ਪ੍ਰਭੂ ਦੀ ਕਿਰਪਾ ਤੋਂ ਬਿਨਾਂ ਨਾਮ ਸਿਮਰਨ ਦੀ ਦਾਤ ਨਹੀਂ ਮਿਲਦੀ, ਸੰਤਾਂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਨਾਹੀ ਮਾਇਆ ਦੀ ਪਕੜ ਤੋਂ ਬਚਾਅ ਹੁੰਦਾ ਹੈ।

ਇਹ ਨਾਮ-ਵਿਧਾਨ ਹੈ, ਸਿਮਰਨ ਦੀ ਜੁਗਤਿ ਹੈ, ਪਰਮਾਤਮਾ-ਗਿਆਨ ਹੈ ਜੋ ਗੁਰਬਾਣੀ ਦੇ ਹਰੇਕ ਸ਼ਬਦ ਵਿਚੋਂ ਪ੍ਰਗਟ ਹੋ ਰਿਹਾ ਹੈ। ਜਦੋਂ ਮਨੁੱਖ ਆਪਣੀ ਹਉਮੈ ਦੇ ਘੇਰੇ ਵਿਚੋਂ ਨਿਕਲ ਕੇ ਮਨਮੁਖ ਬਿਰਤੀ ਤਿਆਗ ਕੇ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਇਸ ਵਿਧਾਨ ਦੀ ਸੋਝੀ ਹੋ ਜਾਂਦੀ ਹੈ। ਕੇਵਲ ਪੂਰਨ ਗੁਰੂ ਪਾਸ ਹੀ ਅਜਿਹਾ ਪਾਰਦਰਸ਼ੀ ਗਿਆਨ ਹੁੰਦਾ ਹੈ। ਉਸ ਨੂੰ ਹੀ ਆਪਣਾ ਸੱਜਣ ਮਿੱਤਰ ਬਣਾਉਣਾ ਚਾਹੀਦਾ ਹੈ। ਗੁਰੂ ਸੰਤ ਅਤੇ ਗੁਰਬਾਣੀ ਦੀ ਸੰਗਤ ਵਿਚ ਕੀ ਵਾਪਰਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨੁਭਵ ਨੂੰ ਵੇਖੀਏ -

*ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥*
*ਭੇਟਤ ਸੰਗਿ ਇਹੁ ਭਵਜਲੁ ਤਾਰੇ ॥ ੧ ॥*
*ਓਇ ਸਾਜਨ ਓਇ ਮੀਤ ਪਿਆਰੇ ॥*
*ਜੋ ਹਮ ਕਉ ਹਰਿ ਨਾਮੁ ਚਿਤਾਰੇ ॥ ੧ ॥ ਰਹਾਉ ॥*
*ਜਾ ਕਾ ਸਬਦੁ ਸੁਨਤ ਸੁਖ ਸਾਰੇ ॥*
*ਜਾ ਕੀ ਟਹਲ ਜਮਦੂਤ ਬਿਦਾਰੇ ॥ ੨ ॥*
*ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥*
*ਜਾ ਕੈ ਸਿਮਰਣਿ ਮੁਖ ਉਜਲਾਰੇ ॥ ੩ ॥*
*ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥*
*ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥ ੪ ॥ ੨ ॥ ੧੩ ॥*

*ਅੰਗ- ੭੩੯*

ਕੇਵਲ ਅਤੇ ਕੇਵਲ ਪਰਮਾਤਮਾ ਦਾ ਨਾਮ ਚੇਤੇ ਕਰਵਾਣ ਵਾਲਾ ਹੀ ਮਨੁੱਖ ਦਾ ਸਹੀ ਮਿੱਤਰ ਹੋ ਸਕਦਾ ਹੈ। ਅਜਿਹੇ ਸੰਤ ਜਨ, ਗੁਰੂ ਜਨ ਦੇ ਦਰਸ਼ਨਾਂ ਨਾਲ ਕ੍ਰੋੜਾਂ ਪਾਪ ਲਹਿ ਜਾਂਦੇ ਹਨ, ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਜਿਸ ਦੇ ਬਚਨ ਸੁਣਨ ਨਾਲ ਸਾਰੇ ਸੁਖ ਪ੍ਰਾਪਤ ਹੁੰਦੇ ਹਨ, ਜਿਸ ਦੀ ਸੇਵਾ ਕਰਨ ਨਾਲ ਜਮਦੂਤ ਭੀ ਨਾਸ ਹੋ ਜਾਂਦੇ ਹਨ, ਜਿਸ ਦੀ ਧੀਰਜ ਮਨ ਨੂੰ ਸਹਾਰਾ ਦਿੰਦੀ ਹੈ ਅਤੇ ਜਿਸ ਦੇ ਬਖਸ਼ੇ ਹੋਏ ਸਿਮਰਨ ਨਾਲ ਲੋਕ ਪਰਲੋਕ ਵਿਚ ਮੂੰਹ ਉਜਲਾ ਹੁੰਦਾ ਹੈ। ਸਿਮਰਨ ਜੀਵਨ ਦਾ ਸੰਤੁਲਨ ਕਾਇਮ ਕਰਦਾ ਹੈ। ਕੱਚ ਨਾਲੋਂ ਸੁਰਤਿ ਨੂੰ ਤੋੜ ਕੇ ਸੱਚ ਨਾਲ ਜੋੜਦਾ ਹੈ, ਜੋ ਸੁਖ, ਸਹਿਜ ਅਨੰਦ ਦਾ ਸੋਮਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਜੀਵਨ ਦਾ ਵਿਸ਼ਲੇਸ਼ਣ ਕਰਦੇ ਦਸਦੇ ਹਨ ਕਿ ਪ੍ਰਮਾਤਮਾ ਅਤੇ ਉਸ ਦੇ ਨਾਮ-ਸਿਮਰਨ ਤੋਂ ਬਿਨਾਂ ਜੀਵ ਆਤਮਾ ਸੜਦਾ ਬਲਦਾ ਰਹਿੰਦਾ ਹੈ, ਮਨੁੱਖ ਨੂੰ ਸੁਖ, ਸ਼ਾਂਤੀ, ਸਹਿਜ, ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਸਿਮਰਨ ਜੀਵਨ ਦੀ ਆਵਸ਼ਕਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦੀ ਸਾਰੀ ਜਦੋ-ਜਹਿਦ ਨਿਮਨ ਚਾਰ ਪਦਾਰਥਾਂ ਦੀ ਪ੍ਰਾਪਤੀ ਲਈ ਹੁੰਦੀ ਹੈ -

1. ਵਧੀਆ ਤੋਂ ਵਧੀਆ ਸੁੰਦਰ ਮਹਲ-ਮਾੜੀਆਂ, ਘਰ, ਮੰਦਰ, ਕੋਠੀਆਂ ਉਸਾਰਨੀਆਂ ਜਾਂ ਜ਼ਮੀਨ ਜਾਇਦਾਦ ਇਕੱਠੀ ਕਰਨੀ।

2. ਸੁੰਦਰ ਇਸਤ੍ਰੀਆਂ ਦਾ ਸੰਗ ਸਾਥ, ਕਾਮਾਤਰ ਵਿਸ਼ਿਆਂ ਦਾ ਭੋਗ।

3. ਕਰਾਮਾਤੀ ਸ਼ਕਤੀਆਂ ਦੀ ਪ੍ਰਾਪਤੀ ਜਿਨ੍ਹਾਂ ਨਾਲ ਲੋਕ ਵਸ ਵਿਚ ਹੋ ਜਾਣ।

4. ਰਾਜਸੀ ਸ਼ਕਤੀ, ਫੌਜਾਂ ਦੀ ਤਾਕਤ, ਹੁਕਮ ਚਲਾ

ਸਕਣ ਦੀ ਸਮਰੱਥਾ।

ਉਪਰੋਕਤ ਚਾਰ ਪ੍ਰਾਪਤੀਆਂ ਵਿਚੋਂ ਮਨੁੱਖ ਸੁਖ ਦੀ ਭਾਲ ਕਰਦਾ ਹੈ ਪਰ ਸੁਖ ਨਾ ਮਿਲਣ ਤੇ ਅਤਿਅੰਤ ਦੁਖੀ ਹੁੰਦਾ ਹੈ। ਗੁਰੂ ਜੀ ਦਾ ਨਿਰਣਾ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥*
*ਰਹਾਉ ॥* *ਅੰਗ- ੧੪*

ਪੂਰਾ ਸ਼ਬਦ ਇਸ ਪ੍ਰਕਾਰ ਹੈ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥*
*ਰਹਾਉ ॥*
*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩ ॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥*
*ਅੰਗ- ੧੪*

ਭਾਵ ਇਹ ਹੈ ਕਿ ਪ੍ਰਭੂ ਦੇ ਨਾਮ-ਸਿਮਰਨ ਤੋਂ ਬਿਨਾਂ ਜਿੰਦ ਸੜ-ਬਲ ਜਾਂਦੀ ਹੈ, ਉਸ ਸਾੜ ਨੂੰ ਮੋਤੀਆਂ ਦੇ ਮੰਦਰ, ਮਨਮੋਹਣੀਆਂ ਇਸਤ੍ਰੀਆਂ, ਜੋਗ ਦੀਆਂ ਰਿਧੀਆਂ-ਸਿਧੀਆਂ ਅਤੇ ਬਾਦਸ਼ਾਹੀਆਂ ਸ਼ਾਂਤ ਨਹੀਂ ਕਰ ਸਕਦੀਆਂ। ਇਨ੍ਹਾਂ ਦਾ ਮੋਹ ਤਾਂ ਪਰਮਾਤਮਾ ਨਾਲੋਂ ਵਿਥ (ਦੂਰੀ) ਵਧਾ ਕੇ ਸਾੜ ਦਾ ਕਾਰਨ ਬਣਦਾ ਹੈ। ਇਹ ਤਾਂ ਨਾਮ ਨੂੰ ਚੇਤੇ ਵਿਚੋਂ ਭੁਲਾ ਦੇਣ ਵਾਲੀਆਂ ਮਾਇਕ ਵਸਤੂਆਂ ਹਨ ਜਿਨ੍ਹਾਂ ਦੀ ਪ੍ਰਾਪਤੀ ਵਿਚ ਮਨੁੱਖ ਦੇਸ ਪ੍ਰਦੇਸ ਵਿਚ ਅਣਥੱਕ ਘਾਲਣਾ ਘਾਲ ਰਿਹਾ ਹੈ। ਅਜਿਹੀ ਅਵਸਥਾ ਵਿਚ ਕੇਵਲ ਅਤੇ ਕੇਵਲ ਸਿਮਰਨ ਹੀ ਐਸੀ ਜੁਗਤਿ ਹੈ ਜੋ ਸਾਨੂੰ ਅਸਲੇ ਨਾਲ ਜੋੜਨ ਦੇ ਸਮਰੱਥ ਹੈ ਅਤੇ ਸੁਖ, ਸ਼ਾਂਤੀ ਤੇ ਸਹਿਜ ਦਾ ਵਸੀਲਾ ਹੈ।

ਇਸ ਭਾਵਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਧਨਾਸਰੀ ਰਾਗ (ਅੰਗ-੬੭੨) ਵਿਚ ਉਚਾਰਨ ਕੀਤੇ ਇਕ ਸ਼ਬਦ ਰਾਹੀਂ ਹੋਰ ਸਪੱਸ਼ਟ ਕਰਦੇ ਫੁਰਮਾਨ ਕਰਦੇ ਹਨ ਕਿ ਮਾਇਕ ਪਦਾਰਥਾਂ ਦੇ ਮੋਹ ਵਿਚ ਫਸਿਆ ਮਨੁੱਖ ਕਦੇ ਤ੍ਰਿਪਤ ਨਹੀਂ ਹੋ ਸਕਦਾ, ਕਦੇ ਸੁਖ ਸ਼ਾਂਤੀ ਦੀ ਨੀਂਦ ਨਹੀਂ ਸੌਂ ਸਕਦਾ, ਰੂਹਾਨੀ ਸਹਿਜ ਅਨੰਦ ਨੂੰ ਨਹੀਂ ਮਾਣ ਸਕਦਾ। ਗੁਰੂ ਜੀ ਇਕ ਉਦਾਹਰਣ ਦਿੰਦੇ ਹਨ ਕਿ ਕਦੀ ਅੱਗ ਦਾ ਬਾਲਣ ਨਾਲ ਵੀ ਰੱਜ ਹੋਇਆ ਹੈ? ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖ ਕਦੇ ਰੱਜ ਹੀ ਨਹੀਂ ਸਕਦਾ। ਮਾਇਕ ਤ੍ਰਿਸ਼ਨਾਵਾਂ ਦੇ ਭਾਂਬੜ ਪਦਾਰਥਾਂ ਦੀ ਬਹੁਤਾਤ ਵਿਚ ਹੋਰ ਮੱਚਦੇ ਹਨ -

*ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ ॥ ਰਹਾਉ ॥ ਅੰਗ- ੬੭੨*

ਜਪੁ ਜੀ ਵਿਚ ਵੀ ਐਸਾ ਫੁਰਮਾਨ ਹੈ ਕਿ ਭੁੱਖਿਆਂ ਦੀ ਭੁੱਖ, ਤ੍ਰਿਸ਼ਨਾਲੂਆਂ ਦੀ ਅੰਦਰ ਦੀ ਤ੍ਰਿਸ਼ਨਾ ਕਦੇ ਤ੍ਰਿਪਤ ਨਹੀਂ ਹੁੰਦੀ ਭਾਵੇਂ ਮਾਇਕ ਪਦਾਰਥਾਂ ਦੇ ਢੇਰ ਲਗ ਜਾਣ -

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥*
*ਅੰਗ- ੧*

ਉਪਰੋਕਤ ਸ਼ਬਦ ਵਿਚ ਗੁਰੂ ਜੀ ਨੇ ਮਨੁੱਖ ਦੀਆਂ ਤਿੰਨ ਪ੍ਰਮੁੱਖ ਭੁੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਮਨੁੱਖਾਂ ਦੀ ਬਹੁ-ਗਿਣਤੀ ਭਾਜੜ ਵਿਚ ਪਾਈ ਹੋਈ ਹੈ।

ਪਹਿਲੀ - ਵੱਡੇ-ਵੱਡੇ ਰਾਜੇ, ਮਹਾਰਾਜੇ (ਹੁਕਮਰਾਨ), ਜ਼ਮੀਨਦਾਰ, ਇਨ੍ਹਾਂ ਦੀ ਹੋਰ-ਹੋਰ ਦੀ ਤ੍ਰਿਸ਼ਨਾ ਕਦੇ ਤ੍ਰਿਪਤ ਨਹੀਂ ਹੁੰਦੀ। ਉਹ ਮਾਇਕ ਪ੍ਰਾਪਤੀਆਂ ਦੇ ਮੋਹ ਖੋਹ ਵਿਚ ਸਦਾ ਖਚਤ ਰਹਿੰਦੇ ਹਨ, ਮਾਇਕ ਕੌਤਕਾਂ ਦੀ ਮਸਤੀ ਤੋਂ ਬਾਹਰ ਨਹੀਂ ਨਿਕਲ ਸਕਦੇ, ਮਾਇਕ ਪਦਾਰਥਾਂ ਅਤੇ ਸਨਬੰਧਾਂ ਨਾਲ ਹੀ ਚਮੜੇ ਰਹਿੰਦੇ ਹਨ, ਮਾਇਆ ਤੋਂ ਬਿਨਾਂ ਸੰਸਾਰ ਵਿਚ ਹੋਰ ਕੁਝ ਉਨ੍ਹਾਂ ਨੂੰ ਦਿਸਦਾ ਹੀ ਨਹੀਂ। ਫੁਰਮਾਨ ਹੈ -

*ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥*
*ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥੧॥*
*ਅੰਗ- ੬੭੨*

ਮਨੁੱਖ ਦੀ ਦੂਜੀ ਵੱਡੀ ਭੁੱਖ ਜੀਭ-ਰਸ ਦੀ ਹੈ, ਸੁਆਦਲੇ ਚਟਪਟੇ, ਮਿੱਠੇ-ਖੱਟੇ ਭੋਜਨਾਂ, ਸੁਆਦਲੇ ਖਾਣਿਆਂ ਦੀ ਭੁੱਖ ਕਦੇ ਤ੍ਰਿਪਤ ਨਹੀਂ ਹੁੰਦੀ (ਭਾਵੇਂ ਇਨ੍ਹਾਂ ਤੋਂ ਸਰੀਰ ਨੂੰ ਕਈ ਰੋਗ ਲੱਗ ਜਾਣ)। ਮਨੁੱਖ ਸੁਆਦਲੇ ਖਾਣਿਆਂ ਦੀ ਲਾਲਸਾ ਵਿਚ ਕੁੱਤੇ ਵਾਂਗ ਚਾਰੇ ਪਾਸੇ, ਦੌੜਿਆ ਭਜਦਾ ਹੈ (ਅਤੇ ਇਸ ਤਰ੍ਹਾਂ ਦਿਨ ਰਾਤ ਬੇਚੈਨ ਰਹਿੰਦਾ ਹੈ)

*ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ*
*ਤਾ ਕੀ ਮਿਟੈ ਨ ਭੂਖਾ ॥*
*ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥ ੨ ॥*
*ਅੰਗ- ੬੭੨*

'ਚਲਦਾ...........................।'

# ਏਕੁ ਜੁ ਸਾਧੂ ਮੋੁਹਿ ਮਿਲਿਓ........।
# (ਪਿਆਰੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਵਿਚ)

*ਸਿਰ ਤੋਂ ਪੈਰਾਂ ਤੀਕਰ ਯਾਰੋ, ਨੂਰੋ ਨੂਰ ਜੋ ਹੋਇਆ।*
*ਬਦਨ ਉਸ ਦਾ ਸ਼ੀਸ਼ਾ ਸਮਝੋ, ਦੋਸ਼ ਰਹਿਤ ਹੈ ਗੋਇਆ।*
*ਮਨਮੁਖਾਂ ਦੀ ਸੰਗਤ ਕੋਲੋਂ, ਦੂਰ ਸਦਾ ਰੱਬ ਰਹਿੰਦਾ।*
*ਪਰ ਆਤਮ-ਵੇਤਾ ਦੇ ਦਿਲ ਅੰਦਰ, ਰੱਬੀ ਨੂਰ ਸਮਾਇਆ।*

*ਪੁਰ ਗਸ਼ਤ ਜ਼ਿ ਸਰ ਤਾ ਬ-ਕਦਮ, ਨੂਰ ਉਲ ਨੂਰ।*
*ਆਇਨਾ ਕਿ! ਦਰ ਵੇ ਨ ਬਵੱਦ ਹੇਚ ਕਸੂਰ।*
*ਤਹਦੀਕ ਬਦਾਂਅ ਜ਼ਿ ਗਾਫਲਾ ਦੂਰ ਬਵੱਦ*
*ਓ ਦਰ ਦਿਲਿ ਆਰਫਾਂ ਖ਼ੁਦ ਕਰਦਾ ਜ਼ਹੂਰ।*

ਬਾ-ਕਮਾਲ ਹੈ ਭਾਈ ਨੰਦ ਲਾਲ ਜੀ ਦੀ ਇਹ ਰੁਬਾਈ। ਕਿ ਵਾਹਿਗੁਰੂ ਨਾਲ ਇਕਮਿਕ ਹੋਈ ਰੂਹ ਨੂਰੋ ਨੂਰ ਹੋ ਜਾਂਦੀ ਹੈ। ਦੱਸਿਆ ਹੈ ਕਿ ਮਨ ਦੀ ਮਰਜ਼ੀ ਕਰਨ ਵਾਲਿਆਂ ਤੋਂ ਰੱਬ ਕੋਲ ਹੁੰਦਾ ਹੋਇਆ ਵੀ ਦੂਰ ਰਹਿੰਦਾ ਹੈ ਪਰ ਆਤਮ ਵੇਤਿਆਂ ਦੇ ਦਿਲ ਵਿਚ ਰੱਬੀ ਨੂਰ ਹੋ ਵਿਗਸਦਾ ਹੈ, ਖਿੜਦਾ ਹੈ। ਜਨਮ ਸਾਖੀ ਅਤੇ ਗੁਰਬਾਣੀ ਵਿਚ ਇਸ ਦੀ ਪੁਸ਼ਟੀ ਇਸ ਤਰ੍ਹਾਂ ਹੁੰਦੀ ਹੈ-

*ਪੋਸਤ ਮਦ ਅਫੀਮ ਭੰਗ, ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।*
*(ਜਨਮ ਸਾਖੀ)*

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ- ੨*

ਇਹ ਸਦੀਵੀ ਵਿਗਾਸ ਨੂਰਾਂ ਦੇ ਨੂਰ ਇਲਾਹੀ ਨੂਰ ਪ੍ਰਮੇਸ਼ਰ ਵਾਹਿਗੁਰੂ ਜੀ ਬਖਸ਼ਦੇ ਹਨ। ਇਲਾਹੀ ਨੂਰ ਨਾਲ ਸਰਸ਼ਾਰ ਹੋਈ ਸਖਸ਼ੀਅਤ ਨੂਰਾਨੀ ਨੂਰ ਦੀ ਧਾਰਨੀ ਬਣ ਜਾਂਦੀ ਹੈ। ਰੱਬੀ ਪਿਆਰ ਲਈ ਤਾਂ ਅਕਾਸ਼ ਵੀ ਆਪਣੀ ਸ਼ਰਧਾ ਭੇਟ ਕਰਦਾ ਹੋਇਆ ਧਰਤੀ ਨੂੰ ਕੁਝ ਸ਼ਬਦਾਂ ਰਾਹੀਂ ਸਿਜਦਾ ਕਰਦਾ ਹੈ। ਭਾਈ ਨੰਦ ਲਾਲ ਜੀ ਅਨੁਸਾਰ-

*ਆਸਮਾਂ ਸਿਜਦਾ ਕੁੱਨਦ, ਪੇਸ਼ਿ ਜ਼ਮੀਂ ਕਿ ਬਰ ਓ*
*ਘਰ ਦੋ ਨਫ਼ਸ ਅਜ਼ ਪੈ ਜ਼ਿਕਰਿ ਖ਼ੁਦਾ ਬਿ-ਨਸੀਨਦ।*

ਅਕਾਸ਼ ਧਰਤੀ ਦੇ ਅੱਗੇ ਸਿਜਦਾ ਕਰਦਾ ਹੈ ਕਿਉਂਕਿ ਇਸ ਉਤੇ ਇਕ ਅੱਧਾ ਬੰਦਾ ਇਕ ਦੋ ਦਮ ਲਈ ਵਾਹਿਗੁਰੂ ਦੇ ਸਿਮਰਨ ਵਿਚ ਬੈਠਾ ਰਹਿੰਦਾ ਹੈ। ਇਹੋ ਰੱਬੀ ਪਿਆਰਿਆਂ ਪ੍ਰਤੀ ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ ਕਿ ਜਿਵੇਂ ਕਲਪ ਬ੍ਰਿਛ ਮਨ ਦੀਆਂ ਆਸਾਂ ਪੂਰੀਆਂ ਕਰਦਾ ਹੈ, ਇਸੇ ਤਰ੍ਹਾਂ ਰੱਬ ਦਾ ਪਿਆਰਾ ਰੱਬ ਦਾ ਮੇਲ ਕਰਵਾ ਦਿੰਦਾ ਹੈ।

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ- ੫੨੦*

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

*ਬ-ਜ਼ੇਰਿ ਸਾਇਆ-ਇ ਤੂਬਾ ਮੁਰਦਹਾ ਯਾਬੀ।*
*ਬ-ਜ਼ੇਰਿ ਸਾਇਆ-ਇ ਮਰਦਾਨਿ ਹੱਕ, ਖ਼ੁਦਾ ਯਾਬੀ।*
*ਅਰਥਾਤ - ਕਲਪ ਬ੍ਰਿਛ ਦੀ ਛਾਇਆ*
*ਜੇ ਕਰ ਮਨ ਦੀ ਆਸ ਪੁਜਾਵੇ*
*ਛਾਇਆ ਰੱਬੀ ਬੰਦਿਆ ਸੰਦੀ ਰੱਬ ਦਾ ਮੇਲ ਕਰਾਵੇ।*

ਤੂਬਾ ਬ੍ਰਿਛ ਦੇ ਪਰਛਾਵੇਂ ਹੇਠ ਤੈਨੂੰ ਮੂੰਹੋਂ ਮੰਗੀਆਂ ਮੁਰਾਦਾਂ (ਕੇਵਲ ਸਰੀਰਕ ਸੁਖਾਂ ਵਾਸਤੇ) ਮਿਲਣਗੀਆਂ ਪਰੰਤੂ ਵਾਹਿਗੁਰੂ ਦੇ ਬਖਸ਼ਿਆਂ (ਸਤਿਗੁਰੂ ਜੀ) ਦੀ ਛਾਂ ਹੇਠ (ਸਾਧ ਸੰਗਤ ਵਿਚ) ਤੂੰ ਸਰਬ-ਸੁਖਦਾਤੇ ਹਰੀ ਨੂੰ ਪ੍ਰਾਪਤ ਕਰੇਂਗਾ।

ਇਹੋ ਜਿਹੀਆਂ ਆਤਮਾਵਾਂ ਨੂੰ ਪ੍ਰਮੇਸ਼ਰ ਵਾਹਿਗੁਰੂ ਮਾਤ ਲੋਕ ਤੇ ਸਮੇਂ-ਸਮੇਂ ਸਿਰ ਭੇਜਦਾ ਰਹਿੰਦਾ ਹੈ। ਕੁਝ ਸਮੇਂ ਲਈ ਕੁਝ ਖਾਸ ਕਾਰਜਾਂ ਦੀ ਸੰਪੂਰਨਤਾ ਲਈ, ਉਹ ਆਪਣੇ ਪਿਆਰੇ ਨੂੰ ਬਖਸ਼ਿਸ਼ਾਂ ਦੇ ਕੇ ਭੇਜਦਾ ਹੈ। ਐਸੇ ਕਾਰਜ ਉਨ੍ਹਾਂ ਵਲੋਂ ਕੀਤੇ ਜਾਂਦੇ ਹਨ ਜੋ ਰਹਿੰਦੀ ਦੁਨੀਆਂ ਤਕ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਉਨ੍ਹਾਂ ਦੇ ਜੀਵਨ ਭਰ ਦੇ ਕਾਰਜਾਂ ਤੋਂ ਆਉਣ ਵਾਲੀਆਂ ਨਸਲਾਂ/ਪੀੜੀਆਂ ਲਾਭ ਉਠਾਉਂਦੀਆਂ ਰਹਿੰਦੀਆਂ ਹਨ। ਉਨ੍ਹਾਂ ਦੇ ਜੀਵਨ ਬਾਰੇ ਸੋਚਣਾ, ਲਿਖਣਾ ਆਮ ਮਨੁੱਖ ਦੀ ਬੁੱਧੀ ਤੇ ਕਲਮ ਤੋਂ ਬਾਹਰ ਦੀ ਬਾਤ ਹੈ। ਉਨ੍ਹਾਂ ਦੇ ਬਚਨਾਂ ਅਨੁਸਾਰ ਸੰਤਾਂ ਦਾ ਜੀਵਨ ਕੋਈ ਵਿਰਲਾ ਹੀ ਲਿਖ ਸਕਦਾ ਹੈ। ਬਾਹਰਲੇ ਜੀਵਨ ਨੂੰ ਦੁਨੀਆਂ ਜਾਣਦੀ ਹੁੰਦੀ ਹੈ ਪਰ ਅੰਦਰਲਾ ਜੀਵਨ, ਅੰਦਰਲੀ ਅਵਸਥਾ ਨੂੰ ਕੌਣ ਜਾਣ ਸਕਦਾ ਹੈ। ***'ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥' (ਅੰਗ-੨੭੩)***

ਆਮ ਕਲਜੁਗੀ ਜੀਵਾਂ ਦੇ ਵਸ ਦੀ ਗੱਲ ਨਹੀਂ ਹੈ। ਪਰ ਉਨ੍ਹਾਂ ਵਲੋਂ ਕੀਤੇ ਗਏ ਬਚਨਾਂ ਤੇ ਆਧਾਰਤਿ ਜੋ ਕੁਝ ਉਹ ਸੰਗਤਾਂ ਦੇ ਰੂਬਰੂ ਹੋ ਕੇ ਬਚਨ ਕਰਦੇ ਹਨ ਉਨ੍ਹਾਂ ਨੂੰ ਸ੍ਰਿਮਤੀ ਵਿਚ ਲਿਆ ਕੇ ਕੁਝ ਦੋ ਸ਼ਬਦ ਉਨ੍ਹਾਂ ਬਾਰੇ ਕਲਮ ਲਿਖਣ ਦਾ ਪਰਿਆਸ ਕਰ ਰਹੀ ਹੈ। ਅਰਜ਼ਦਸਤ ਹੈ ਕਿ ਉਹ ਆਪ ਹੀ ਕਲਮ ਰਾਹੀਂ ਅੱਖਰਾਂ ਦਾ ਰੂਪ ਧਾਰਨ ਕਰਨਗੇ। ਮੇਰੀ ਮੁਰਾਦ ਹੈ ਪਿਆਰੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਬਾਨੀ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ

ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ। ਪਿਆਰੇ ਦੇ ਪਿਆਰ ਵਿਚ ਤੁਛ ਬੁੱਧੀ ਅਨੁਸਾਰ ਉਨ੍ਹਾਂ ਵਲੋਂ ਕੀਤੇ ਪ੍ਰਵਚਨਾਂ ਦੇ ਆਧਾਰ 'ਤੇ ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਨਮਸ਼ਕਾਰ ਕਰਦੇ ਹੋਏ ਕੁਝ ਅੱਖਰ ਲਿਖਣ ਦੀ ਕੋਸ਼ਿਸ਼ ਕਰਦੇ ਹਾਂ।

**ਸਦਾ ਜੀਵਤ –** ਉਨ੍ਹਾਂ ਵਲੋਂ ਕੀਤੇ ਗਏ ਪਰਉਪਕਾਰੀ ਕਾਰਜਾਂ ਵਿਚ ਉਨ੍ਹਾਂ ਦੇ ਦਰਸ਼ਨ ਅੱਜ ਵੀ ਹੋ ਰਹੇ ਹਨ। ਉਨ੍ਹਾਂ ਦਾ ਬਚਨ ਹੈ ਕਿ ਸਾਧੂ ਕਿਤੇ ਜਾਇਆ ਨਹੀਂ ਕਰਦੇ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ- ੨੭੩*

ਕਿਉਂਕਿ ਉਹ ਪ੍ਰਮੇਸ਼ਰ ਵਿਚ ਜਿਉਂਦੇ ਜੀਅ ਅਭੇਦ ਹੋ ਚੁੱਕੇ ਹੁੰਦੇ ਹਨ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ- ੮੪੬*

**ਜੀਅ ਦਾਨ –** ਦੁਨੀਆਂ ਦੇ ਅੰਦਰ ਅਨੇਕਾਂ ਦਾਨ ਪ੍ਰਚਲਿਤ ਹਨ। ਧਨ, ਦੌਲਤ ਭਾਵ ਚਲ ਅਤੇ ਅਚੱਲ ਜਾਇਦਾਦ ਦੇ ਦਾਨ, ਅਨਾਜ, ਬਸਤਰ, ਭੂਮ ਇਤਿਆਦਿਕ। ਇਹ ਸਾਰੇ **ਸਥੂਲ ਦਾਨ** ਹਨ। ਪਰ ਇਨ੍ਹਾਂ ਤੋਂ ਇਲਾਵਾ ਕੁਝ **ਸੂਖਸ਼ਮ ਦਾਨ** ਵੀ ਹਨ ਜਿਵੇਂ ਕਿ ਮਨ, ਬੁੱਧ ਦਾ ਦਾਨ ਕਰਨਾ। ਕਿਸੇ ਨੂੰ ਬੁੱਧੀ ਰਾਹੀਂ ਚੰਗੇ ਕੰਮ ਦੀ ਪ੍ਰੇਰਨਾ ਦੇਣੀ। ਇਹ ਵੀ ਦਾਨ ਵਡਮੁੱਲਾ ਹੈ। ਪਰ ਇਨ੍ਹਾਂ ਤੋਂ ਇਲਾਵਾ ਹੋਰ ਵੀ ਇਕ ਦਾਨ ਹੈ ਜੋ **ਅਤੀ ਸੂਖਸ਼ਮ** ਹੈ, ਜਿਸ ਦਾ ਭੰਡਾਰਾ ਕੇਵਲ ਸਾਧੂਆਂ, ਰੱਬ ਦੇ ਪਿਆਰਿਆਂ ਕੋਲ ਹੀ ਹੈ। ਉਨ੍ਹਾਂ ਨੂੰ ਪ੍ਰਮੇਸ਼ਰ ਦਰਗਾਹ ਤੋਂ ਭੇਜਦਾ ਹੈ ਕਿ ਜਾਉ! ਇਸ ਦਾਨ ਨੂੰ ਦੁਨੀਆਂ ਵਿਚ ਜਾ ਕੇ ਵੰਡੋ–

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਇਹ ਦਰਗਾਹੀ ਡਿਊਟੀ ਹੈ। ਦੂਸਰਾ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - ੭੪੯*

'ਜੀਅ ਦਾਨ' ਹੀ ਸ੍ਰੇਸ਼ਟ ਦਾਨ ਹੈ। ਕਿਸੇ ਨੂੰ ਰੱਬ ਦੇ ਨਾਲ ਜੋੜ ਦੇਣਾ, ਉਸ ਟੁੱਟੇ ਮਨੁੱਖ ਦੇ ਅੰਦਰ ਜੀਵਨ ਰੌਂ ਰੁਮਕਣ ਲਾ ਦੇਣੀ, ਪ੍ਰਮੇਸ਼ਰ ਦੀ ਹਾਜ਼ਰੀ, ਹੋਂਦ ਮਹਿਸੂਸ ਕਰਵਾ ਦੇਣੀ, ਜੀਵ ਭਾਵ ਤੋਂ ਚੁੱਕ ਕੇ ਆਤਮ ਭਾਵ ਵਿਚ ਲੀਨਤਾ ਕਰਾ ਦੇਣੀ। ਇਹ 'ਜੀਅ ਦਾਨ' ਹੋਇਆ ਕਰਦਾ ਹੈ। ਨਾਮ ਦੇ ਰੰਗ ਵਾਲਾ ਜੀਵਨ ਹੀ ਅਮਰ ਜੀਵਨ ਹੈ। ਇਸ ਰੰਗ ਤੋਂ ਬਿਨਾਂ ਜੀਵਨ ਮੁਰਦਾ ਹੈ। ***'ਆਖਾ ਜੀਵਾ ਵਿਸਰੈ ਮਰਿ ਜਾਉ ॥' (ਅੰਗ-੯)***

ਦੁਨੀਆਂ ਦੀਆਂ ਅਤਿ ਦਰਜੇ ਦੀਆਂ ਪੰਜ ਚੰਗਿਆਈਆਂ ਹੁੰਦੇ ਹੋਏ ਵੀ ਮਨੁੱਖ ਮੁਰਦੇ ਸਮਾਨ ਹੈ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਅਤੀ ਸੁੰਦਰਤਾ, ਉੱਚੀ ਕੁਲ ਨਾਲ ਸਬੰਧ ਰੱਖਣ ਵਾਲਾ, ਚਤੁਰਤਾ, ਮੁਖ ਦਾ ਗਿਆਨੀ ਤੇ ਅਤੀ ਦਰਜੇ ਦਾ ਕੋਈ ਧਨਵਾਨ ਹੋਵੇ ਪਰ ਇਤਨੀਆਂ ਵਿਸ਼ੇਸ਼ਤਾਈਆਂ ਦੇ ਬਾਵਜੂਦ ਵੀ ਉਹ ਗੁਰਬਾਣੀ ਅਨੁਸਾਰ ਮੁਰਦਾ ਹੈ ਕਿਉਂਕਿ ਉਸ ਦੀ ਪ੍ਰਮੇਸ਼ਰ ਨਾਲ ਪ੍ਰੀਤ ਨਹੀਂ ਹੈ। ਉਸ ਨੂੰ ਜਿਉਂਦਾ ਮਨੁੱਖ ਨਹੀਂ ਸਮਝਣਾ ਚਾਹੀਦਾ। ਉਸ ਦਾ ਜੀਵਨ ਰਸਾਇਣਿਕ ਜੀਵਨ ਹੈ। ਦੁਨੀਆਵੀ ਅਹਾਰ (ਖਾਣ ਪੀਣ) ਨਾਲ ਸਰੀਰ ਚਲਦਾ ਹੈ। ਪਰ ਪ੍ਰਮੇਸ਼ਰ ਦੇ ਪਿਆਰ ਤੇ ਨਾਮ ਵਾਲੀ ਕਰੰਟ ਐਨਰਜੀ ਤੋਂ ਖਾਲੀ ਹੈ ਤਾਂ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ- ੧੪੨*

ਉਹੀ ਅਸਲੀ ਜੀਵਤ ਹੈ ਜੋ ਨਾਮ ਦੇ ਆਧਾਰ 'ਤੇ ਜਿਉਂਦਾ ਹੈ। ਰੱਬ ਦੇ ਪਿਆਰੇ ਉਸ ਜੀਵਨ ਦੀ ਰੌਂ ਬਖਸ਼ਦੇ ਹਨ। ਜੀਅ ਦਾਨ ਹੀ ਵੱਡਾ ਦਾਨ ਹੈ। ਇਸ ਦਾਨ ਨੂੰ ਦੇਣ ਵਾਸਤੇ ਪਿਆਰੇ ਮਹਾਂਪੁਰਸ਼ਾਂ ਨੇ ਦਿਨ ਰਾਤ ਇਕ ਕੀਤਾ। ਸਿੰਧ (ਪਾਕਿਸਤਾਨ) ਯੂ.ਪੀ., ਪੰਜਾਬ, ਦਿੱਲੀ, ਬੰਬਈ ਦੇਸ਼ ਅਤੇ ਵਿਦੇਸ਼ਾਂ ਵਿਚ ਅਨੇਕਾਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਅੱਜ ਵੀ ਉਨ੍ਹਾਂ ਵਲੋਂ ਦਿਤੇ ਜੀਅ ਦਾਨ ਰਾਹੀਂ ਸੰਗਤਾਂ ਨਾਮ ਬਾਣੀ ਵਾਲਾ ਜੀਵਨ ਬਸਰ ਕਰ ਰਹੀਆਂ ਹਨ। ਨਾਮ ਬਾਣੀ ਨਾਲ ਜੁੜ ਕੇ ਜੀਵਨ ਦੇ ਲਾਹੇ ਪ੍ਰਾਪਤ ਕਰ ਰਹੀਆਂ ਹਨ।

### ਸਿੱਖੀ ਦੇ ਤਿੰਨ ਸੁਨਿਹਰੀ ਅਸੂਲਾਂ ਤੇ ਪਹਿਰਾ

**– ਪਹਿਲਾ ਕਿਰਤ ਕਰਨਾ –** ਆਪ ਜੀਆਂ ਨੇ ਜੋ ਕੁਝ ਬਾਣੀ ਵਿਚ ਪੜ੍ਹਿਆ ਹੈ ਤੇ ਵੱਡਿਆਂ ਤੋਂ ਸੁਣਿਆ, ਉਸ ਨੂੰ ਆਪਣੇ ਜੀਵਨ ਅੰਦਰ ਹੰਢਾਇਆ ਤੇ ਕਮਾਇਆ। ਸਿੱਖੀ ਦੇ ਤਿੰਨ ਮੁੱਢਲੇ ਅਤੀ ਜ਼ਰੂਰੀ ਅਸੂਲ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ। ਇਨ੍ਹਾਂ ਤਿੰਨਾਂ ਅਸੂਲਾਂ ਤੇ ਸਾਰੀ ਜ਼ਿੰਦਗੀ ਆਪ ਜੀ ਨੇ ਪਹਿਰਾ ਦਿਤਾ ਤੇ ਹੋਰਨਾਂ ਨੂੰ ਇਸ ਪ੍ਰਤੀ ਪ੍ਰੇਰਿਆ ਹੈ। ਖੇਤੀਬਾੜੀ ਤੇ ਨੌਕਰੀ ਦੌਰਾਨ ਹਰ ਵਕਤ ਸੱਚੀ-ਸੁੱਚੀ ਕਿਰਤ ਨੂੰ ਤਰਜੀਹ ਦਿਤੀ। ਨੌਕਰੀ ਭਾਵੇਂ ਫੌਜ ਦੀ ਸੀ, ਭਾਵੇਂ ਸਿਵਲ ਦੀ ਸੀ। ਕਈ ਮੌਕੇ ਆਏ ਕਿ ਆਪ ਜੀ ਨੂੰ ਮਾਇਆਵੀ ਲਾਲਚ ਦਿਤੇ ਗਏ ਪਰ ਆਪ ਜੀਆਂ ਨੇ ਉਨ੍ਹਾਂ ਨੂੰ ਠੋਕਰ ਮਾਰ ਕੇ ਸਦਾ ਹੀ ਸੱਚੀ-ਸੁੱਚੀ ਕਿਰਤ

ਕਰਨ ਦੇ ਸੁਨਿਹਰੀ ਅਸੂਲਾਂ 'ਤੇ ਪਹਿਰਾ ਦਿਤਾ। ਫੌਜ ਦੀ ਨੌਕਰੀ ਦੌਰਾਨ ਸਮਾਨ ਦੇ ਠੇਕੇ ਵਿਚ ਹੋ ਰਹੇ ਘੁਟਾਲੇ ਨੂੰ ਬੇਨਕਾਬ ਕੀਤਾ। ਅੱਧੇ ਦਿਨ ਦੀ ਛੁੱਟੀ ਵੀ ਨਹੀਂ ਸੀ ਲੈਂਦੇ। ਜਿਸ ਕਰਕੇ ਠੇਕੇਦਾਰ ਬੇਈਮਾਨੀ ਕਰਨ ਤੋਂ ਵਰਜੇ ਰਹਿੰਦੇ ਸੀ। ਯੂ.ਪੀ ਵਿਚ ਪੁਲੀਟੀਕਲ ਪਾਰਟੀਆਂ ਵਲੋਂ ਮਾਇਆ ਦੇ ਅਟੈਚੀ ਭਰ ਕੇ ਸਾਹਮਣੇ ਰੱਖਣੇ ਕਿ ਇਕ ਬਿਆਨ ਸਾਡੇ ਹੱਕ ਵਿਚ ਦੇ ਦਿਉ ਪਰ ਆਪ ਜੀ ਨੇ ਉਸ ਮਾਇਆ ਨੂੰ ਠੋਕਰ ਮਾਰੀ ਤੇ ਅੱਗੋਂ ਲਈ ਉਨ੍ਹਾਂ ਨੂੰ ਤਾੜਨਾ ਕੀਤੀ ਕਿ ਖਬਰਦਾਰ! ਜੇ ਇਹੋ ਜਿਹੀ ਤਜਵੀਜ਼ ਲੈ ਕੇ ਮੇਰੇ ਕੋਲ ਆਏ। ਆਪ ਜੀਆਂ ਨੇ ***'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' (ਅੰਗ-੧੨੪੫)***

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥(ਅੰਗ-੧੪੫)*** ਦੇ ਮਹਾਂਵਾਕਾਂ ਤੇ ਸਮੁੱਚੇ ਜੀਵਨ ਪਹਿਰਾ ਦਿਤਾ। ਸਿਵਲ ਦੀ ਸਰਵਿਸ ਸਮੇਂ ਸਾਰੇ ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣਾ, ਬਿਨਾਂ ਕਿਸੇ ਲਾਲਚ ਦੇ ਸਾਰੇ ਪਿੰਡਾਂ ਦੇ ਟੋਬਿਆਂ ਨੂੰ ਪਾਣੀ ਨਾਲ ਭਰ ਦੇਣਾ ਤੇ ਹੜ੍ਹਾਂ ਦੀ ਸਥਿਤੀ ਵਿਚ ਦਿਨ ਰਾਤ ਮਿਹਨਤ ਕਰਕੇ ਅਗਾਂਹ ਸੂਚਨਾ ਦੇ ਕੇ ਪੰਜਾਬ ਦੇ ਲੋਕਾਂ ਦਾ ਭਲਾ ਕੀਤਾ। ਦਿਨ ਰਾਤ ਖੇਤੀਬਾੜੀ ਵਿਚ ਮਿਹਨਤ ਕਰਕੇ ਚੰਗੀ ਫਸਲ ਪੈਦਾ ਕਰਨੀ। ਇਕ ਸਤਿਸੰਗੀ ਨੂੰ ਲੇਬਰ ਨਾ ਮਿਲਣ 'ਤੇ ਜਾ ਕੇ ਜੱਥੇ ਸਮੇਤ ਉਸ ਦੀ ਕਣਕ ਵੱਢ ਦੇਣੀ। ਇਹ ਪਰਉਪਕਾਰੀ ਕਾਰਜ ਤੇ ਧਰਮ ਦੀ ਸੱਚੀ ਸੁੱਚੀ ਕਿਰਤ ਕਰਨ ਦਾ ਗਾਡੀ ਰਾਹ ਉਨ੍ਹਾਂ ਦੇ ਹਿੱਸੇ ਆਇਆ ਤੇ ਸਮੁੱਚੀ ਜ਼ਿੰਦਗੀ ਇਸ 'ਤੇ ਪਹਿਰਾ ਦਿਤਾ।

***ਦੂਸਰਾ ਹੈ:- ਨਾਮ ਜਪਣਾ -*** ਵਿਰਸੇ ਤੋਂ ਪ੍ਰਾਪਤ ਸਿੱਖੀ ਦੀ ਲਗਨ ਬਚਪਨ ਤੋਂ ਹੀ ਸੀ। ਆਪ ਜੀ ਦੇ ਸਤਿਕਾਰਯੋਗ ਪਿਤਾ ਜੀ ਜਥੇਦਾਰ ਬਾਬਾ ਕਰਤਾਰ ਸਿੰਘ ਜੀ ਕੋਲ ਸਾਧੂ ਸੰਤਾਂ ਤਾਂ ਆਮ ਆਉਣਾ ਜਾਣਾ ਬਣਿਆ ਰਹਿੰਦਾ ਸੀ। ਇਨ੍ਹਾਂ ਦੇ ਪਰਿਵਾਰ ਨੂੰ ਨਗਰ ਧਮੋਟ ਵਿਚ 'ਅਕਾਲੀ' ਕਿਹਾ ਜਾਂਦਾ ਸੀ। ਗੁਰਮਤਿ ਦੀ ਸੋਝੀ ਪਿਛਲੇ ਜਨਮਾਂ ਦੀ ਕੀਤੀ ਤਪੱਸਿਆ ਤੇ ਵਿਰਸੇ ਤੋਂ ਪ੍ਰਾਪਤ ਹੋਈ। ਬਚਪਨ ਤੋਂ ਹੀ ਗੰਨੇ ਦੇ ਖੇਤਾਂ 'ਚ ਅਤੇ ਘੁਲਾੜੀ ਵਾਲੀਆਂ ਭੱਠੀਆਂ 'ਚ ਗੁਪਤ ਬੈਠ ਕੇ ਨਾਮ ਜਪਣਾ। ਅੰਮ੍ਰਿਤ ਵੇਲੇ 2 ਵਜੇ ਉਠ ਕੇ ਇਸ਼ਨਾਨ ਕਰਕੇ ਸਿਮਰਨ ਵਿਚ ਲੀਨ ਰਹਿਣਾ। ਫਿਰ ਦਿਨ ਚੜ੍ਹੇ 'ਆਸਾ ਕੀ ਵਾਰ' ਦਾ ਕੀਰਤਨ ਗੁਰਦੁਆਰਾ ਸਾਹਿਬ ਜਾ ਕੇ ਕਰਨਾ ਤੇ ਸਹਿਜ ਪਾਠ ਅਤੇ ਸ੍ਰੀ ਅਖੰਡਪਾਠਾਂ ਤੇ ਬਾਣੀ ਪੜ੍ਹਨ ਦੀ ਸੇਵਾ ਨਿਭਾਉਣੀ। ਇਹ ਸਾਰੇ ਕਾਰਜ ਆਪ ਜੀ ਬਚਪਨ ਵਿਚ ਕਰਦੇ ਹੁੰਦੇ। ਮਾਨਸਾ ਦੀਆਂ ਝਿੜੀਆਂ, ਸਿੰਧ ਵਿਚ ਤੇ ਫਿਰ ਯੂ.ਪੀ ਜਾ ਕੇ ਖੇਤੀਬਾੜੀ ਦੇ ਨਾਲ-ਨਾਲ ਨਾਮ ਦੀ ਕਮਾਈ ਕਰਨੀ ਇਹ ਉਨ੍ਹਾਂ ਦੇ ਭਾਗਾਂ ਵਿਚ ਹੀ ਸੀ।

***ਤੀਸਰਾ ਹੈ - ਵੰਡ ਛਕਣਾ -*** ਗੁਰਮਤਿ ਦੇ ਤੀਸਰੇ ਸੁਨਹਿਰੀ ਅਸੂਲ ਤੇ ਪਹਿਰਾ ਦਿੰਦਿਆਂ ਜਿਥੇ ਵੀ ਕੁਦਰਤੀ ਆਫਤ ਆਈ ਭਾਵੇਂ ਉਹ ਗੁਜਰਾਤ ਦੇ ਭੁਚਾਲ ਸਨ ਜਾਂ ਪੰਜਾਬ ਵਿਚ ਦੋ ਵਾਰੀ ਆਏ ਹੜ੍ਹ ਸਨ ਤੇ ਹੋਰ ਜਦੋਂ ਵੀ ਕਿਤੇ ਕੁਦਰਤੀ ਆਫਤ ਆਈ ਆਪ ਜੀਆਂ ਨੇ ਸੰਗਤਾਂ ਨੂੰ ਨਾਲ ਲੈ ਕੇ ਪੀੜਤਾਂ ਦੀ ਵੱਧ ਤੋਂ ਵੱਧ ਸਹਾਇਤਾ ਕੀਤੀ। ਵੰਡ ਕੇ ਛਕਿਆ। ਕਿਸੇ ਦੇ ਦਰਦ ਤੇ ਪੀੜਾ ਨੂੰ ਆਪਣੀ ਜਾਣ ਕੇ ਉਸ ਦਾ ਦਰਦ ਵੰਡਾਇਆ। ਸੋ ਸਮੁੱਚੇ ਜੀਵਨ ਤੇ ਇਨ੍ਹਾਂ ਤਿੰਨਾਂ ਸੁਨਿਹਰੀ ਅਸੂਲਾਂ ਤੇ ਆਪ ਜੀ ਨੇ ਜੀਅ ਭਰ ਕੇ ਪਹਿਰਾ ਦਿਤਾ।

***ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ*** - ਆਪ ਜੀ ਦੇ ਜੀਵਨ ਵਲ ਝਾਤੀ ਮਾਰਦਿਆਂ ਇਨ੍ਹਾਂ ਤਿੰਨਾਂ ਸਿਧਾਂਤਾਂ ਦੀ ਰੂਪਮਾਨਤਾ ਆਪ ਜੀ ਦੇ ਜੀਵਨ ਵਿਚ ਹੁੰਦੀ ਨਜ਼ਰ ਆਉਂਦੀ ਹੈ। ਸਾਰੀ ਜ਼ਿੰਦਗੀ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਮੰਨਿਆ। ਪੂਜਾ ਅਕਾਲ ਕੀ ਕੀਤੀ, ਤਾਂਹੀ ਆਪ ਜੀ ਦੇ ਪਰਿਵਾਰ ਨੂੰ 'ਅਕਾਲੀ' ਕਿਹਾ ਜਾਂਦਾ ਸੀ। ਭਾਵੇਂ ਅੱਜ ਇਸ ਸ਼ਬਦ ਦੇ ਸਿਧਾਂਤ ਦੀ ਪਰਿਭਾਸ਼ਾ ਵਿਹਾਰਿਕ ਰੂਪ ਵਿਚ ਬਦਲ ਚੁਕੀ ਹੈ। ***'ਜਾਗਤ ਜੋਤਿ ਜਪੈ ਨਿਸ ਬਾਸਰ ਏਕ ਬਿਨਾਂ ਨਹਿ ਏਕ ਪਛਾਨੈ'*** ਤੇ ਦਿਨ ਰਾਤ ਪਹਿਰਾ ਦਿਤਾ। ਉਸ ਪ੍ਰਮੇਸ਼ਰ ਦੇ ਨਾਮ ਦੀ ਅਰਾਧਨਾ ਕੀਤੀ ਤੇ ਹੋਰਨਾਂ ਨੂੰ ਵੀ ਅਕਾਲ ਪੁਰਖ ਇਕ ਵਾਹਿਗੁਰੂ ਨਾਲ ਜੋੜਿਆ।

***ਦੀਦਾਰ ਖਾਲਸੇ ਕਾ -*** ਆਪ ਜੀ ਨੇ 'ਖਾਲਸਾ ਮੇਰੋ ਰੂਪ ਹੈ ਖ਼ਾਸ, ਖਾਲਸੇ ਮਹਿ ਹੌਂ ਕਰਹੁੰ ਨਿਵਾਸ' ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਸਮੁੱਚੇ ਕਾਰਜ ਖਾਲਸੇ ਰਾਹੀਂ ਕਰਵਾਏ। ਹਰ ਕਾਰਜ ਵਿਚ ਪੰਜਾਂ ਪਿਆਰਿਆਂ ਦੀ ਅਗਵਾਈ ਲਈ। ਹਰ ਕਾਰਜ ਦੀ ਆਰੰਭਤਾ ਪੰਜ ਪਿਆਰਿਆਂ ਰਾਹੀਂ ਕਰਵਾਈ।

ਇਕ ਮਿਸਾਲ ਦਾ ਜ਼ਿਕਰ ਤੁਹਾਡੇ ਸਾਮ੍ਹਣੇ ਨਿਰਸੰਦੇਹ ਰਖ ਰਹੇ ਹਾਂ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਉਸਾਰੀ ਤੋਂ ਪਹਿਲਾਂ ਆਪ ਜੀਆਂ ਨੇ ਬੜੀ ਸ਼ਾਨੋ ਸ਼ੌਕਤ ਨਾਲ, ਸ਼ਰਧਾ ਪਿਆਰ ਨਾਲ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਪੰਜਾਂ ਪਿਆਰਿਆਂ ਦੇ ਰੂਪ ਵਿਚ ਖਾਲਸੇ ਤੋਂ ਹੀ ਨੀਂਹ ਰਖਵਾਈ। ਆਪ ਜੀ ਹਮੇਸ਼ਾਂ ਸੰਗਤਾਂ ਵਿਚ ਹੀ ਵੱਧ ਤੋਂ ਵੱਧ ਸਮਾਂ ਬਤੀਤ ਕਰਦੇ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਜੀ ਦੀਦਾਰ ਖਾਲਸੇ ਦੇ ਸਿਧਾਂਤ ਤੇ ਸ਼ਰਧਾ ਤੇ ਪਿਆਰ ਰੱਖ ਕੇ ਵਿਚਰਦੇ ਸਨ।

ਤੀਸਰਾ ਵਡਮੁੱਲਾ ਅਮੁੱਲ ਸਿਧਾਂਤ ਪਰਚਾ ਸ਼ਬਦ ਕਾ-

*ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਅੰਗ - ੬੭੯*

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥* *ਅੰਗ-੭੯੫*

ਬਚਪਨ ਤੋਂ ਲੈ ਕੇ ਸਰੀਰ ਦੇ ਆਖਰੀ ਸਮੇਂ ਤਕ ਆਪ ਜੀਆਂ ਨੇ 'ਸ਼ਬਦ' ਗੁਰੂ ਨਾਲ ਸੰਗਤਾਂ ਨੂੰ ਜੋੜਿਆ। ***'ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ, ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ'*** 'ਤੇ ਪਹਿਰਾ ਦਿਤਾ। ਸੰਗਤਾਂ ਨੂੰ ਹਮੇਸ਼ਾਂ ਹੀ ਗੁਰ ਸ਼ਬਦ ਨਾਲ ਹੀ ਜੋੜਿਆ। ਸੰਗਤਾਂ ਦੀ ਹਰ ਤਰ੍ਹਾਂ ਦੀ ਦੁਖ ਤਕਲੀਫ਼, ਲੋੜ ਨੂੰ ਪੂਰੀ ਕਰਨ ਲਈ ਸ਼ਬਦ ਦਾ ਹੀ ਆਸਰਾ ਲੈਣ ਲਈ ਪ੍ਰੇਰਿਆ। ਬਾਣੀ ਨਾਲ ਹੀ ਜੋੜਿਆ, ਨਿਜਵਾਦ ਨਾਲ ਨਹੀਂ, ਸਗੋਂ ਆਪਣੇ ਸਮਰੱਥ ਸਤਿਗੁਰੂ ਦੀ ਵਡਿਆਈ ਦਸਦੇ ਹੋਏ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਹੀ ਪ੍ਰੇਰਨਾ ਕੀਤੀ। ਲੱਖਾਂ ਸੰਗਤਾਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਸ਼ਬਦ ਦੇ ਪਰਚੇ ਰਾਹੀਂ ਲੋਕ ਤੇ ਪ੍ਰਲੋਕ ਦੇ ਸੁਖ ਪ੍ਰਾਪਤ ਕਰ ਰਹੀਆਂ ਹਨ।

**ਆਪ ਜੀ ਬਾਰੇ ਭਵਿੱਖਤ ਬਚਨ –** ਪ੍ਰਮੇਸ਼ਰ ਨਾਲ ਅਭੇਦ ਤੇ ਇਕ ਸੁਰ ਹੋਈਆਂ ਆਤਮਾਵਾਂ ਦੇ ਭਵਿੱਖਤ ਬਚਨ ਆਪ ਦੇ ਜੀਵਨ 'ਤੇ ਪੂਰੇ ਹੋ ਉਤਰੇ। ***'ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥' (ਅੰਗ-੧੨੦੪)*** ਦੀ ਪੂਰਤੀ ਹੋਈ। ਪਿਛਲੇ ਜਨਮ ਦਾ ਨਾਮ ਆਪ ਜੀ ਦਾ ਹਰਨਾਮ ਸਿੰਘ ਸੀ। ਪਿਤਾ ਜੀ ਦੇ ਖੂਹ ਤੇ ਸਾਧੂਆਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਸੀ। ਇਹਨਾਂ ਹੀ ਪਰਮ ਹੰਸਾਂ ਵਿਚੋਂ ਇਕ ਜਟਾਵਾਂ ਵਾਲੇ ਸਾਧੂ ਨੇ ਖੂਹ ਤੇ ਆ ਕੇ ਭਵਿੱਖਤ ਬਚਨ ਕੀਤੇ। ਜੋ ਇਨ੍ਹਾਂ ਦੇ ਜੀਵਨ ਤੇ ਪੂਰੇ ਉਤਰੇ।

ਇਕ ਵਾਰੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ ਖੂਹ 'ਤੇ ਆਏ। ਮਹਾਂਪੁਰਸ਼ਾਂ ਨੇ ਆਪ ਜੀ ਨੂੰ ਬਹੁਤ ਪਿਆਰ ਕੀਤਾ। ਖੇਡਦੇ-ਖੇਡਦੇ ਗੋਦੀ 'ਚ ਬੈਠ ਗਏ। ਦਾਦਾ ਜੀ ਨੂੰ ਬਚਨ ਕੀਤਾ ਕਿ ਤੁਸੀਂ ਬਹੁਤ ਭਾਗਾਂ ਵਾਲੇ ਹੋ, ਆਪ ਦੇ ਘਰ ਤਪੱਸਵੀ ਬਾਲਕ ਆਇਆ ਹੈ। ਇਸ ਦਾ ਕਦੇ ਮੂੰਹ ਨਾ ਫਿਟਕਾਰਿਓ। ਇਸ ਦੇ ਚਰਨਾਂ 'ਚ ਪਦਮ ਰੇਖਾ ਹੈ। ਇਹ ਵੱਡਾ ਹੋ ਕੇ ਤਪੱਸਵੀ ਸਾਧੂ ਬਣੇਗਾ। ਇਸ ਦਾ ਵੱਡਾ ਪਰਤਾਪ ਹੋਵੇਗਾ। ਸਮਾਂ ਪਾ ਕੇ ਇਹ ਭਵਿੱਖਤ ਬਚਨ ਪੂਰੇ ਉਤਰੇ।

**ਅਗੰਮੀ ਬਾਤ, ਪਿਛਲੇ ਜਨਮ ਦੀ ਸੋਝੀ –** ਆਪ ਜੀਆਂ ਨੂੰ ਪਿਛਲੇ ਜਨਮਾਂ ਦੀ ਪੂਰੀ ਸੋਝੀ ਸੀ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਪਹਿਲੀ ਮਿਲਣੀ ਦੌਰਾਨ ਹੋਏ ਪ੍ਰਵਚਨਾਂ ਵਿਚ ਆਪ ਜੀ ਨੇ ਉਨ੍ਹਾਂ ਨੂੰ ਪਿਛਲੇ ਜਨਮਾਂ ਬਾਰੇ ਦੱਸਿਆ। ਇਹ ਸਭ ਅਗੰਮੀ ਬਾਤਾਂ ਹਨ। ਕਹਿਣ ਦਾ ਭਾਵ ਆਪ ਜੀ ਦੀ ਘਾਲਣਾ ਕਮਾਈ ਇਕ ਜਨਮ ਦੀ ਹੀ ਨਹੀਂ ਸਗੋਂ ਪਿਛਲੇ ਜਨਮਾਂ ਦੇ ਤਪ ਤਤਿਕਸ਼ਾ ਸਦਕਾ ਇਸ ਜਾਮੇ ਵਿਚ ਆਪ ਜੀ ਸੂਰਜ ਵਾਂਗੂੰ ਚਮਕੇ।

**ਬਚਪਨ ਦੇ ਸ਼ੌਂਕ –** ਆਪ ਜੀ ਨੂੰ ਬਚਪਨ ਤੋਂ ਹੀ ਨਾਮ ਬਾਣੀ ਦਾ ਸ਼ੌਂਕ ਸੀ, ਲਗਨ ਸੀ। ਪਰਿਵਾਰ ਵਿਚ ਗੁਰਸਿੱਖੀ ਹੋਣ ਕਾਰਨ ਵਿਰਸੇ ਦਾ ਮਾਹੌਲ ਕਾਰਗਰ ਸਿੱਧ ਹੋਇਆ। ਬਚਪਨ ਵਿਚ ਹੀ ਪੰਜ ਸਾਲ ਦੀ ਉਮਰ ਵਿਚ ਅੰਮ੍ਰਿਤ ਦੀ ਦਾਤ ਲੈ ਕੇ ਗੁਰਸਿੱਖੀ ਵਿਚ ਪ੍ਰਪੱਕਤਾ ਵਾਲਾ ਜੀਵਨ ਸ਼ੁਰੂ ਕੀਤਾ। ਸਕੂਲ ਵਿਚ ਪੜ੍ਹਦੇ ਸਮੇਂ ਮਾਸਟਰ ਦੇ ਕਹਿਣ 'ਤੇ ਜਗਤ ਜੂਠ ਅੱਖਰ ਕਾਪੀ ਤੇ ਨਾ ਲਿਖਿਆ ਤੇ ਨਾ ਹੀ ਬੋਲਿਆ। ਕਿਉਂਕਿ ਆਪ ਜੀ ਨੂੰ ਸੋਝੀ ਸੀ ਕਿ ਇਹ ਜਗਤ ਜੂਠ ਅੱਖਰ ਬੋਲਣ ਨਾਲ ਜੀਭਾ ਅਪਵਿੱਤਰ ਹੋ ਜਾਂਦੀ ਹੈ। 70,000 ਵਾਰ ਹਰ ਰੋਜ਼ ਵਾਹਿਗੁਰੂ ਮੰਤ੍ਰ ਦਾ ਜਾਪ ਕਰਨਾ ਬਚਪਨ ਦਾ ਨਿਤਨੇਮ ਸੀ। ਇਸ ਤੋਂ ਇਲਾਵਾ ਹੋਰ ਬਾਣੀ ਪੜ੍ਹਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਸੰਥਿਆ ਲੈ ਕੇ ਸ਼ੁੱਧ ਕਰਨਾ ਤੇ ਕੀਰਤਨ ਬਚਪਨ ਤੋਂ ਹੀ ਕਰਨ ਦੀ ਲਗਨ ਲੱਗੀ। ਨਾਮ ਬਾਣੀ ਦੀ ਲਗਨ, ਆਏ ਗਏ ਸਾਧੂ ਦੀ ਸੇਵਾ, ਕੀਰਤਨ, ਭਜਨ, ਪਾਠ, ਬੰਦਗੀ ਵਿਚ ਲੀਨ ਰਹਿਣਾ ਆਪ ਜੀ ਦੇ ਜੀਵਨ ਦਾ ਮੁੱਖ ਮੰਤਵ ਸੀ।

**ਹੋਰ ਸੰਤਾਂ ਮਹਾਂਪੁਰਖਾਂ ਨਾਲ ਪਿਆਰ –** ਰੱਬ ਦੇ ਪਿਆਰਿਆਂ ਪ੍ਰਤੀ ਪਿਆਰ ਆਪ ਜੀ ਨੂੰ ਹਰ ਵਕਤ ਰਹਿੰਦਾ। ਕਿਸੇ ਗੁਰਮੁਖ ਪਿਆਰੇ ਦੇ ਦਰਸ਼ਨ ਕਰਕੇ ਗਦ-ਗਦ ਹੋ ਜਾਣਾ। ਉਸ ਦੇ ਬਚਨ ਸੁਣਨੇ, ਉਸ ਦੀ ਸੇਵਾ ਕਰਨੀ। ਇਨ੍ਹਾਂ ਵਿਚੋਂ ਵਿਸ਼ੇਸ਼ ਤੌਰ 'ਤੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੇ ਪ੍ਰਵਚਨ ਸੁਣਨ ਦਾ ਤੇ ਉਨ੍ਹਾਂ ਦੀ ਸੇਵਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਉਨ੍ਹਾਂ ਤੋਂ ਇਲਾਵਾ ਸੰਤ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਅਤਰ ਸਿੰਘ ਜੀ ਅਤਲੇ ਵਾਲੇ, ਸੰਤ ਬਾਬਾ ਜੋਧ ਸਿੰਘ ਜੀ ਅਨੇਕਾਂ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਈ। ਪਰ ਦਿਲ ਦਾ ਸੌਦਾ ਜਿਥੇ ਹੋਣਾ ਸੀ ਉਥੇ ਹੀ ਹੋਣਾ ਸੀ। ਪਿਆਰ ਸਤਿਕਾਰ ਸਭ ਦਾ ਕਰਦੇ।

**ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਮਿਲਾਪ –** 16 ਸਾਲ ਦੀ ਸਰੀਰਕ ਉਮਰ ਵਿਚ ਆਪ ਜੀ ਦਾ ਨੂਰਾਨੀ ਮਿਲਾਪ ਸੰਤ ਮਹਾਰਾਜ ਬ੍ਰਹਮਗਿਆਨੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨਾਲ ਹੋਇਆ। ਉਦੋਂ ਉਨ੍ਹਾਂ ਦੀ ਸਰੀਰਕ ਉਮਰ 30 ਸਾਲ ਦੇ ਕਰੀਬ ਸੀ। ਮਾਤਾ ਜੀ ਦੇ ਲੈ ਜਾਣ ਤੇ ਜਦੋਂ ਆਪ ਜੀ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਤਾਂ ਮਨ

ਨੂੰ ਖਿੱਚ ਪਈ। ਬਸ ਇਕ ਤਕਣੀ ਵਿਚ ਹੀ ਦਿਲ ਦੇ ਸੌਦੇ ਹੋ ਗਏ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

**ਪਹਿਲੀ ਮਿਲਣੀ ਦੇ ਅਗੰਮੀ ਬਚਨ -** ਤੇਰਾ ਨਾਮ ਕੀ? ਤੂੰ ਕੌਣ ਹੈਂ? ਕਿਥੋਂ ਆਇਆ ਹੈਂ? ਦਾ ਅਗੰਮੀ ਸਵਾਲ ਆਇਆ। ਆਤਮਿਕ ਰੰਗ ਵਿਚ ਰੰਗੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਪ੍ਰਸ਼ਨ ਰੂਪ ਵਿਚ ਬਚਨ ਕੀਤਾ। ਇਨ੍ਹਾਂ ਵਲੋਂ ਉਤਰ ਵਿਚ ਛਿਨ ਮਾਤਰ ਦੇਰੀ ਤੇ ਫਿਰ ਆਤਮਿਕ ਮੰਡਲ ਦਾ ਹੀ ਜਵਾਬ ਕਿ ਸਾਰੇ ਜਨਮ ਦੇਖਣ ਤੋਂ ਬਾਅਦ ਮੈਂ ਇਕ ਪਰਮ ਜੋਤਿ 'ਚੋਂ ਅਲੱਗ ਹੋਇਆ ਹਾਂ। ਖੂਹ ਦੀ ਲੱਜ ਵਾਂਗੂੰ ਸਿਰੇ ਤੇ ਗੱਠ ਹੈ। ਅਗੰਮੀ ਜਵਾਬ ਸੁਣ ਕੇ ਸੰਤ ਮਹਾਰਾਜ ਸਮਾਧੀ 'ਚ ਪ੍ਰਵੇਸ਼ ਕਰ ਗਏ, 45 ਮਿੰਟ ਦੀ ਸਮਾਧੀ ਤੋਂ ਉਪਸਥਿਤ ਹੋਏ ਤੇ ਅਗੰਮੀ ਬਚਨ ਫੁਰਮਾਇਆ ਕਿ ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ। ਇਹ ਇਕ ਅਗੰਮੀ ਬਚਨ ਸੀ। ਸਮੁੱਚੇ ਜੀਵਨ ਦਾ ਸਾਰ ਇਸ ਇਕ ਬਚਨ ਵਿਚ ਸੀ। ਬਸ ਫਿਰ ਉਸ ਘੜੀ ਤੋਂ ਲੈ ਕੇ ਐਸਾ ਪਿਆਰ ਉਨ੍ਹਾਂ ਨਾਲ ਪਿਆ, ਐਸਾ ਦਿਲ ਦਾ ਸੌਦਾ ਹੋਇਆ ਕਿ ਸਦਾ ਲਈ ਤਨ, ਮਨ, ਧਨ ਕਰਕੇ ਉਨ੍ਹਾਂ ਨੂੰ ਸਮਰਪਿਤ ਹੋ ਗਏ। ਸਾਰੀ ਜ਼ਿੰਦਗੀ ਉਨ੍ਹਾਂ ਦੇ ਪਿਆਰ ਤੇ ਵੈਰਾਗ ਵਿਚ ਬਸਰ ਕੀਤੀ।

**ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਪਿਆਰ -** ਆਪ ਜੀ ਦੇ ਪਰਿਵਾਰ ਦਾ ਪਿਆਰ ਸਾਰੀਆਂ ਸੰਪਰਦਾ ਦੇ ਮਹਾਂਪੁਰਸ਼ਾਂ ਦੇ ਨਾਲ ਸੀ। ਅਖੰਡ ਕੀਰਤਨੀ, ਨਾਨਕਸਰ ਸੰਪਰਦਾ, ਦਮਦਮੀ ਟਕਸਾਲ ਤੇ ਹੋਤੀ ਮਰਦਾਨ ਸੰਪਰਦਾ ਇਨ੍ਹਾਂ ਵਿਚੋਂ ਵਿਸ਼ੇਸ਼ ਹਨ। ਅਖੰਡ ਕੀਰਤਨੀ ਜਥੇ ਦੇ ਮੁਖੀ ਮਹਾਂਪੁਰਸ਼ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪ ਜੀ ਨਾਲ ਅਥਾਹ ਪਿਆਰ ਕਰਦੇ ਸਨ। ਇਕ ਵਾਰ ਜਦੋਂ ਆਪ ਜੀ ਦਾ ਮਿਲਾਪ ਉਨ੍ਹਾਂ ਨਾਲ ਹੋਇਆ ਤਾਂ ਆਪ ਜੀ ਚੌਂਕੜਾ ਮਾਰ ਕੇ ਸਮਾਧੀ ਸਥਿਤ ਇਕ ਅਗੰਮੀ ਰਸ ਵਿਚ ਲੀਨ ਝੂੰਮ ਰਹੇ ਸਨ। ਭਾਈ ਸਾਹਿਬ ਦੀ ਦ੍ਰਿਸ਼ਟੀ ਜਦੋਂ ਆਪ 'ਤੇ ਪਈ ਤਾਂ ਦੇਖ ਕੇ ਖੁਸ਼ ਹੋਏ, ਪਿਆਰ ਕੀਤਾ। ਭਾਈ ਸਾਹਿਬ ਜੀ ਨੇ ਪੁਛਣਾ ਕੀਤਾ ਕਿ ਤੁਸੀਂ ਝੂੰਮ ਕਿਉਂ ਰਹੇ ਸੀ? ਆਪ ਜੀ ਨੇ ਬਚਨ ਕੀਤਾ ਕਿ ਮੈਨੂੰ ਰਸ ਆ ਰਿਹਾ ਸੀ। ਕਹਿੰਦੇ ਕਾਹਦਾ ਰਸ, ਕਿਹਾ ਕਿ ਸ਼ਬਦ ਦਾ ਰਸ। ਕਿਹੜਾ ਸ਼ਬਦ? ਆਪ ਨੇ ਕਿਹਾ -

*ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥*
*ਅੰਗ- ੫੦*

ਇੰਨਾ ਸੁਣ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਹੁਤ ਹੈਰਾਨ ਹੋਏ। ਆਪ ਜੀ ਨੂੰ ਗਲਵਕੜੀ 'ਚ ਲਿਆ, ਅਥਾਹ ਪਿਆਰ ਕੀਤਾ ਤੇ ਆਪਣੇ ਜਥੇ ਦੇ ਸਿੰਘਾਂ ਨੂੰ ਇਹਨਾਂ ਦੀ ਅਵਸਥਾ ਤੋਂ ਜਾਣੂ ਕਰਵਾ ਕੇ ਨਾਮ ਜਪਣ ਲਈ ਪ੍ਰੇਰਿਆ। ਭਾਈ ਸਾਹਿਬ ਦਾ ਇਤਨਾ ਪਿਆਰ ਸੀ ਕਿ ਸਤਿਕਾਰਯੋਗ ਬੀਜੀ (ਜੀਵਨ ਸਾਥੀ ਪਿਆਰੇ ਮਹਾਂਪੁਰਸ਼) ਦੇ ਪਿਤਾ ਜੀ ਨੂੰ **'ਰੰਗਲੇ ਸੱਜਣ'** ਪੁਸਤਕ ਵਚ 'ਸੰਤ' ਦੀ ਉਪਾਧੀ ਨਾਲ ਸਤਿਕਾਰ ਪਿਆਰ ਦਿਤਾ। 'ਸੰਤ ਹੀਰਾ ਸਿੰਘ ਜੀ ਦੇ ਨਾਮ ਨਾਲ ਬੀਜੀ ਦੇ ਪਿਤਾ ਜੀ ਨੂੰ ਨਿਵਾਜਿਆ। ਆਪ ਜੀ ਉਨ੍ਹਾਂ ਦੀ ਅਵਸਥਾ ਨੂੰ ਜਾਣਦੇ ਸਨ। ਕਿਉਂਕਿ ਬੀਜੀ ਦੇ ਸਤਿਕਾਰਯੋਗ ਪਿਤਾ ਜੀ ਦੇ ਵੀ ਅਗੰਮੀ ਕੌਤਕ ਸਨ। ਚਾਚੀ ਜੀ ਦੇ ਕਹਿਣ ਤੇ ਉਨ੍ਹਾਂ ਦਾ ਨਾਮ ਚਲਾ ਦੇਣਾ, ਤਿੰਨ ਦਿਨ ਸਮਾਧੀ ਦੀ ਅਵਸਥਾ 'ਚ ਪਹੁੰਚਾ ਦੇਣਾ। ਬੰਬਈ ਤੋਂ ਆਏ ਬੰਦੇ ਨੂੰ ਉਸਦੀਆਂ ਮਾੜੀਆਂ ਕਰਤੂਤਾਂ ਤੋਂ ਵਰਜਣਾ। ਫੱਲੇਵਾਲ ਨਗਰ (ਨੇੜੇ ਲੁਧਿਆਣਾ) ਵਿਖੇ ਅੰਮ੍ਰਿਤ ਸੰਚਾਰ ਵੇਲੇ ਅੱਠਵੀਂ ਜਮਾਤ ਵਿਚ ਪੜ੍ਹਦੇ ਬੱਚੇ ਨੂੰ ਜਲਾਲ ਨਾਲ ਅੰਮ੍ਰਿਤ ਦਾ ਛਿੱਟਾ ਮਾਰ ਕੇ 56 ਘੰਟੇ ਸਮਾਧੀ ਵਿਚ ਪ੍ਰਵੇਸ਼ ਕਰਾ ਦੇਣਾ। ਉਨ੍ਹਾਂ ਦੇ ਸਿਰ ਤੋਂ ਭਰੀ ਦੋ ਗਿੱਠ ਉਤੇ ਰਹਿਣੀ, ਅਨੇਕਾਂ ਆਤਮਿਕ ਅਵਸਥਾ ਦੇ ਕੌਤਕ ਅਗੰਮੀ ਕੌਤਕ ਸਨ।

**ਮਾਇਆ ਵਿਚ ਉਦਾਸੀ -**

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* *ਅੰਗ - ੯੩੮*

ਘਰ ਵਿਚ ਰਹਿ ਕੇ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਆਪ ਜੀ ਕਮਲ ਦੇ ਫੁੱਲ ਵਾਂਗ ਨਿਰਲੇਪਤਾ ਵਾਲਾ ਜੀਵਨ ਬਸਰ ਕੀਤਾ। ਅੰਦਰੋਂ ਨਾਮ ਬਾਣੀ ਦੀ ਲਗਨ ਤੇ ਸਾਰੇ ਕਾਰੋਬਾਰ ਕਰਨੇ, ਗ੍ਰਹਿਸਥ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਇਹ ਇਕ ਗਾਡੀ ਰਾਹ ਸੀ। ਪਰ ਆਪ ਸਭ ਕੁਝ ਕਰਦੇ ਹੋਏ ਵੀ ਨਿਰਲੇਪ ਹੀ ਰਹੇ।

**ਗ੍ਰਹਿਸਤੀ ਜੀਵਨ -** ਪ੍ਰਮੇਸ਼ਰ ਦੇ ਹੁਕਮ ਅਨੁਸਾਰ ਸੰਜੋਗ ਤੇ ਵਿਯੋਗ ਦੀ ਕਾਰ ਚਲ ਰਹੀ ਹੈ -

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥*
*ਅੰਗ- ੨*

ਗੁਰਬਾਣੀ ਦੇ ਪਵਿੱਤਰ ਸਿਧਾਂਤ ਅਨੁਸਾਰ ਆਪ ਜੀ ਦੇ ਸੰਜੋਗ ਸੰਤ ਬਾਬਾ ਹੀਰਾ ਸਿੰਘ ਦਾਉਦਪੁਰ ਦੀ ਹੋਣਹਾਰ ਬੇਟੀ ਬੀਬੀ ਰਣਜੀਤ ਕੌਰ ਜੀ ਨਾਲ ਹੋਣਾ ਤੈਅ ਹੋਇਆ। ਇਹ ਵੀ ਇਕ ਅਗੰਮੀ ਖੇਡ ਸੀ। ਬੀਜੀ ਦੇ ਪਿਤਾ ਜੀ ਅਖੰਡਪਾਠ ਵਿਚ ਸੇਵਾ ਨਿਭਾਉਣ ਹਿਤ ਆਪ ਜੀ ਦੇ ਘਰ ਆਉਣਾ ਹੋਇਆ। ਜਥੇਦਾਰ

ਬਾਬਾ ਕਰਤਾਰ ਸਿੰਘ ਆਪ ਜੀ ਦੇ ਪਿਤਾ ਨੂੰ ਬਚਨ ਕੀਤਾ ਕਿ 7 ਸਾਲ ਨੂੰ ਤੁਹਾਡੇ ਘਰ ਬੇਟੇ ਨੇ ਜਨਮ ਲੈਣਾ ਹੈ ਤੇ ਮੇਰੇ ਘਰ ਬੇਟੀ ਨੇ। ਇਨ੍ਹਾਂ ਦੋਨਾਂ ਦਾ ਸੰਜੋਗ ਧੁਰ ਦਰਗਾਹ ਤੋਂ ਹੈ। ਲਉ 1 ਰੁਪਈਆ ਮੈਂ ਸ਼ਗਨ ਦੇ ਕੇ ਚੱਲਿਆ ਹਾਂ। ਉਸੇ ਤਰ੍ਹਾਂ ਹੋਇਆ। ਸਮਾਂ ਬੀਤਣ ਤੇ ਦੋਹਾਂ ਆਤਮਿਕ ਮੰਡਲ ਦੀਆਂ ਰੂਹਾਂ ਦੇ ਸਰੀਰਕ ਜਨਮ ਹੋਏ ਤੇ ਸੰਜੋਗ ਦੀ ਕਾਰ ਅਨੁਸਾਰ ਸ਼ਾਦੀ ਦੇ ਕਾਰਜ ਸੰਪੰਨ ਹੋਏ।

**ਬੀਜੀ ਦੀ ਘਾਲਣਾ ਕਮਾਈ ਤੇ ਸਾਥ –** ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਜਿਨ੍ਹਾਂ ਨੂੰ ਸੰਗਤਾਂ ਪਿਆਰ ਤੇ ਸਤਿਕਾਰ ਨਾਲ ਬੀਜੀ ਕਹਿ ਕੇ ਸੰਬੋਧਨ ਕਰਦੀਆਂ। ਆਪ ਜੀਆਂ ਨੇ ਹਰ ਵਕਤ, ਕਦਮ-ਕਦਮ 'ਤੇ ਮਹਾਂਪੁਰਸ਼ਾਂ ਦਾ ਸਾਥ ਦਿਤਾ। 'ਸੰਤ' ਬਣ ਕੇ ਸਮਾਜ ਵਿਚ ਵਿਚਰਣ ਨੂੰ ਆਪ ਜੀ ਤਰਜੀਹ ਨਾ ਦਿੰਦੇ। ਸਗੋਂ ਕਹਿਣਾ ਕਿ ਘਰ ਵਿਚ ਰਹੋ, ਕਾਰੋਬਾਰ ਕਰੋ, ਸੱਚੀ ਸੁੱਚੀ ਕਿਰਤ ਕਰਕੇ ਫਿਰ ਲੋੜਵੰਦਾਂ ਨੂੰ ਵੰਡੋ, ਭਲਾ ਕਰਦੇ ਰਹੋ ਸਭ ਦਾ। ਉਨ੍ਹਾਂ ਦੇ ਅਗੰਮੀ ਬਚਨ ਕਿ ਕਿਸੇ ਅੱਗੇ ਹੱਥ ਨਹੀਂ ਅੱਡਣਾ ਭਾਵ ਮੰਗਣਾ ਨਹੀਂ, ਸਗੋਂ ਆਪਣੀ ਕਿਰਤ ਕਮਾਈ ਵਿਚੋਂ ਵੰਡ ਕੇ ਛਕਣਾ ਹੈ। ਦੇਣਾ ਹੀ ਦੇਣਾ ਹੈ, ਕਿਸੇ ਤੋਂ ਲੈਣਾ ਨਹੀਂ। ਸੰਗਤਾਂ ਦੇ ਚੜ੍ਹਾਵੇ ਆਦਿ ਦੀ ਮਾਇਆ ਵਗੈਰਾ ਆਪ ਜੀ ਕੋਠੀ ਦੇ ਅੰਦਰ ਨਾ ਵੜਨ ਦਿੰਦੇ ਸਗੋਂ ਬਾਹਰ ਵੱਖਰੀ ਕਿਸੇ ਜਗ੍ਹਾ ਤੇ ਸੰਭਾਲਣ ਲਈ ਤਰਜੀਹ ਦਿੰਦੇ। ਆਪ ਜੀ ਹਰ ਵਕਤ ਨਾਮ ਵਿਚ ਲੀਨ ਰਹਿੰਦੇ। ਘਰ ਦੇ ਕੰਮ ਕਾਜ ਵਿਚ ਰੁਝੇ ਰਹਿਣਾ। ਖੇਤੀਬਾੜੀ ਦੇ ਕੰਮਾਂ ਵਿਚ ਮਹਾਂਪੁਰਸ਼ਾਂ ਦਾ ਸਾਥ ਨਿਭਾਉਣਾ ਤੇ ਉਸ ਤੋਂ ਬਾਅਦ ਵੱਡਾ ਕਾਰਜ ਜੋ ਕੀਰਤਨ ਦੀਵਾਨਾਂ ਦਾ ਸੀ ਉਸ ਵਿਚ ਵੱਡਮੁੱਲਾ ਯੋਗਦਾਨ ਬੀਜੀ ਦਾ ਰਿਹਾ। ਸਿੰਧ (ਪਾਕਿਸਤਾਨ), ਯੂ.ਪੀ ਤੋਂ ਲੈ ਕੇ ਚੰਡੀਗੜ੍ਹ ਦੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਵੱਡੇ ਪੱਧਰ 'ਤੇ ਹੋਇਆ। ਰੋਪੜ ਜ਼ਿਲੇ ਦੇ ਰਤਵਾੜਾ ਸਾਹਿਬ ਦੇ ਇਲਾਕੇ ਵਿਚ ਕੀਰਤਨ ਸਮਾਗਮਾਂ ਦੌਰਾਨ ਬੀਜੀ ਨੇ ਸੁਚੱਜੀ ਸੇਧ ਖਾਸ ਕਰਕੇ ਬੀਬੀਆਂ ਨੂੰ ਦਿਤੀ। ਗੁਗੇ, ਮੜੀਆਂ, ਮਸਾਣਾਂ, ਪੀਰਾਂ ਦੀ ਮਾਨਤਾ ਤੋਂ ਹਟਾ ਕੇ ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਦੀ ਪ੍ਰੇਰਨਾ ਦਿਤੀ। ਦਿਨ ਰਾਤ ਇਕ ਕਰਕੇ ਮਹਾਂਪੁਰਸ਼ਾਂ ਵਲੋਂ ਆਰੰਭੇ ਮਿਸ਼ਨ ਵਿਚ ਵੱਡਮੁੱਲਾ ਯੋਗਦਾਨ ਪਾਇਆ। ਆਪ ਜੀ ਦੇ ਜੀਵਨ ਬਾਰੇ ਜ਼ਿਕਰ ਕਰਨ ਤੋਂ ਬਿਨਾਂ ਮਹਾਂਪੁਰਸ਼ਾਂ ਦਾ ਜੀਵਨ ਪ੍ਰਗਟਾਉਣਾ ਅਧੂਰਾ ਹੋਵੇਗਾ ਕਿਉਂਕਿ ਹਰ ਕੰਮ ਦੀ ਸਫਲਤਾ ਵਿਚ ਆਪ ਜੀ ਦਾ ਵਡਮੁਲਾ ਯੋਗਦਾਨ ਹੁੰਦਾ ਰਿਹਾ।

**ਸਿੰਧ ਵਿਚ ਗੁਰਮਤਿ ਪ੍ਰਚਾਰ –** ***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥*** *(ਅੰਗ - ੨੯੦)* 'ਤੇ ਪਹਿਰਾ ਦਿੰਦਿਆਂ ਸਿੰਧ (ਹੁਣ ਪਾਕਿਸਤਾਨ) ਵਿਚ ਜਾ ਕੇ ਵੀ ਆਪ ਜੀ ਗੁਰਮਤਿ ਦਾ ਪ੍ਰਚਾਰ ਕੀਤਾ। ਇਕਾਂਤ ਥਾਂ ਦੇਖ ਕੇ ਬੰਦਗੀ ਕਰਨੀ ਆਰੰਭ ਕੀਤੀ। ਪੁਲਿਸ ਦੀ ਭਰਤੀ ਵਿਚ ਅਫਸਰ ਨੇ ਆਪ ਦੀ ਸਮਾਧੀ ਦੀ ਲੀਨਤਾ ਦੇਖ ਕੇ ਫੌਜ ਵਿਚ ਭਰਤੀ ਹੋਣ ਲਈ ਪ੍ਰੇਰਨਾ ਦਿਤੀ। ਕਿਉਂਕਿ ਉਸ ਨੂੰ ਪੁਲਿਸ ਦੇ ਤੋਰ ਤਰੀਕੇ ਤੇ ਰੁਝੇਵਿਆਂ ਵਿਚ ਬੰਦਗੀ ਵਾਲੀ ਰੂਹ ਨੂੰ ਰੁਕਾਵਟ ਆਉਣ ਦੀ ਸੰਭਾਵਨਾ ਨਜ਼ਰ ਆ ਰਹੀ ਸੀ।

ਆਪ ਜੀ ਇਕਾਂਤ ਥਾਂ ਤੇ ਬੰਦਗੀ ਵਿਚ ਜੁੜ ਗਏ। ਪ੍ਰਸ਼ਾਦੇ ਦਾ ਭਰੋਸਾ ਪ੍ਰਮੇਸ਼ਰ 'ਤੇ ਰੱਖ ਲਿਆ। ਕੌਤਕ ਵਰਤਿਆ। ਪ੍ਰਮੇਸ਼ਰ ਨੇ ਇਕ ਮਾਈ ਨੂੰ ਪ੍ਰੇਰਨਾ ਦੇ ਕੇ ਪ੍ਰਸ਼ਾਦਾ ਭੇਜ ਦਿਤਾ। ਇਕ ਨਹੀਂ ਅਨੇਕਾਂ ਅਗੰਮੀ ਕੌਤਕ ਆਪ ਜੀ ਦੇ ਜੀਵਨ ਵਿਚ ਵਰਤੇ। ਇਨ੍ਹਾਂ ਕੌਤਕਾਂ ਦਾ ਵਿਸਥਾਰ ਵਿਚ ਲਿਖਣਾ ਸੰਭਵ ਨਹੀਂ ਹੈ। ਮੈਟਰ ਲੰਮੇਰਾ ਹੋਣ ਕਾਰਨ ਸੰਖੇਪ ਵਿਚ ਕੌਤਕਾਂ ਦਾ ਵਰਨਣ ਕਰਨਾ ਜਾਇਜ਼ ਹੈ। ਵਿਸਥਾਰ ਲਈ ਆਪ ਜੀ ਜੀਵਨੀ ਪੁਸਤਕ 'ਜਨ ਪਰਉਪਕਾਰੀ ਆਏ' ਰਤਵਾੜਾ ਸਾਹਿਬ ਟਰੱਸਟ ਵਲੋਂ ਪ੍ਰਕਾਸ਼ਿਤ ਹੈ, ਲੈ ਕੇ ਪੜ੍ਹ ਸਕਦੇ ਹੋ।

**ਜੁਗਤੀ ਨਾਲ ਮੁਕਤੀ –** ਸਿੰਧ ਵਿਚ ਆਪ ਜੀ ਭਜਨ ਬੰਦਗੀ ਵਿਚ ਲੀਨ ਰਹਿੰਦੇ। ਪ੍ਰਮੇਸ਼ਰ ਵਲੋਂ ਪ੍ਰੇਰੇ ਇਕ ਨੇੜੇ ਜ਼ਿੰਮੀਦਾਰ ਨੇ ਆਪ ਜੀ ਨੂੰ ਪ੍ਰਸ਼ਾਦਾ ਛਕਾਉਣ ਦੀ ਇੱਛਾ ਪ੍ਰਗਟ ਕੀਤੀ। ਆਪ ਜੀ ਨੇ ਪ੍ਰਸ਼ਾਦਾ ਛਕਣ ਦੀ ਸ਼ਰਤ ਲਾਈ ਕਿ ਮੈਂ ਇਵੇਂ ਨਹੀਂ ਛਕਣਾ, ਮੇਰੇ ਕੋਲੋਂ ਖੇਤਾਂ 'ਚ ਕੰਮ ਕਰਾਉ। ਮੈਂ ਕੰਮ ਕਰਕੇ ਫਿਰ ਛਕਾਂਗਾ। ਉਨ੍ਹਾਂ ਦੇ ਜ਼ੋਰ ਪਾਉਣ ਤੇ ਵੀ ਨਾ ਮੰਨੇ। ਉਨ੍ਹਾਂ ਦਾ ਖੇਤੀ ਦੇ ਕੰਮ 'ਚ ਹੱਥ ਵਟਾਉਣ ਲੱਗੇ ਤੇ ਨਾਲ ਬਚਨ ਕੀਤਾ ਕਿ ਮੈਂ ਮੇਹਨਤਾਨਾ ਵੀ ਲੈਣਾ ਹੈ। ਉਹ ਕਹਿੰਦੇ ਕੀ? ਕਿਹਾ ਕਿ ਤੁਸੀਂ ਮੇਰੇ ਨਾਲ-ਨਾਲ ਬੋਲੋ, ਜਪੁਜੀ ਸਾਹਿਬ ਦਾ ਪਾਠ ਜ਼ੁਬਾਨੀ ਯਾਦ ਕਰਵਾ ਦਿਤਾ। ਮੂਲ ਮੰਤਰ ਦਾ ਅਭਿਆਸ ਕਰਾਇਆ। ਇਸ ਤਰ੍ਹਾਂ ਉਨ੍ਹਾਂ ਨੇ ਸ਼ਰਾਬ ਆਦਿਕ ਤੇ ਹੋਰ ਨਸ਼ਿਆਂ ਤੋਂ ਛੁਟਕਾਰਾ ਦਿਵਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਮਰੱਥ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੜ ਲਾਇਆ। ਇਕ ਨਹੀਂ ਸਿੰਧ ਵਿਚ ਅਨੇਕਾਂ ਪ੍ਰਾਣੀਆਂ ਨੂੰ ਸ਼ਬਦ ਨਾਲ ਜੋੜਿਆ।

**ਜਾਤਪਾਤ ਤੋਂ ਉਪਰ –** ਇਕ ਗਰੀਬ ਪਰਿਵਾਰ ਦੇ ਪਿਆਰ ਦੀ ਲਗਨ ਨੂੰ ਦੇਖਦੇ ਹੋਏ ਉਸ ਦੇ ਘਰ ਪ੍ਰਸ਼ਾਦਾ ਛਕਣ ਲਈ ਪਹੁੰਚਣਾ। ਅਖੌਤੀ ਉਚੀ ਜਾਤ ਵਾਲਿਆਂ ਵਲੋਂ ਬਾਈਕਾਟ ਕਰਨ 'ਤੇ ਭਰੀ ਪੰਚਾਇਤ ਵਿਚ ਉਨ੍ਹਾਂ ਨੂੰ ਗੁਰਬਾਣੀ ਦੀ ਸੋਝੀ ਕਰਾਈ ਕਿ ਪਿਆਰਿਉ! ਸਾਰੇ ਜੀਅ ਰੱਬ ਦੇ ਹਨ। ਹਵਾ, ਪਾਣੀ, ਧਰਤੀ, ਆਕਾਸ਼ ਤੇ ਅੱਗ ਦੀ ਕੋਈ ਜਾਤ ਨਹੀਂ –

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*
*ਅੰਗ - ੪੬੯*

*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥*
*ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥*
*ਅੰਗ- ੧੩੩੦*

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*
*ਅੰਗ- ੧੩੫੦*

*ਸਰਬ ਜੋਤਿ ਤੇਰੀ ਪਸਰਿ ਰਹੀ ॥*
*ਜਹ ਜਹ ਦੇਖਾ ਤਹ ਨਰਹਰੀ ॥* *ਅੰਗ- ੮੭੬*
*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*
*ਅੰਗ- ੧੩*

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ- ੯੨੨*

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*
*ਅੰਗ- ੧੨੯੯*

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਅੰਗ - ੧੫*

ਉਪਰੋਕਤ ਗੁਰਬਾਣੀ ਦੀ ਸੋਝੀ ਹੋਣ 'ਤੇ ਸਾਰੇ ਨਗਰ ਵਾਲਿਆਂ ਨੇ ਮਾਫੀ ਮੰਗੀ। ਅੱਗੇ ਤੋਂ ਜਾਤਪਾਤ ਤੋਂ ਉੱਪਰ ਉਠ ਕੇ ਸਭ ਨਾਲ ਪਿਆਰ ਕਰਨ ਦੀ ਵਚਨਬੱਧਤਾ ਪ੍ਰਗਟਾਈ।

ਸੋ ਗੁਰਮਤਿ ਦੇ ਸਿਧਾਂਤਾਂ ਦੀ ਆਪ ਨੇ ਕਮਾਈ ਕੀਤੀ ਤੇ ਦੂਸਰਿਆਂ ਨੂੰ ਇਸ ਪ੍ਰਤੀ ਪ੍ਰੇਰਨਾ ਕੀਤੀ।

**ਸੱਚੀ ਸਰਕਾਰ ਦੀ ਚਾਕਰੀ –** ਦੁਨਿਆਵੀ ਸਰਵਿਸ, ਸਿਵਲ ਸਕੱਤਰੇਤ ਦੀ ਸਰਵਿਸ, ਨੂੰ ਤਿਲਾਂਜਲੀ ਦੇ ਕੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਪ੍ਰਵਚਨਾਂ ਤੇ ਪਹਿਰਾ ਦਿੰਦੇ ਹੋਏ ਆਪ ਜੀ ਨੇ ਫਾਰਮਿੰਗ (ਕਿਸਾਨੀ) ਦੀ ਕਿਰਤ ਕੀਤੀ। ਸਫਲ ਕਿਸਾਨੀ ਦੇ ਨਾਲ-ਨਾਲ ਧਰਮ ਪ੍ਰਚਾਰ ਵੀ ਜਾਰੀ ਰੱਖਿਆ। ਸਦਾ ਲਈ ਗੁਰੂ ਦੀ ਸੇਵਾ ਵਿਚ ਤਤਪਰ ਰਹਿਣ ਦਾ ਪ੍ਰਣ ਕੀਤਾ।

**ਯੂ.ਪੀ. ਵਿਚ ਗੁਰਮਤਿ ਪ੍ਰਚਾਰ –** ਯੂ.ਪੀ ਦੇ ਤਰਾਈ ਦੇ ਇਲਾਕੇ ਵਿਚ ਰਹਿੰਦੇ ਸਿੱਖਾਂ ਦੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਸੀ। ਸਿੱਖ ਆਪਣੀ ਵਿਰਾਸਤ ਨੂੰ ਤਿਲਾਂਜਲੀ ਦੇ ਕੇ, ਵਿਰਸੇ ਤੋਂ ਭਟਕ ਕੇ ਕੁਰੀਤੀਆਂ ਵਿਚ ਗੜੁੱਚ ਹੋ ਚੁੱਕੇ ਸਨ। ਸੰਨ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 500 ਸਾਲਾ ਪ੍ਰਕਾਸ਼ ਸ਼ਤਾਬਦੀ ਤੇ 5 ਸਿੰਘਾਂ ਰਾਹੀਂ ਅਰਦਾਸ ਕਰਕੇ ਗੁਰਮਤਿ ਪ੍ਰਚਾਰ ਦਾ ਬੀੜਾ ਚੁਕਿਆ। ਯੂ.ਪੀ. ਵਿਚ ਸਿੱਖਾਂ ਦੀ ਬਦ ਤੋਂ ਬਦਤਰ ਹੋਈ ਹਾਲਤ ਤੋਂ ਆਪ ਜੀ ਬਹੁਤ ਨਿਰਾਸ਼ ਸਨ। ਪੰਜਾਬੀ ਲੋਕਾਂ ਨੇ ਜਾ ਕੇ ਯੂ.ਪੀ ਦੇ ਤਰਾਈ ਏਰੀਏ ਵਿਚ ਜ਼ਮੀਨਾਂ ਆਬਾਦ ਕੀਤੀਆਂ, ਜੰਗਲ ਪੁਟੇ ਭਾਵੇਂ ਮਿਹਨਤਾਂ ਬਹੁਤ ਕੀਤੀਆਂ ਪਰ ਇਸ ਦੇ ਨਾਲ ਕੁਰੀਤੀਆਂ ਦਾ ਸ਼ਿਕਾਰ ਵੀ ਹੋ ਗਏ। ਕੁਝ ਨਸ਼ਿਆਂ ਵਿਚ ਗਲਤਾਨ ਚੋਰੀਆਂ, ਡਾਕੇ ਮਾਰਨੇ ਤੇ ਸਮਗਲਰ ਬਣ ਗਏ। ਉਨ੍ਹਾਂ ਦੇ ਇਨ੍ਹਾਂ ਮਾੜੇ ਕਾਰਨਾਮਿਆਂ ਨੂੰ ਦੇਖ ਕੇ ਆਪ ਜੀ ਦੇ ਮਨ ਵਿਚ ਚਿੰਤਾ ਦੇ ਨਾਲ ਤਰਸ, ਦਇਆ ਵੀ ਆਈ। ਗੁਰੂ ਦਾ ਓਟ ਆਸਰਾ ਲੈ ਕੇ ਗੁਰਮਤਿ ਦਾ ਪ੍ਰਚਾਰ ਧਾਰਮਿਕ ਦੀਵਾਨਾਂ ਦੇ ਰੂਪ ਵਿਚ ਆਰੰਭ ਕੀਤਾ। ਸਾਦੇ ਢੰਗ ਨਾਲ ਸੀਮਿਤ ਵਸੀਲਿਆਂ ਤੇ ਸਾਧਨਾਂ ਰਾਹੀਂ ਖੇਤੀਬਾੜੀ ਦੇ ਨਾਲ-ਨਾਲ ਦੀਵਾਨ ਲਾਉਣੇ ਸ਼ੁਰੂ ਕੀਤੇ। ਸਹਿਯੋਗੀ ਸੰਗਤਾਂ ਦਾ ਕਾਫਲਾ ਵੱਡਾ ਹੁੰਦਾ ਗਿਆ। 'ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਦਕਾ ਅਨੇਕਾਂ ਪ੍ਰਾਣੀਆਂ ਨੇ ਮਾੜੀਆਂ ਕੁਰੀਤੀਆਂ ਛੱਡ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਇਕ ਸੁਚੱਜਾ ਜੀਵਨ ਗੁਰਮਤਿ ਦੀ ਰਹਿਣੀ ਬਹਿਣੀ ਵਾਲੀ ਜ਼ਿੰਦਗੀ ਬਸਰ ਕਰਨੀ ਸ਼ੁਰੂ ਕੀਤੀ। ਇਥੇ ਹੀ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਦਾ ਮਿਲਾਪ ਆਪ ਜੀ ਨਾਲ ਹੋਇਆ।

**ਟਰੱਸਟ ਦੇ ਮੌਜੂਦਾ ਮੁਖੀ ਸ੍ਰੀ ਮਾਨ ਸੰਤ ਬਾਬਾ ਲਖਬੀਰ ਸਿੰਘ ਜੀ ਪ੍ਰਤੀ ਅਗੰਮੀ ਬਚਨ –** ਯੂ.ਪੀ ਵਿਚ ਚਲ ਰਹੇ ਆਪ ਜੀ ਦੇ ਦੀਵਾਨ ਵਿਚ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਕੀਰਤਨ ਸਰਵਣ ਕੀਤਾ। ਦਰਸ਼ਨ ਕਰਦੇ ਸਾਰ ਮਨ ਨੂੰ ਤਸੱਲੀ ਹੋਈ ਕਿ ਪੂਰਨ ਮਹਾਂਪੁਰਸ਼ ਹਨ। ਦੀਵਾਨ ਉਪਰੰਤ ਸਮਾਪਤੀ ਦਾ ਸਮਾਂ ਆਇਆ। ਅਰਦਾਸ ਦੀ ਸੇਵਾ ਨਿਭਾਉਣ ਵਾਲਾ ਕੋਈ ਪ੍ਰੇਮੀ ਅੱਗੇ ਨਾ ਆਇਆ। ਬਾਬਾ ਲਖਬੀਰ ਸਿੰਘ ਜੀ ਨੇ ਅਰਦਾਸ, ਹੁਕਮਨਾਮੇ ਦੀ ਸੇਵਾ ਨਿਭਾਈ। ਪਿਆਰੇ ਮਹਾਂਪੁਰਸ਼ਾਂ ਨੇ ਜੌਹਰੀ ਵਾਂਗ ਹੀਰੇ ਦੀ ਪਛਾਣ ਕਰਦੇ ਹੋਏ ਗਲਵਕੜੀ ਵਿਚ ਲਏ ਤੇ ਭਵਿੱਖਤ ਦੇ ਅਗੰਮੀ ਬਚਨ ਕੀਤੇ ਕਿ ਵਾਹ! **ਪਿਛਲੀ ਵੀ ਵੱਡੀ ਤਪਸਿਆ ਹੈ। ਹੁਣ ਵੀ ਬਹੁਤ ਕਮਾਈ ਹੈ, ਇਹ ਗੁਰਮਤਿ ਦੀ ਲਹਿਰ ਤੁਸਾਂ ਹੀ ਸੰਭਾਲਣੀ ਹੈ।** ਬਸ ਉਸ ਘੜੀ

ਤੋਂ ਹੀ ਇਹ ਵੀ ਉਨ੍ਹਾਂ ਦੇ ਹੋ ਕੇ ਹੀ ਰਹਿ ਗਏ। ਆਪਣੀ ਸਰਵਿਸ ਨੂੰ ਛੱਡ ਕੇ ਜੁਲਾਈ 1986 ਤੋਂ ਪੱਕੇ ਤੌਰ ਤੇ ਰਤਵਾੜਾ ਸਾਹਿਬ ਦੀ ਸੇਵਾ ਵੱਖ-ਵੱਖ ਰੂਪਾਂ ਵਿਚ ਕਰਨੀ ਸ਼ੁਰੂ ਕੀਤੀ। ਭਾਵੇਂ ਇਸ ਤੋਂ ਪਹਿਲਾਂ ਵੀ ਆਪ ਜੀ ਚੰਡੀਗੜ੍ਹ ਮਹਾਂਪੁਰਸ਼ਾਂ ਕੋਲ 1978 ਤੋਂ ਆਉਂਦੇ ਰਹਿੰਦੇ ਸੀ ਵਿਸ਼ੇਸ਼ ਕਰਕੇ ਆਪ ਜੀ ਨੂੰ ਕੀਰਤਨ ਕਰਨ ਦੀ ਸੇਵਾ ਸੌਂਪਣਾ ਕੀਤੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਵਡਮੁੱਲੇ ਕਾਰਜਾਂ ਦੀ ਸੰਪੰਨਤਾ ਆਪ ਜੀ ਦੇ ਰਾਹੀਂ ਹੀ ਹੁੰਦੀ।

**ਚੰਡੀਗੜ੍ਹ ਰੋਪੜ ਦੇ ਇਲਾਕੇ 'ਚ ਗੁਰਮਤਿ ਪ੍ਰਚਾਰ -** 1978 ਤੋਂ ਆਪ ਜੀ ਯੂ.ਪੀ ਤੋਂ ਏਧਰ ਆ ਗਏ। ਇਥੇ ਆ ਕੇ ਇਲਾਕਿਆਂ ਦਾ ਹਾਲ ਦੇਖਿਆ। ਬੰਜਰ ਪੁੱਟਣ ਵਾਲੇ ਹਾਲਾਤ ਸਨ। ਸਿੱਖੀ ਨਾ-ਮਾਤਰ ਹੀ ਸੀ। ਨਗਰਾਂ ਵਿਚ ਇਕ ਦੁਕਾ ਨੂੰ ਛੱਡ ਕੇ ਸਾਰੇ ਸਿੱਖੀ ਦੀ ਰਹੁਰੀਤ ਤੋਂ ਅਨਜਾਣ ਸਨ। ਸਥਾਨਕ ਵਸਨੀਕ ਆਪਣੇ ਆਪ ਨੂੰ ਪਛੜਿਆ ਸਮਝਦੇ ਸਨ। ਪਿਆਰੇ ਮਹਾਂਪੁਰਸ਼ਾਂ ਨੇ ਬਚਨ ਕੀਤਾ, **ਤੁਸੀਂ ਆਪਣੇ ਆਪ ਨੂੰ ਪਛੜੇ ਹੋਏ ਨਾ ਸਮਝੋ, ਇਕ ਦਿਨ ਪਹਿਲੇ ਨੰਬਰ ਤੇ ਆਓਗੇ।** ਅੱਜ ਉਹ ਬਚਨ ਸਾਕਾਰ ਹੋ ਰਹੇ ਹਨ। ਰੋਪੜ, ਮੁਹਾਲੀ, ਚੰਡੀਗੜ੍ਹ ਦੇ ਆਲੇ ਦੁਆਲੇ ਦਾ ਏਰੀਆ ਹਰ ਪੱਖੋਂ ਪਹਿਲੇ ਨੰਬਰ 'ਤੇ ਹੈ। ਇਥੇ ਆਪ ਜੀ ਨੇ ਆਪਣੇ ਸਾਧਨਾਂ ਰਾਹੀਂ ਦਿਨ ਰਾਤ ਘਰ-ਘਰ, ਨਗਰ-ਨਗਰ ਜਾ ਕੇ ਗੁਰਸਿੱਖੀ ਦਾ ਪ੍ਰਚਾਰ ਕੀਤਾ। ਗੁਰਮਤਿ ਪ੍ਰਚਾਰ ਲਈ ਸੰਗਤਾਂ ਵਲੋਂ ਅਸਥਾਨ ਬਣਾਉਣ ਲਈ, ਆਪ ਜੀ 'ਤੇ ਜ਼ੋਰ ਪਿਆ। ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਅਸਥਾਨ ਬਾਰੇ ਸਹਿਮਤੀ ਪ੍ਰਗਟਾਉਣ 'ਤੇ ਹੀ ਸੰਨ 1986 ਵਿਚ ਗੁਰਦੁਆਰਾ ਈਸ਼ਰ ਪ੍ਰਕਾਸ਼ ਹੋਂਦ ਵਿਚ ਆਇਆ। ਗੁਰਸਿੱਖੀ ਦਾ ਕੇਂਦਰ ਸਥਾਪਿਤ ਹੋਇਆ। ਗੁਰਮਤਿ ਪ੍ਰਚਾਰ ਨੂੰ ਹੋਰ ਵਡੋਤਰੀ ਮਿਲੀ। ਸ੍ਰੀ ਅਖੰਡਪਾਠ ਸਾਹਿਬ ਦੀ ਲੜੀ, ਮੂਲਮੰਤ੍ਰ, ਗੁਰਮੰਤ੍ਰ ਦਾ ਜਾਪ ਆਰੰਭ ਹੋਇਆ। ਇਕਾਂਤ ਥਾਂ ਤੇ ਟੋਏ ਟਿੱਬਿਆਂ ਨੂੰ ਪੱਧਰਾ ਕਰਕੇ ਜੰਗਲ ਵਿਚ ਮੰਗਲ ਲਗਣੇ ਸ਼ੁਰੂ ਹੋਏ -

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ ॥* *ਅੰਗ- ੪੫੦*

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਅੰਗ- ੩੧੯*

ਇਹ ਬੀਆਬਾਨ ਧਰਤੀ ਰਤਵਾੜਾ ਸਾਹਿਬ ਦੇ ਨਾਂ ਤੇ ਪ੍ਰਸਿੱਧ ਹੋਈ। ਭਾਵੇਂ ਇਸ ਦਾ ਜ਼ਿਆਦਾ ਮੌਜਾ ਨਗਰ ਚਾਹੜਮਾਜਰਾ ਵਿਚ ਪੈਂਦਾ ਹੈ। ਪਰ ਸ਼ੁਰੂ ਵਿਚ ਰਤਵਾੜਾ ਨਗਰ ਦੇ ਪ੍ਰੇਮੀਆਂ ਵਲੋਂ ਕੁਝ ਜ਼ਮੀਨ ਦਾਨ ਦੇਣ ਕਰਕੇ ਰਤਵਾੜਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

**ਗੁਰਮਤਿ ਪ੍ਰਚਾਰ ਤੇ ਪਰਉਪਕਾਰ ਦਾ ਕੇਂਦਰ -** ਚੰਡੀਗੜ੍ਹ ਨੇੜੇ ਮਾਨੋਂ ਗੁਰਮਤਿ ਪ੍ਰਚਾਰ ਦਾ ਸੋਮਾ ਆਰੰਭ ਹੋਇਆ। ਸੇਵਾ ਤੇ ਸਿਮਰਨ ਦੇ ਕੁੰਭ ਚਲ ਪਏ। ਹਰ ਐਤਵਾਰ, ਪੂਰਨਮਾਸ਼ੀ, ਸੰਗਰਾਂਦ ਦੇ ਦੀਵਾਨਾਂ ਤੋਂ ਇਲਾਵਾ ਅਨੇਕਾਂ ਦੀਵਾਨਾਂ ਦੀ ਝੜੀ ਲੱਗਣ ਲੱਗੀ। ਐਤਵਾਰ ਦੇ ਦੀਵਾਨ ਭਾਵੇਂ ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ ਦੇ ਸਾਮ੍ਹਣੇ ਖੁਲ੍ਹੇ ਮੈਦਾਨ ਵਿਚ ਸ਼ਾਮਿਆਨੇ ਲਗਾ ਕੇ ਮੁਹਾਲੀ ਵਿਖੇ ਲਗਦੇ ਸਨ। ਚੰਡੀਗੜ੍ਹ ਸੈਕਟਰ 19, 34,, 22 ਕਈ ਗੁਰਦਵਾਰਾ ਸਾਹਿਬ ਵਿਚ ਵੀ ਦੀਵਾਨ ਲਗਦੇ। ਸਾਲਾਨਾ ਸੰਤ ਸਮਾਗਮਾਂ ਦੀ ਆਰੰਭਤਾ ਸੰਨ 1990 ਤੋਂ ਰਤਵਾੜਾ ਸਾਹਿਬ ਸ਼ੁਰੂ ਹੋਈ। ਅਨੇਕਾਂ ਸੰਗਤਾਂ ਦੀ ਸ਼ਿਰਕਤ ਆਪਣੀ ਮਿਸਾਲ ਆਪ ਸੀ। ਲੱਖਾਂ ਪ੍ਰੇਮੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੇ। ਇਸ ਤੋਂ ਇਲਾਵਾ ਮਿਸ਼ਨ ਦੇ ਜੱਥਿਆਂ ਵਲੋਂ ਆਲੇ-ਦੁਆਲੇ ਵੀ ਦੀਵਾਨ ਸਜਾਏ। ਜਿਸ ਵਿਚ ਵਿਸ਼ੇਸ਼ ਕਰਕੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਵਲੋਂ ਪੂਰੇ ਪੰਜਾਬ ਭਰ ਹਿਮਾਚਲ, ਹਰਿਆਣਾ, ਦਿੱਲੀ, ਯੂ.ਪੀ., ਬੰਬੇ, ਕਲਕੱਤੇ, ਅਸਾਮ ਆਦਿ ਥਾਵਾਂ 'ਤੇ ਜਾ ਕੇ ਧਾਰਮਿਕ ਦੀਵਾਨ ਸਜਦੇ ਰਹੇ। ਸਮੇਂ-ਸਮੇਂ ਸ੍ਰੀ ਮਾਨ ਜੀ ਕਰਨੈਲ ਸਿੰਘ, ਬਾਬਾ ਹਰਪਾਲ ਸਿੰਘ ਜੀ ਤੇ ਹੋਰ ਸਿੰਘਾਂ ਨੇ ਵੀ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ। ਜੋ ਕਿ ਅੱਜ ਤੱਕ ਸਾਰੇ ਸੇਵਕ ਨਿਸ਼ਕਾਮ ਸੇਵਾਵਾਂ ਨਿਭਾ ਰਹੇ ਹਨ।

**ਸਵਾਮੀ ਰਾਮ ਜੀ ਦਾ ਮਿਲਣ ਆਉਣਾ -** ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ ਦੇਹਰਾਦੂਨ ਤੋਂ ਵਿਸ਼ੇਸ਼ ਤੌਰ 'ਤੇ ਆਪ ਜੀ ਦੀ ਮਹਿਮਾ ਸੁਣ ਕੇ ਪਹੁੰਚੇ। ਅਗੰਮੀ ਬਚਨ ਹੋਏ, ਮਿਲਣ ਤੋਂ ਪਹਿਲਾਂ ਸਵਾਮੀ ਜੀ ਨੇ ਬਚਨ ਕੀਤਾ 'ਹਮ ਗਲੇ ਤਕ ਭਰੇ ਹੂਏ ਹੈ ਦਿਲ ਕਰਤਾ ਹੈ ਸਰੀਰ ਛੋੜ ਦੇਂ।' ਮਹਾਂਪੁਰਸ਼ਾਂ ਨੇ ਜੀਅ ਦਾਨ ਦੇ ਬਚਨ ਕੀਤੇ, ਗੁਰਮਤਿ ਦੀ ਸੋਝੀ ਕਰਾਈ ਤੇ ਪਿਆਰ ਵਿਚ ਸ਼ਰਸਾਰ ਹੋ ਕੇ ਸਵਾਮੀ ਰਾਮ ਜੀ ਨੇ ਬਚਨ ਕੀਤਾ ਕਿ ਯੇ ਤੋਂ ਪਿਆਰ ਕਾ ਸਾਗਰ ਹੈਂ, ਔਰ ਗਿਆਨ ਸੇ ਸ਼ਰਸ਼ਾਰ ਲਬਾਲਬ ਭਰੇ ਹੂਏ ਹੈਂ। ਉਨ੍ਹਾਂ ਨੂੰ ਬਚਨ ਸੁਣ ਕੇ ਤ੍ਰਿਪਤੀ ਹੋਈ। ਦੇਹਰਾਦੂਨ ਜੌਲੀ ਗ੍ਰਾਂਟ ਵਿਖੇ ਹਸਪਤਾਲ ਦਾ ਸ਼ਿਲਾ ਨਿਆਸ ਪਿਆਰੇ ਮਹਾਂਪੁਰਸ਼ਾਂ ਦੇ ਕਰ ਕਮਲਾਂ ਨਾਲ ਸਵਾਮੀ ਰਾਮ ਜੀ ਨੇ ਰਖਵਾਇਆ।

**ਤਿਆਗ ਤੇ ਪਕੜ - ਫਿਲਮਾਂ ਰਾਹੀਂ ਪ੍ਰਚਾਰ ਕਰਨ ਦੇ ਅਗੰਮੀ ਬਚਨ -** ਕਿਸੇ ਸਮੇਂ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਆਪ ਜੀ ਨੂੰ ਬਚਨ ਕੀਤਾ ਕਿ ਤੁਸੀਂ ਧਾਰਮਿਕ ਫਿਲਮਾਂ ਬਣਾ ਕੇ ਪ੍ਰਚਾਰ ਕਰਿਉ। ਗੱਡੀ ਲੈ ਲਓ, ਮਾਇਆ ਲੈ ਲਓ ਪਰ ਆਪ ਜੀ ਨੇ ਕਿਹਾ ਕਿ ਮੇਰੀ ਕਮਾਈ ਵਿਚ ਹੀ ਬਰਕਤ

ਪਾਉ। ਇਸ ਤਿਆਗ ਬ੍ਰਿਤੀ ਪ੍ਰਤੀ ਸੰਤ ਮਹਾਰਾਜ ਨੇ ਆਪਣੀ ਨਿਜੀ ਡਾਇਰੀ ਵਿਚ ਇਨ੍ਹਾਂ ਦੇ ਤਿਆਗ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਲਿਖਿਆ ਕਿ ਕਈ ਪਕੜ ਬਿਰਤੀ ਦੇ ਹੁੰਦੇ ਹਨ ਪਰ ਇਨ੍ਹਾਂ ਨੇ ਮਾਇਆ ਨਹੀਂ ਲਈ। ਸੋ ਉਨ੍ਹਾਂ ਦੀ ਅਸੀਸ ਸਦਕਾ ਆਪ ਜੀਆਂ ਨੇ ਕੀਰਤਨ ਦੀਆਂ ਫਿਲਮਾਂ ਬਣਾਈਆਂ। ਅੱਜ ਸੀਡੀਆਂ ਦੇ ਰੂਪ ਵਿਚ ਉਪਲੱਬਧ ਹਨ। ਸ਼ੋਸ਼ਲ ਮੀਡੀਏ ਤੇ ਉਨ੍ਹਾਂ ਅਗੰਮੀ ਕੀਤੇ ਬਚਨਾਂ ਦਾ ਸਾਕਾਰ ਅੱਜ ਹੋ ਰਿਹਾ ਹੈ। ਮਹਾਂਪੁਰਸ਼ਾਂ ਦੇ ਫਿਲਮਾਂ ਦੇ ਰੂਪ ਵਿਚ ਸਾਂਭੇ ਕੀਰਤਨ ਦੀਵਾਨ ਅੱਜ ਸੰਸਾਰ ਭਰ ਦੇ ਕੋਨੇ-ਕੋਨੇ 'ਚ ਬੈਠਾ ਜਗਿਆਸੂ ਇੰਟਰਨੈਟ ਮੀਡੀਏ ਰਾਹੀਂ ਪੜ੍ਹ ਸੁਣ ਸਕਦਾ ਹੈ। ਹਰ ਦੀਵਾਨ ਗੁਰਮਤਿ ਦੇ ਸਿਧਾਂਤ ਦੀ ਰੂਪਮਾਨਤਾ ਕਰਦਾ ਹੈ।

**'ਆਤਮ ਮਾਰਗ' ਮੈਗਜ਼ੀਨ ਤੇ ਹੋਰ ਰੂਹਾਨੀ ਪੁਸਤਕਾਂ -** ਸਾਹਿਤਕ ਖੇਤਰ ਵਿਚ ਆਪ ਜੀ ਨੇ ਸਭ ਤੋਂ ਪਹਿਲਾਂ ਸੁਰਤਿ ਸ਼ਬਦ ਮਾਰਗ' ਪੁਸਤਕ ਦੀ ਪ੍ਰਕਾਸ਼ਨਾ ਕੀਤੀ। ਫਿਰ ਵੈਸਾਖੀ 1995 ਵਿਚ ਰੂਹਾਨੀ ਰੰਗਾਂ ਵਿਚ ਭਰਪੂਰ 'ਆਤਮ ਮਾਰਗ' ਮੈਗਜ਼ੀਨ ਆਰੰਭ ਕੀਤਾ। ਅੱਜ 100 ਦੇ ਕਰੀਬ ਪੁਸਤਕਾਂ ਤੇ ਆਤਮ ਮਾਰਗ ਮੈਗਜ਼ੀਨ ਜਗਿਆਸੂ ਜਨਾਂ ਨੂੰ ਰੂਹਾਨੀ ਸੇਧ ਬਖਸ਼ ਰਿਹਾ ਹੈ। ਅਨੇਕਾਂ ਪ੍ਰਾਣੀ ਇਸ ਦੀ ਸੇਵਾ ਵਿਚ ਲੱਗੇ ਹੋਏ ਹਨ। ਇਸ ਨੂੰ ਵੰਡਣ ਤੇ ਰੀਨੀਊਲ ਕਰਨ ਦੀ ਸੇਵਾ ਨਿਭਾ ਰਹੇ ਹਨ। ਸਤਿਗੁਰੂ ਸਾਰਿਆਂ ਨੂੰ ਚੜ੍ਹਦੀ ਕਲਾ ਬਖਸ਼ਣ।

**ਮੌਜੂਦਾ ਅਦਾਰੇ ਤੇ ਲੋਕ ਭਲਾਈ ਦੇ ਕਾਰਜ -** ਪਿਆਰੇ ਮਹਾਂਪੁਰਸ਼ਾਂ ਦੀ ਪਰਪਾਟੀ ਨੂੰ ਅੱਗੇ ਤੋਰਦਿਆਂ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸ੍ਰੀ ਮਾਨ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਸਮੂੰਹ ਟਰੱਸਟ ਮੈਂਬਰਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਦੋ ਸਕੂਲ, ਦੋ ਕਾਲਜ, ਇਕ ਫਰੀ ਸਿਲਾਈ ਸੈਂਟਰ, ਇਕ ਬਿਰਧ ਆਸ਼ਰਮ ਤੇ ਇਕ ਫਰੀ ਹਸਪਤਾਲ ਤੇ ਸ਼ਬਦ ਲੰਗਰ ਦੇ ਰੂਪ ਵਿਚ 'ਆਤਮ ਮਾਰਗ' ਮੈਗਜ਼ੀਨ, ਗੁਰੂ ਕੇ ਲੰਗਰ, ਇੰਟਰਨੈਟ ਮੀਡੀਏ ਰਾਹੀਂ ਗੁਰਮਤਿ ਪ੍ਰਚਾਰ ਇਤਿਆਦਿਕ ਪਰਉਪਕਾਰੀ ਕਾਰਜ ਚਲ ਰਹੇ ਹਨ। ਇਹ ਸਾਰਾ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਸਦਕਾ, ਪਿਆਰੇ ਮਹਾਂਪੁਰਸ਼ਾਂ ਤੇ ਸਤਿਕਾਰਯੋਗ ਬੀਜੀ ਦੀ ਅਸੀਸ ਸਦਕਾ ਸੰਭਵ ਹੈ। ਗੁਰੂ ਕ੍ਰਿਪਾ ਕਰੇ ਸਭਨਾਂ ਨੂੰ ਆਪਣਾ ਪਿਆਰ ਤੇ ਮਹਾਂਪੁਰਸ਼ਾਂ ਦੇ ਬਚਨਾਂ ਤੇ ਪਹਿਰਾ ਦੇਣ ਦਾ ਬਲ, ਪਿਆਰ ਅਤੇ ਉਦਮ ਪ੍ਰਾਪਤ ਹੋਵੇ ਜੀ।

**ਗੁਰਮਤਿ ਪ੍ਰਚਾਰ ਤੇ ਪਰਉਪਕਾਰਾਂ ਦੀ ਨਿਰੰਤਰਤਾ -** ਕਿਸੇ ਵੀ ਕਾਰਜ ਦੀ ਆਰੰਭਤਾ ਤਾਂ ਵਡਮੁੱਲੀ ਹੁੰਦੀ ਹੀ ਹੈ ਪਰ ਉਨ੍ਹਾਂ ਕਾਰਜਾਂ ਦੀ ਗਤੀਸ਼ੀਲਤਾ ਬਣੀ ਰਹਿਣੀ ਵੀ ਸਮੇਂ ਦੀ ਅਤੀ ਲੋੜ ਹੁੰਦੀ ਹੈ। ਮਹਾਂਪੁਰਸ਼ਾਂ ਵਲੋਂ ਚਲਾਏ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਦੀ ਆਰੰਭਤਾ ਤਾਂ ਵੱਡਮੁੱਲੀ ਹੈ ਹੀ ਪਰ ਅਜੋਕੇ ਸਮੇਂ ਵਿਚ ਇਸ ਚਲ ਰਹੀ ਪਰਪਾਟੀ ਨੂੰ ਸੰਭਾਲਣ ਤੇ ਗਤੀਸ਼ੀਲ ਰੱਖਣ ਲਈ ਯੋਗ ਆਗੂ ਦੀ ਜ਼ਰੂਰਤ ਹੁੰਦੀ ਹੈ। ਇਸ ਪ੍ਰਥਾਇ ਮਹਾਂਪੁਰਸ਼ਾਂ ਨੇ ਆਪਣੇ ਅੰਨਿਨ ਸੇਵਕ ਦੇਖੇ ਪਰਖੇ, ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ ਇਹ ਸਮੁੱਚੇ ਟਰੱਸਟ ਦੀ ਸੇਵਾ ਸੰਭਾਲਦੇ ਹੋਏ ਆਪ 31 ਅਕਤੂਬਰ 2001 ਨੂੰ ਪੰਜ ਭੂਤਕ ਸਰੀਰ ਦਾ ਤਿਆਗ ਕਰਦੇ ਹੋਏ ਸਦਾ ਲਈ ਪ੍ਰਮੇਸ਼ਰ ਵਿਚ ਅਭੇਦ ਹੋ ਗਏ, ਲੀਨ ਹੋ ਗਏ। ਅੱਜ ਉਹ ਨਿਰਗੁਣ ਰੂਪ ਰਾਹੀਂ ਸੰਗਤਾਂ ਰਾਹੀਂ, ਆਪ ਦੇ ਥਾਪੇ ਗਏ ਸੇਵਕ ਰਾਹੀਂ ਸੰਗਤਾਂ ਨੂੰ ਨਾਮ-ਬਾਣੀ ਨਾਲ ਸ਼ਰਸ਼ਾਰ ਕਰ ਰਹੇ ਹਨ। ਰਤਵਾੜਾ ਸਾਹਿਬ ਵਿਚ ਇਕ ਨਹੀਂ 7-8 ਅਦਾਰੇ ਉਨ੍ਹਾਂ ਦੇ ਪ੍ਰਵਚਨਾਂ ਅਨੁਸਾਰ ਚੜ੍ਹਦੀ ਕਲਾ ਵਿਚ ਸੰਗਤਾਂ ਦੀਆਂ ਸੇਵਾਵਾਂ ਨਿਭਾ ਰਹੇ ਹਨ। ਆਪ ਜੀਆਂ ਦੇ ਸਮੁੱਚੇ ਜੀਵਨ ਨੂੰ ਕਲਮ ਅੱਖਰਾਂ ਦੇ ਰੂਪ ਨਹੀਂ ਦੇ ਸਕਦੀ। ਆਪ ਜੀ ਦੀ ਸਮਾਜ ਨੂੰ ਵਡਮੁੱਲੀ ਦੇਣ ਹੈ। ਸਮਾਜਿਕ ਖੇਤਰ, ਧਾਰਮਿਕ ਖੇਤਰ, ਸਾਹਿਤਕ ਖੇਤਰ ਤੇ ਵਿਦਿਅਕ ਖੇਤਰ ਦੀ ਦੇਣ ਸਮਾਜ ਲਈ ਸਦਾ ਹੀ ਵਰਦਾਨ ਸਿੱਧ ਹੋ ਰਹੀ ਹੈ। ਇਹ ਸਭ ਕੁਝ ਸਤਿਗੁਰਾਂ ਦੀ ਕ੍ਰਿਪਾ ਸਦਕਾ ਹੀ ਹੋ ਰਿਹਾ ਹੈ। ਉਸ ਇਲਾਹੀ ਨੂਰ ਵਿਚ ਆਪ ਜੀ ਸ਼ਰਸ਼ਾਰ ਹੋਏ ਤੇ ਉਸ ਦਾ ਨੂਰਾਨੀ ਨੂਰ ਬਣ ਗਏ। ਨੂਰਾਨੀ ਨੂਰ ਬਣ ਕੇ ਸੰਗਤਾਂ, ਲੋਕਾਈ ਨੂੰ ਉਸ ਦੇ ਨੂਰ ਵਿਚ ਸਰਸ਼ਾਰ ਕੀਤਾ। ਉਸ ਨੂਰ ਨੂੰ ਵੰਡਣਾ ਕੀਤਾ। ਅੱਜ ਵੀ ਲੱਖਾਂ ਪ੍ਰੇਮੀ ਆਪ ਜੀ ਦੇ ਪਿਆਰ, ਵੈਰਾਗ ਵਿਚ ਨੂਰੋ ਨੂਰ ਹੋਏ ਹਨ। ਦਾਸ ਤੇ ਵੀ ਇਸ ਰਹਿਮਤ ਦਾ ਕਿਣਕਾ ਭੁੰਝਣ ਦਾ ਅਵਸਰ ਪ੍ਰਾਪਤ ਹੋਇਆ ਹੈ। ਕੁਝ ਸ਼ਬਦ ਆਪ ਜੀ ਨਾਲ ਸਾਂਝੇ ਕੀਤੇ।

*ਕਬੀਰ ਸਾਤ ਸਮੁੰਦਹਿ ਮਸੁ ਕਰਉ*
*ਕਲਮ ਕਰਉ ਬਨਰਾਇ॥*
*ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥*
*ਅੰਗ- ੧੩੬੮*

ਅਨੁਸਾਰ ਪ੍ਰਮੇਸ਼ਰ ਵਾਹਿਗੁਰੂ ਦੀ ਸਿਫਤ ਸਲਾਹ ਬਿਆਨ ਕਰਨੀ ਅਸੰਭਵ ਹੈ। ਇਸੇ ਤਰ੍ਹਾਂ ਰੱਬ ਦੇ ਪਿਆਰਿਆਂ ਦੀ ਘਾਲਣਾ ਕਮਾਈ ਤੇ ਜੀਵਨ ਬਿਆਨ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਬਾਤ ਹੈ।

ਭੁੱਲਾਂ ਚੁੱਕਾਂ ਦੀ ਖਿਮਾ।

*ਦਾਸਰਾ*

***ਭਾਈ (ਡਾ.) ਸੁਖਵਿੰਦਰ ਸਿੰਘ***

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-53)*

**ਸਿਰੀਰਾਗੁ ਮਹਲਾ ੫**
**ਰਸਨਾ ਸਚਾ ਸਿਮਰੀਐ**
**ਮਨੁ ਤਨੁ ਨਿਰਮਲੁ ਹੋਇ॥**

ਹੇ ਭਾਈ! ਰਸਨਾ=ਜੀਭਾ ਕਰਕੇ ਉਸ ਸੱਚੇ ਪਰਮਾਤਮਾ ਦਾ ਸਦਾ ਸਿਮਰਨ ਕਰੀਏ ਵਾ: ਯਾਦ ਕਰੀਏ। (ਰਸ ਲੈਣ ਕਰਕੇ ਰਸਨਾ 'ਤੇ ਬੋਲਣ ਕਰਕੇ ਜੀਭਾ ਕਹੀ ਜਾਂਦੀ ਹੈ) ਜੀਭ ਕਰਕੇ ਜਾਪ ਕਰੀਏ ਤੇ ਮਨ ਕਰਕੇ ਸਿਮਰੀਏ, ਜਿਸ ਨਾਲ ਮਨ ਤੇ ਤਨ ਨਿਰਮਲ=ਮੈਲ ਰਹਿਤ ਵਾ: ਸ਼ੁੱਧ ਹੋਇ=ਹੋ ਜਾਵੇਗਾ।

**ਮਾਤ ਪਿਤਾ ਸਾਕ ਅਗਲੇ**
**ਤਿਸੁ ਬਿਨੁ ਅਵਰੁ ਨ ਕੋਇ॥**

ਜੋ ਵੀ ਮਾਤਾ, ਪਿਤਾ ਸਾਕ=ਰਿਸ਼ਤੇਦਾਰ ਅਗਲੇ=ਬਹੁਤੇ ਹਨ ਵਾ: ਜੋ ਅਗਲੇ=ਅਨਾਦਿ ਕਾਲ ਦੇ ਪੁਰਾਣੇ ਸਾਕ-ਸਬੰਧੀ ਹਨ ਪਰ ਤਿਸੁ=ਉਸ ਪ੍ਰਭੂ ਤੋਂ ਬਿਨਾਂ ਕੋਈ ਵੀ ਹੋਰ ਸਾਕ-ਸਬੰਧੀ ਸਹਾਇਕ ਨਹੀਂ ਹੈ, ਭਾਵ ਜਦੋਂ ਮਾਲਕ ਜੋਤ ਖਿੱਚ ਲੈਂਦਾ ਹੈ ਤਾਂ ਸਾਰੇ ਹੀ ਤਿਣਕੇ ਤੋੜ ਕੇ ਸਾਕ ਨਾਤੇ ਖਤਮ ਕਰ ਦਿੰਦੇ ਹਨ।

**ਮਿਹਰ ਕਰੇ ਜੇ ਆਪਣੀ**
**ਚਸਾ ਨ ਵਿਸਰੈ ਸੋਇ॥੧॥**

ਜੇਕਰ ਉਹ ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰ ਦੇਵੇ ਤਾਂ ਸੋਇ=ਉਹ ਪ੍ਰਭੂ ਇਕ ਚਸਾ ਮਾਤਰ ਸਮੇਂ ਲਈ ਵੀ ਨਹੀਂ ਵਿਸਰੈ=ਭੁੱਲਦਾ। (ਚਸਾ=ਪੰਦਰਾਂ ਵਾਰੀ ਅੱਖ ਫਰਕੀਏ ਤਾਂ ਇਕ ਵਿਸਵਾ ਹੁੰਦਾ ਹੈ ਤੇ ਪੰਦਰਾ ਵਿਸਿਆਂ ਦਾ ਇਕ ਚਸਾ ਹੁੰਦਾ ਹੈ, ਭਾਵ ਥੋੜ੍ਹਾ ਜਿਹਾ ਸਮਾਂ। 30 ਚਸਿਆਂ ਦਾ ਇਕ ਪਲ ਤੇ 60 ਪਲਾਂ ਦੀ ਇਕ ਘੜੀ ਹੁੰਦੀ ਹੈ -

**ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ॥**

ਹੇ ਮੇਰੇ ਮਨ! ਜਿਚਰੁ=ਜਿੰਨਾ ਚਿਰ ਤੇਰੇ ਸਾਸੁ=ਸਵਾਸ ਚਲਦੇ ਹਨ, ਉਦੋਂ ਤਕ ਸੱਚੇ ਮਾਲਕ ਨੂੰ ਸੇਵਿ=ਸੇਵਨਾ ਕਰ, ਭਾਵ ਯਾਦ ਕਰ।

**ਬਿਨੁ ਸਚੇ ਸਭ ਕੂੜੁ ਹੈ**
**ਅੰਤੇ ਹੋਇ ਬਿਨਾਸੁ॥੧॥ਰਹਾਉ॥**

ਹੇ ਭਾਈ! ਬਿਨਾਂ ਸਚੇ=ਪਰਮਾਤਮਾ ਤੋਂ ਹੋਰ ਸਭ ਕੁਝ ਕੂੜੁ=ਝੂਠ ਹੀ ਹੈ ਅਤੇ ਅੰਤ ਨੂੰ ਇਸ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਬਿਨਾਸੁ=ਨਾਸ ਹੋਣ ਵਾਲੀਆਂ ਹਨ।

**ਸਾਹਿਬੁ ਮੇਰਾ ਨਿਰਮਲਾ**
**ਤਿਸੁ ਬਿਨੁ ਰਹਣੁ ਨ ਜਾਇ॥**

ਮੇਰਾ ਸਾਹਿਬੁ=ਮਾਲਕ ਨਿਰਮਲਾ=ਮਾਇਆ ਦੀ ਮੈਲ ਤੋਂ ਰਹਿਤ ਵਾ: ਉਜਲ ਸਰੂਪ ਹੈ, ਭਾਵ ਉਸ ਨੂੰ ਸੰਸਾਰ ਦੀ ਲੇਸ ਮਾਤਰ ਵੀ ਮੈਲ ਨਹੀਂ ਵਿਆਪਦੀ, ਉਸ ਤੋਂ ਬਿਨਾਂ ਰਿਹਾ ਨਹੀਂ ਜਾਂਦਾ।

**ਮੇਰੈ ਮਨਿ ਤਨਿ ਭੁਖ ਅਤਿ ਅਗਲੀ**
**ਕੋਈ ਆਣਿ ਮਿਲਾਵੈ ਮਾਇ॥**

ਮੇਰੇ ਮਨ ਅਤੇ ਤਨ ਵਿਚ ਉਸ ਨੂੰ ਮਿਲਣ ਦੀ ਅਤਿ ਅਗਲੀ=ਬਹੁਤ ਜ਼ਿਆਦਾ ਭੁਖ=ਛੁਧਾ ਲੱਗੀ ਹੋਈ ਹੈ। ਹੇ ਮਾਇ=ਮਹਾਤਮਾ ਰੂਪ ਸਖੀਓ। ਕੋਈ ਆਣਿ=ਆ ਕੇ ਉਸ ਮਾਲਕ ਨਾਲ ਮੈਨੂੰ ਮਿਲਾ ਦਿਓ।

**ਚਾਰੇ ਕੁੰਡਾ ਭਾਲੀਆ**
**ਸਹ ਬਿਨੁ ਅਵਰੁ ਨ ਜਾਇ॥੨॥**

ਮੈਂ ਚਾਰੇ ਦਿਸ਼ਾਵਾਂ ਵਾ: ਚਾਰੇ ਖਾਣੀਆਂ ਵਾ: ਅੰਤਹਕਰਣ ਦੇ ਚਾਰੇ ਭੇਦ (ਮਨ, ਬੁੱਧ, ਚਿਤ ਤੇ ਅਹੰਕਾਰ) ਨੂੰ ਵੀ ਭਾਲੀਆ=ਖੋਜ ਲਿਆ ਹੈ ਭਾਵ ਦੇਖ ਲਿਆ ਹੈ, ਪਰ ਉਸ ਸਹ=ਪਤੀ ਪਰਮੇਸ਼ਰ ਤੋਂ ਬਿਨਾਂ ਸਦਾ ਰਹਿਣ ਵਾਲੀ ਅਵਰੁ=ਹੋਰ ਕੋਈ ਜਾਇ=ਜਗ੍ਹਾ ਨਹੀਂ ਹੈ।

**ਤਿਸੁ ਆਗੈ ਅਰਦਾਸਿ ਕਰਿ**
**ਜੋ ਮੇਲੇ ਕਰਤਾਰੁ॥**

ਉਸ ਸਤਿਗੁਰੂ ਜੀ ਅੱਗੇ ਅਰਦਾਸਿ=ਬੇਨਤੀ ਕਰੀਏ, ਜੋ ਕਰਤਾਰੁ=ਕਰਤਾ ਪੁਰਖ ਵਾਹਿਗੁਰੂ ਨੂੰ ਮੇਲੇ=ਮਿਲਾਉਣ ਵਾਲੇ ਹਨ।

**ਸਤਿਗੁਰੁ ਦਾਤਾ ਨਾਮ ਕਾ**
**ਪੂਰਾ ਜਿਸੁ ਭੰਡਾਰੁ॥**

ਨਾਮ ਕਾ=ਦਾ ਦਾਤਾ ਸਤਿਗੁਰੂ ਹੈ, ਭਾਵ ਨਾਮ ਦੀ ਦਾਤ ਕੇਵਲ ਸਤਿਗੁਰੂ ਜੀ ਹੀ ਬਖਸ਼ਦੇ ਹਨ। ਜਿਸ ਦਾ ਹਿਰਦਾ ਰੂਪੀ ਭੰਡਾਰੁ=ਖਜ਼ਾਨਾ ਨਾਮ ਵਾ: ਸ਼ੁਭ ਗੁਣਾਂ ਨਾਲ ਪੂਰਾ=ਲਬਾਲਬ ਭਰਿਆ ਹੋਇਆ ਹੈ।

**ਸਦਾ ਸਦਾ ਸਾਲਾਹੀਐ**
**ਅੰਤੁ ਨ ਪਾਰਾਵਾਰੁ॥੩॥**

ਹੇ ਭਾਈ! ਸਦਾ ਸਦਾ=ਹਮੇਸ਼ਾ-ਹਮੇਸ਼ਾ ਹੀ ਉਸ ਵਾਹਿਗੁਰੂ ਨੂੰ ਸਤਿਗੁਰਾਂ ਦੁਆਰਾ ਸਲਾਹਣਾ ਕਰੀਏ, ਜਿਸ ਦਾ ਅੰਤ ਜਾਂ ਪਾਰਾਵਾਰੁ=ਆਰ ਉਰਾਰ ਨਹੀਂ ਪਾਇਆ

ਜਾ ਸਕਦਾ।

**ਪਰਵਦਗਾਰੁ ਸਾਲਾਹੀਐ
ਜਿਸ ਦੇ ਚਲਤ ਅਨੇਕ॥**

ਉਸ ਪਰਵਦਗਾਰੁ=ਪਾਲਣਾ ਕਰਨ ਵਾਲੇ ਪਰਮੇਸ਼ਰ ਦੀ ਸਾਲਾਹੀਐ=ਸਲਾਹੁਣਾ ਕਰੀਏ ਵਾ: ਸਿਫਤ ਕਰੀਏ ਜਿਸ ਦੇ ਅਨੇਕ ਪ੍ਰਕਾਰ ਦੇ ਚਲਤ=ਚਲਿੱਤ੍ਰ ਵਾ: ਕੌਤਕ ਹਨ।

**ਸਦਾ ਸਦਾ ਆਰਾਧੀਐ
ਏਹਾ ਮਤਿ ਵਿਸੇਖ॥**

ਹੇ ਭਾਈ! ਸਦਾ ਸਦਾ=ਹਮੇਸ਼ਾ-ਹਮੇਸ਼ਾ ਉਸ ਪ੍ਰਭੂ ਨੂੰ ਆਰਾਧੀਐ=ਯਾਦ ਕਰੀਏ। ਉਸ ਦਾ ਅਰਾਧਨ ਕਰਨ ਕਰਕੇ, ਏਹਾ=ਇਹ ਮਤਿ=ਬੁੱਧੀ ਵਿਸੇਖ=ਵਿਸ਼ੇਸ਼ ਕਰਕੇ ਆਤਮ ਵਿਸ਼ੈਣੀ ਹੋਣ ਕਾਰਨ ਰੂਪ ਵਿਚ ਵੱਡੀ ਹੋ ਜਾਂਦੀ ਹੈ।

**ਮਨਿ ਤਨਿ ਮਿਠਾ ਤਿਸੁ ਲਗੈ
ਜਿਸੁ ਮਸਤਕਿ ਨਾਨਕ ਲੇਖ॥੪॥੧੯॥੮੯॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਦੇ ਮਸਤਕਿ=ਮੱਥੇ ਉੱਤੇ ਨਿਸ਼ਕਾਮ ਕਰਮਾਂ ਦਾ ਸਦਕਾ ਚੰਗਾ ਲੇਖ ਲਿਖਿਆ ਹੋਇਆ ਹੈ, ਉਸ ਦੇ ਮਨ ਤੇ ਤਨ ਅੰਦਰ ਪ੍ਰਭੂ ਦਾ ਨਾਮ ਮਿੱਠਾ=ਪਿਆਰਾ ਲਗੈ=ਲਗਦਾ ਹੈ।

**ਸਿਰੀਰਾਗੁ ਮਹਲਾ ੫॥
ਸੰਤ ਜਨਹੁ ਮਿਲਿ ਭਾਈਹੋ
ਸਚਾ ਨਾਮੁ ਸਮਾਲਿ॥**

ਹੇ ਭਾਈ ਜਨੋ! ਤੁਸੀਂ ਸੰਤ ਜਨਹੁ=ਮਹਾਤਮਾ ਜਨਾਂ ਦੇ ਨਾਲ ਮਿਲ ਕਰਕੇ ਪ੍ਰਭੂ ਦੇ ਸੱਚੇ ਨਾਮ ਨੂੰ ਸਮਾਲਿ=ਸਮਾਲਣਾ ਕਰੋ ਅਰਥਾਤ ਸਿਮਰਨਾ ਕਰੋ।

**ਤੋਸਾ ਬੰਧਹੁ ਜੀਅ ਕਾ
ਐਥੈ ਓਥੈ ਨਾਲਿ॥**

ਆਪਣੇ ਜੀਵ ਆਤਮਾ ਲਈ ਪ੍ਰਲੋਕ ਵਾਸਤੇ ਤੋਸਾ=ਖਰਚ ਬੰਧਹੁ=ਬੰਨ੍ਹਣਾ ਕਰੋ। ਜੋ ਐਥੈ=ਇਸ ਲੋਕ ਵਿਚ ਵੀ ਤੇ ਓਥੈ=ਪਰਲੋਕ ਵਿਚ ਵੀ ਤੇਰੇ ਨਾਲ ਰਹਿਣ ਵਾਲਾ ਹੈ।

**ਗੁਰ ਪੂਰੇ ਤੇ ਪਾਈਐ
ਆਪਣੀ ਨਦਰਿ ਨਿਹਾਲਿ॥**

ਇਹ ਦਾਤ ਪੂਰੇ ਸਤਿਗੁਰਾਂ ਤੋਂ ਪਾਈਐ=ਪ੍ਰਾਪਤ ਕਰੀਦੀ ਹੈ, ਪਰ ਸਤਿਗੁਰੂ ਜੀ ਉਦੋਂ ਮਿਲਦੇ ਹਨ ਜਦੋਂ ਵਾਹਿਗੁਰੂ ਆਪਣੀ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰਕੇ ਜੀਵ ਨੂੰ ਨਿਹਾਲਿ=ਪ੍ਰਸੰਨ ਕਰ ਦੇਵੇ।

**ਕਰਮਿ ਪਰਾਪਤਿ ਤਿਸੁ ਹੋਵੈ
ਜਿਸਨੋ ਹੋਇ ਦਇਆਲੁ॥੧॥**

ਉਸ ਪੁਰਸ਼ ਨੂੰ ਇਹ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਜਿਸ ਦੇ ਪੂਰਬਲੇ ਨਿਸ਼ਕਾਮ ਕਰਮ ਹੋਣ ਅਤੇ ਨਿਸ਼ਕਾਮ ਕਰਮਾਂ ਦਾ ਸਕਦਾ ਜਿਸ 'ਤੇ ਸਤਿਗੁਰੂ ਜੀ ਦਇਆਲੁ=ਕ੍ਰਿਪਾਲੂ ਹੋਇ=ਹੋ ਜਾਣ।

**ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥**

ਹੇ ਮੇਰੇ ਮਨ! ਸਤਿਗੁਰੂ ਜੇਵਡੁ=ਜਿੱਡਾ ਕੋਇ=ਕੋਈ ਅਵਰੁ=ਹੋਰ ਗਿਆਨ ਦਾ ਦਾਤਾ ਨਹੀਂ ਹੈ।

**ਦੂਜਾ ਥਾਉ ਨ ਕੋ ਸੁਝੈ
ਗੁਰ ਮੇਲੇ ਸਚੁ ਸੋਇ॥੧॥ਰਹਾਉ॥**

ਸਤਿਗੁਰਾਂ ਤੋਂ ਬਿਨਾਂ ਕੋਈ ਦੂਸਰਾ ਥਾਉ=ਟਿਕਾਣਾ ਸੁਝੈ=ਨਜ਼ਰ ਨਹੀਂ ਆਉਂਦਾ। ਜਿਸ ਨੂੰ ਕਿਰਪਾ ਕਰਕੇ ਸਤਿਗੁਰੂ ਜੀ ਮੇਲਣ, ਸੋਇ=ਉਹੋ ਸਚੁ=ਪ੍ਰਭੂ ਨਾਲ ਮਿਲਦੇ ਹਨ।

**ਸਗਲ ਪਦਾਰਥ ਤਿਸੁ ਮਿਲੇ
ਜਿਨਿ ਗੁਰੁ ਡਿਠਾ ਜਾਇ॥**

ਤਿਸੁ=ਉਨ੍ਹਾਂ ਨੂੰ ਸਗਲ=ਸਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ) ਆਦਿ ਮਿਲ ਜਾਂਦੇ ਹਨ, ਜਿਨ੍ਹਾਂ ਨੇ ਜਾਇ=ਜਾ ਕੇ ਸਤਿਗੁਰਾਂ ਦੇ ਦਰਸ਼ਨ ਡਿਠਾ=ਦੇਖਣਾ ਕੀਤੇ ਹਨ।

**ਗੁਰ ਚਰਣੀ ਜਿਨ ਮਨੁ ਲਗਾ
ਸੇ ਵਡਭਾਗੀ ਮਾਇ॥**

ਜਿਨ੍ਹਾਂ ਦਾ ਮਨ ਹੋਰ ਸਾਰੇ ਖਿਆਲ ਛੱਡ ਕੇ ਸਤਿਗੁਰਾਂ ਦੇ ਚਰਨੀਂ ਲਗਾ=ਜੁੜ ਗਿਆ ਹੈ, ਮਾਇ=ਹੇ ਭਾਈ! ਸੇ=ਉਹ ਵਡਭਾਗੀ=ਵੱਡਿਆਂ ਭਾਗਾਂ ਵਾਲੇ ਹਨ ਵਾ: ਉਹ ਤਾਂ ਵੱਡਿਆਂ ਭਾਗਾਂ ਵਾਲੇ ਗੁਰਮੁਖ ਜਨ ਮਾਤਾ ਪਿਤਾ ਵਾਂਗ ਪੂਜਨੀਕ ਹਨ।

**ਗੁਰੁ ਦਾਤਾ ਸਮਰਥੁ ਗੁਰੁ
ਗੁਰੁ ਸਭ ਮਹਿ ਰਹਿਆ ਸਮਾਇ॥**

ਸਤਿਗੁਰੂ ਜੀ ਨਾਮ ਦੇ ਦਾਤੇ ਅਤੇ ਗੁਰੂ ਜੀ ਮੁਕਤੀ ਦੇਣ ਵਾਲੇ ਸਮਰਥੁ=ਸਰਬ ਸ਼ਕਤੀਵਾਨ ਹਨ ਅਤੇ=ਗੁਰੁ=ਸਤਿਗੁਰੂ ਜੀ ਹੀ ਜੋਤਿ ਰੂਪ ਹੋ ਕੇ ਸਾਰੇ ਖੰਡਾਂ, ਬ੍ਰਹਿਮੰਡਾਂ 'ਚ ਸਮਾਇ=ਸਮਾਅ ਭਾਵ ਵਿਆਪਕ ਹੋ ਰਹੇ ਹਨ।

**ਗੁਰੁ ਪਰਮੇਸਰੁ ਪਾਰਬ੍ਰਹਮੁ
ਗੁਰੁ ਡੁਬਦਾ ਲਏ ਤਰਾਇ॥੨॥**

ਗੁਰੂ ਸਾਹਿਬ ਜੀ ਪਰਮੇਸ਼ਰ ਤੇ ਪਾਰਬ੍ਰਹਮ ਸਰੂਪ ਹਨ ਤੇ ਸਤਿਗੁਰੂ ਜੀ ਸੰਸਾਰ ਸਮੁੰਦਰ ਵਿਚ ਡੁੱਬਦਿਆਂ ਹੋਇਆਂ ਨੂੰ ਤਰਾਇ=ਤਾਰਨ ਵਾਲੇ ਹਨ।

**ਕਿਤੁ ਮੁਖਿ ਗੁਰੁ ਸਾਲਾਹੀਐ
ਕਰਣ ਕਾਰਣ ਸਮਰਥੁ॥**

ਕਿਤੁ=ਕਿਸ ਮੁਖ ਨਾਲ ਸਤਿਗੁਰਾਂ ਦੀ ਸਾਲਾਹੀਐ= ਸਿਫਤ ਕਰੀਏ ਕਿਉਂਕਿ ਸਤਿਗੁਰੂ ਸਾਹਿਬ ਜੀ ਸਭ ਕਾਰਜਾਂ ਦੇ ਕਰਨ ਕਰਾਉਣ ਨੂੰ ਸਮਰੱਥ ਹਨ -

**ਸੇ ਮਥੇ ਨਿਹਚਲ ਰਹੇ**
**ਜਿਨ ਗੁਰਿ ਧਾਰਿਆ ਹਥੁ॥**

ਉਨ੍ਹਾਂ ਦੇ ਮੱਥੇ ਵਾ: ਅੰਤਹਕਰਣ ਨਿਹਚਲ=ਅਚੱਲ ਹੋ ਗਏ ਹਨ, ਜਿਨ੍ਹਾਂ ਉਤੇ ਸਤਿਗੁਰਾਂ ਨੇ ਕ੍ਰਿਪਾ ਰੂਪੀ ਹੱਥ ਧਾਰਿਆ=ਰੱਖਿਆ ਹੈ।

**ਗੁਰਿ ਅੰਮ੍ਰਿਤ ਨਾਮੁ ਪੀਆਲਿਆ**
**ਜਨਮ ਮਰਨ ਕਾ ਪਥੁ॥**

ਸਤਿਗੁਰਾਂ ਨੇ ਕਿਰਪਾ ਕਰਕੇ ਅੰਮ੍ਰਿਤ ਨਾਮ ਪੀਆਲਿਆ=ਪਿਲਾਇਆ ਹੈ, ਜੋ ਜਨਮ, ਮਰਨ ਤੇ ਕਾਮ, ਕ੍ਰੋਧ ਦੇ ਵਿਕਾਰਾਂ ਤੋਂ ਬਚਾਉਣ ਲਈ ਪਥੁ=ਪਰਹੇਜ਼ ਹੈ ਵਾ: ਜੋ ਸਤਿਗੁਰਾਂ ਨੇ ਅੰਮ੍ਰਿਤ ਰੂਪੀ ਨਾਮ ਪਿਲਾਇਆ ਹੈ, ਉਹ ਜਨਮ ਮਰਣ ਦੇ ਪਥੁ=ਰਸਤੇ ਨੂੰ ਰੋਕਣ ਵਾਲਾ ਹੈ।

**ਗੁਰੁ ਪਰਮੇਸਰੁ ਸੇਵਿਆ**
**ਭੈ ਭੰਜਨੁ ਦੁਖ ਲਥੁ॥੩॥**

ਜਿਨ੍ਹਾਂ ਨੇ ਗੁਰੂ ਅਕਾਲ ਪੁਰਖ ਦਾ ਸੇਵਿਆ=ਸੇਵਨ ਕੀਤਾ ਹੈ, ਉਨ੍ਹਾਂ ਦੇ ਜੰਮਣ ਮਰਣ ਦੇ ਭੈ ਨੂੰ ਸਤਿਗੁਰਾਂ ਨੇ ਭੰਜਨੁ=ਭੰਨ ਦਿਤਾ ਹੈ ਤੇ ਲੋਕ ਪਰਲੋਕ ਦੇ ਦੁਖ ਲੱਥ ਗਏ ਹਨ ਭਾਵ ਖਤਮ ਹੋ ਗਏ ਹਨ ਵਾ: ਜਿਨ੍ਹਾਂ ਨੇ ਭੈ ਭੰਜਨੁ=ਡਰਾਂ ਨੂੰ ਨਾਸ ਕਰਨ ਵਾਲੇ ਪਰਮੇਸ਼ਰ ਸਰੂਪ ਸਤਿਗੁਰੂ ਨੂੰ ਸੇਵਿਆ ਹੈ, ਉਨ੍ਹਾਂ ਦਾ ਜਨਮ ਮਰਣ ਦਾ ਦੁਖ ਲੱਥ ਗਿਆ ਭਾਵ ਖਤਮ ਹੋ ਗਿਆ।

**ਸਤਿਗੁਰੁ ਗਹਿਰ ਗਭੀਰੁ ਹੈ**
**ਸੁਖ ਸਾਗਰੁ ਅਘ ਖੰਡੁ॥**

ਹੇ ਭਾਈ! ਸਤਿਗੁਰੂ ਜੀ ਗਹਿਰ=ਗਾੜ੍ਹੇ ਵਾ: ਨਿਰਹੱਲ ਹਨ ਤੇ ਗਭੀਰੁ=ਡੂੰਘੇ ਤੋਂ ਡੂੰਘੇ ਹਨ ਅਤੇ ਸੁੱਖਾਂ ਦੇ ਸਮੁੰਦਰ ਤੇ ਅਘ ਖੰਡੁ=ਪਾਪਾਂ ਦੇ ਖੰਡਨ ਵਾਲੇ ਭਾਵ ਨਾਸ ਕਰਨੇ ਵਾਲੇ ਹਨ।

**ਜਿਨਿ ਗੁਰੁ ਸੇਵਿਆ ਆਪਣਾ**
**ਜਮਦੂਤ ਨ ਲਾਗੈ ਡੰਡੁ॥**

ਜਿਨ੍ਹਾਂ ਨੇ ਆਪਣਾ ਜਾਣ ਕੇ ਸਤਿਗੁਰਾਂ ਨੂੰ ਸੇਵਿਆ ਹੈ, ਉਨ੍ਹਾਂ ਨੂੰ ਜਮਦੂਤਾਂ ਦਾ ਡੰਡਾ ਨਹੀਂ ਲਗਦਾ ਵਾ: ਉਨ੍ਹਾ ਨੂੰ ਜਮਦੂਤਾਂ ਵਲੋਂ ਦੰਡ ਨਹੀਂ ਮਿਲਦਾ। ਜਿਸ ਸਤਿਗੁਰੂ ਨੇ ਪਾਪਾਤਮਾ ਦੀ ਚਿਖਾ ਵਲ ਦ੍ਰਿਸ਼ਟੀ ਕਰਕੇ ਜਮਦੂਤਾਂ ਤੋਂ ਬਚਾ ਲਿਆ, ਉਹ ਆਪਣੇ ਸੇਵਕਾਂ ਨੂੰ ਕਿਉਂ ਨਹੀਂ ਬਚਾਉਣਗੇ?

**ਗੁਰ ਨਾਲਿ ਤੁਲਿ ਨ ਲਗਈ**
**ਖੋਜਿ ਡਿਠਾ ਬ੍ਰਹਮੰਡੁ॥**

ਸਾਰਾ ਹੀ ਬ੍ਰਹਿਮੰਡ ਖੋਜਿ=ਢੂੰਡ ਕੇ ਡਿਠਾ=ਦੇਖਿਆ ਹੈ, ਪਰ ਸਤਿਗੁਰਾਂ ਦੀ ਤੁਲਿ=ਬਰਾਬਰੀ ਨਾਲ ਕੋਈ ਨਹੀਂ ਲਗਈ=ਲੱਗ ਸਕਦਾ ਭਾਵ ਜੇਕਰ ਗੁਰਾਂ ਨਾਲ ਕਿਸੇ ਦੀ ਤੁਲਨਾ ਕਰੀਏ ਭਾਵ ਦੇਵੀ ਦੇਵਤਾ ਆਦਿ ਕੋਈ ਵੀ ਸਤਿਗੁਰਾਂ ਦਾ ਸਾਨੀ ਨਹੀਂ ਹੈ। ਸਭ ਆਪਣੇ ਕਰਮ ਫਲ ਹੀ ਭੋਗਦੇ ਹਨ।

**ਨਾਮੁ ਨਿਧਾਨੁ ਸਤਿਗੁਰਿ ਦੀਆ**
**ਸੁਖੁ ਨਾਨਕ ਮਨ ਮਹਿ ਮੰਡੁ॥੪॥੨੦॥੯੦॥**

ਹੇ ਭਾਈ! ਸਤਿਗੁਰਾਂ ਨੇ ਕ੍ਰਿਪਾ ਕਰਕੇ ਨਾਮ ਦਾ ਨਿਧਾਨੁ=ਖਜ਼ਾਨਾ ਦੀਆ=ਦੇਣਾ ਭਾਵ ਬਖਸ਼ਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਸੁਖ ਸਰੂਪ ਵਾਹਿਗੁਰੂ ਨੂੰ ਆਪਣੇ ਮਨ ਵਿਚ ਮੰਡੁ=ਧਾਰਨ ਵਾ: ਭੂਖਸਤ ਕਰ ਲਿਆ ਹੈ ਵਾ: ਮੰਡੁ ਨਾਮ ਰਾਜਸਥਾਨੀ ਬੋਲੀ 'ਚ ਮਾਂਡੈ=ਚਿਤ੍ਰਣ ਦਾ ਹੈ ਵਾ: ਉਸ ਸੁੱਖ ਸਰੂਪ ਵਾਹਿਗੁਰੂ ਦੇ ਨਾਮ ਨੂੰ ਆਪਣੇ ਮਨ ਵਿਚ ਮੰਡੁ=ਮਾਂਡਨਾ ਕਰੀਏ ਭਾਵ ਚਿਤ੍ਰਨਾ ਕਰੀਏ।

*'ਚਲਦਾ....।'*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

Mobile No. 94172-14379

# ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ
## (ਸਤਿਕਾਰਯੋਗ ਬੀਜੀ ਮਾਤਾ ਰਣਜੀਤ ਕੌਰ ਜੀ ਦੀ ਯਾਦ ਨੂੰ ਸਮਰਪਿਤ)

ਵਿਰਸੇ ਅਤੇ ਵਿਰਾਸਤ ਵਿਚ ਹੀ ਭਵਿੱਖਤ ਪੈੜਾਂ ਹੁੰਦੀਆਂ ਹਨ। ਸਾਡਾ ਸ਼ਾਨਾ ਮੱਤੀ ਇਤਿਹਾਸ ਗੌਰਵਮਈ ਇਤਿਹਾਸ ਹੈ। ਇਕ ਅਮੀਰ ਵਿਰਸੇ ਨਾਲ ਸਾਡਾ ਸਬੰਧ ਹੈ। ''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ।'' ਜਿਥੇ ਸਿੰਘਾਂ ਦਾ ਜ਼ਿਕਰ ਹੈ, ਨਾਲ ਹੀ ਸਿੰਘਣੀਆਂ ਦਾ ਵੀ ਹੈ। ਅਰਦਾਸ ਵਿਚ ਜਦੋਂ ਇਹ ਬੰਦ ਆਉਂਦਾ ਹੈ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਘਰ ਵਿਚ ਇਸਤ੍ਰੀ ਦਾ ਸਥਾਨ ਸਾਵਾਂ ਤੇ ਕਿਸੇ ਹੱਦ ਤੱਕ ਨਿਵੇਕਲਾ ਹੈ। ਗੁਰੂ ਘਰ ਵਿਚ ਜਿਥੇ ਹੋਰ ਹਰ ਤਰ੍ਹਾਂ ਦੇ ਵਿਤਕਰਿਆਂ ਵਿਰੁੱਧ ਆਵਾਜ਼ ਉਠਾਈ ਗਈ, ਉਥੇ ਨਾਲੋ-ਨਾਲ ਇਸਤ੍ਰੀ ਨੂੰ ਵੀ ਸਤਿਕਾਰ ਦਾ ਦਰਜਾ ਦਿਤਾ ਗਿਆ-

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*ਅੰਗ - ੪੭੩*

ਗੁਰੂ ਕਾਲ ਵਿਚ ਮਾਤਾ ਤ੍ਰਿਪਤਾ ਦੀ ਗੋਦ ਨੂੰ ਭਾਗ ਲੱਗੇ ਮਾਂ ਰੂਪ ਵਿਚ, ਦਾਈ ਦੌਲਤਾਂ ਨੂੰ ਅਗਮ ਨਿਗਮ ਦੀ ਸੋਝੀ ਕਰਾਉਣੀ, ਸਾਰੀਆਂ ਮਾਨਸਿਕ ਭੁੱਖਾਂ ਤੋਂ ਨਿਜਾਤ ਦਿਵਾਉਣੀ, ਦਰਸ਼ਨਾਂ ਦੇ ਝਲਕਾਰੇ ਨਾਲ ਮੁਸਕਰਾ ਕੇ ਦਰਸ਼ਨ ਦੇਣੇ, ਹੱਸਦੇ-ਹੱਸਦੇ ਗਰੀਬ ਦੌਲਤਾਂ ਨੂੰ ਸਦੀਵੀ ਆਤਮਿਕ ਅਮੀਰੀ ਬਖਸ਼ ਦੇਣੀ, ਦੌਲਤਾਂ ਨੂੰ ਦੌਲਤਵੰਦ ਬਣਾ ਦੇਣਾ। ਸੱਚੀ-ਸੁੱਚੀ ਰੂਹਾਨੀਅਤ, ਨਾ ਮਿਟਣ ਵਾਲੀ, ਨਾ ਖਤਮ ਹੋਣ ਵਾਲੀ, ਨਾਮ ਖੁਮਾਰੀ, ਦਿਨ ਰਾਤ ਚੜ੍ਹੀ ਰਹਿਣ ਵਾਲੀ, ਸੱਚੀ ਪਾਤਸ਼ਾਹੀ ਬਖਸ਼ ਦੇਣੀ, ਚਿਹਰੇ ਦਾ ਖਿੜਾਅ, ਨੂਰ, ਚਾਲ 'ਚ ਮਸਤੀ ਬਖਸ਼ਣੀ।

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥* *ਅੰਗ- ੫*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ੭ ॥*

*ਅੰਗ - ੭੦੭*

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ॥* *ਅੰਗ- ੪੪*

ਆਤਮਿਕ ਤੌਰ ਤੇ ਕੰਗਾਲ ਨੂੰ ਰਾਜਾ ਬਣਾ ਦੇਣਾ ਇਕ ਅਮੁੱਲ ਅਤੁੱਟ ਦਾਤ, ਆਤਮਿਕ ਉਚਤਾਈ ਬਖਸ਼ਣੀ, ਇਹ ਕੇਵਲ ਗੁਰੂ ਨਾਨਕ ਸਾਹਿਬ ਦੀਆਂ ਹੀ ਬਖਸ਼ਿਸ਼ਾਂ ਹਨ। ਭੈਣ ਦੇ ਰੂਪ ਵਿਚ ਬੇਬੇ ਨਾਨਕੀ ਜੀ ਜਿਨ੍ਹਾਂ ਨੂੰ ਵੱਡੇ ਭੈਣ ਜੀ ਹੋਣ ਦੇ ਨਾਤੇ 'ਬੇਬੇ' ਦੀ ਉਪਾਧੀ ਦੇ ਕੇ ਸਤਿਕਾਰ ਦਿਤਾ ਅਤੇ ਅੱਜ ਵੀ ਇਸੇ ਸਤਿਕਾਰ ਅਤੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਮਾਤਾ ਦੌਲਤਾਂ ਜੀ ਅਤੇ ਬੇਬੇ ਨਾਨਕੀ ਜੀ ਉਹ ਪਹਿਲੀਆਂ ਸਖਸ਼ੀਅਤਾਂ ਵਿਚੋਂ ਹਨ ਜਿਨ੍ਹਾਂ ਤੇ ਪ੍ਰਮੇਸ਼ਰ ਜੀ ਦੇ ਸਾਕਾਰ ਰੂਪ ਗੁਰੂ ਨਾਨਕ ਸਾਹਿਬ ਜੀ ਦੀ ਬਖਸ਼ਿਸ਼ ਹੋਈ। ਬੇਬੇ ਨਾਨਕੀ ਜੀ ਦਾ ਗੁਰੂ ਨਾਨਕ ਸਾਹਿਬ ਨਾਲ ਕੇਵਲ ਭਰਾ ਵਾਲਾ ਪਿਆਰ ਤੇ ਸਤਿਕਾਰ ਹੀ ਨਹੀਂ ਸੀ ਸਗੋਂ ਉਹ ਆਪ ਜੀ ਨੂੰ ਰੱਬ ਰੂਪ ਮੰਨਦੇ ਸਨ। ਭਾਵੇਂ ਸਰੀਰਕ ਉਮਰ ਵਿਚ ਬੇਬੇ ਜੀ ਗੁਰੂ ਸਾਹਿਬ ਤੋਂ ਪੰਜ ਸਾਲ ਵੱਡੇ ਸਨ, ਫਿਰ ਵੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਰੱਬ ਰੂਪ ਹੀ ਮੰਨਿਆ। ਆਪ ਜੀ ਦਾ ਸਮੁੱਚਾ ਜੀਵਨ ਅੱਜ ਦੀ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ। ਦੁਨਿਆਵੀ ਰਿਸ਼ਤਿਆਂ ਵਿਚ ਵੱਡੀਆਂ ਸਮੱਸਿਆਵਾਂ ਦੇ ਜੰਗਲ ਉੱਗੇ ਹੋਏ ਹਨ, ਰਿਸ਼ਤਿਆਂ ਦੀਆਂ ਕਦਰਾਂ ਕੀਮਤਾਂ ਦਾ ਘਾਣ ਬਹੁਤ ਹੀ ਤੇਜ਼ੀ ਨਾਲ ਹੋ ਚੁੱਕਾ ਹੈ ਅਤੇ ਹੋਰ ਵੀ ਹੋ ਰਿਹਾ ਹੈ। ਕਲਾ ਕਲੇਸ਼ ਦਾ ਵਾਤਾਵਰਣ ਲੱਗਭੱਗ ਬਹੁਤਾਤ ਪਰਿਵਾਰਾਂ ਵਿਚ ਬਣਿਆ ਹੋਇਆ ਹੈ। ਕੀ ਕੋਈ ਹੱਲ ਹੈ? ਇਨ੍ਹਾਂ ਰਿਸ਼ਤਿਆਂ ਵਿਚ ਜਿਹੜੀ ਪਿਆਰ ਦੀ ਖੁਸ਼ਬੋ ਖਤਮ ਹੋ ਚੁੱਕੀ ਹੈ, ਇਨ੍ਹਾਂ ਵਿਚ ਦੁਬਾਰਾ ਪਿਆਰ ਦੀ ਰੌਂ ਰੁਮਕ ਪਵੇ। ਠੰਡੀ ਹਵਾ ਦੇ ਝਉਲੇ ਆ ਸਕਣ। ਗਰਮ ਹਵਾ ਨੂੰ ਤਿਲਾਂਜਲੀ ਦਿਤੀ ਜਾਵੇ। ਹਰ ਪਾਸੇ, ਹਰ ਖੇਤਰ ਵਿਚ ਖਾਸ ਕਰਕੇ ਪਰਿਵਾਰਿਕ ਰਿਸ਼ਤਿਆਂ ਵਿਚ ਖਿਆਲਾਂ ਦੇ ਟਕਰਾਅ ਦਿਨੋ ਦਿਨ ਵਧਦੇ ਜਾ ਰਹੇ ਹਨ। ਜਿਨ੍ਹਾਂ ਰਿਸ਼ਤਿਆਂ ਨੂੰ ਸਤਿਕਾਰਤ ਸਮਝਿਆ ਜਾਂਦਾ ਸੀ, ਉਹ ਅਤੁੱਟ, ਅਨਖਿੜਵੇਂ ਰਿਸ਼ਤੇ ਵੀ ਅੱਜ ਦਿਨਾਂ ਵਿਚ ਹੀ ਟੁੱਟ ਕੇ ਚਕਨਾਚੂਰ ਹੁੰਦੇ ਵੇਖੇ ਗਏ ਹਨ। ਕੀ ਕੋਈ ਮੰਝਧਾਰ ਵਿਚੋਂ ਪਾਰ ਲੰਘਣ ਦਾ ਵਸੀਲਾ ਹੈ? ਜੋ ਇਨ੍ਹਾਂ ਦਾ ਸਥਾਈ ਹੱਲ ਲੱਭ ਸਕੇ, ਜਿਸ 'ਤੇ ਸਵਾਰ ਹੋ ਕੇ ਸੁੱਖ-ਸ਼ਾਂਤੀ, ਪਿਆਰ, ਠੰਡੀ ਹਵਾ ਦੀ ਰੌਂ ਦੁਬਾਰਾ ਇਨ੍ਹਾਂ ਰਿਸ਼ਤਿਆਂ ਵਿਚ ਰੁਮਕ ਸਕੇ। ਸਾਡੇ ਬਜ਼ੁਰਗ ਜੋ ਕਿ ਵਿਵਹਾਰ ਕਰਕੇ ਸਹਿਜ ਨਾਲ ਸਾਧੂ-ਸੁਭਾਅ ਹੀ ਹੁੰਦੇ ਸਨ, ਉਨ੍ਹਾਂ ਵਲੋਂ ਪਾਈਆਂ ਪੈੜਾਂ 'ਤੇ ਚਲਿਆ ਜਾ ਸਕੇ। ਸਮੁੱਚੇ ਖੰਡਰਾਤ ਦਾ ਇਲਾਜ ਸਾਨੂੰ ਆਪਣੀ ਵਿਰਾਸਤ ਵਿਚੋਂ ਹੀ ਲੱਭਣਾ ਪੈਣਾ ਹੈ। ਆਪਣੇ ਵਿਰਸੇ 'ਚੋਂ ਹੀ

ਮਿਲਣਾ ਹੈ, ਕਿਤੋਂ ਹੋਰ ਨਹੀਂ।

ਮਾਧੋਦਾਸ (ਬਾਬਾ ਬੰਦਾ ਸਿੰਘ ਬਹਾਦਰ) ਦੀ ਮੁੱਢਲੀ ਵਿਰਾਸਤ ਜੀਵਨ ਨੂੰ ਡਾਵਾਂਡੋਲ ਕਰ ਰਹੀ ਸੀ। ਰਾਜਪੂਤ ਘਰਾਣੇ ਨਾਲ ਸਬੰਧਿਤ ਸੀ। ਲੱਛਮਣ ਦਾਸ, ਮਾਧੋਦਾਸ ਦੇ ਰੂਪ ਵਿਚ ਪਹਿਲੇ ਜਾਨਕੀ ਦਾਸ, ਸੰਤ ਰਾਮ ਦੇਵ, ਫਿਰ ਔਘੜਨਾਥ ਦਾ ਚੇਲਾ ਬਣਿਆ। ਪਹਿਲੇ ਵੈਰਾਗੀ, ਫਿਰ ਸੰਨਿਆਸੀ, ਫਿਰ ਤਾਂਤਰਿਕ, ਇਨ੍ਹਾਂ ਪੜਾਵਾਂ ਵਿਚੋਂ ਆਪ ਜੀ ਦਾ ਜੀਵਨ ਗੁਜ਼ਰਿਆ ਪਰ ਜਦੋਂ ਸਮਰੱਥ ਗੁਰੂ ਦੀ ਬਖਸ਼ਿਸ਼ ਹੋਈ, ਇਹ ਲਛਮਣ ਦਾਸ ਅਤੇ ਮਾਧੋਦਾਸ ਤੋਂ 'ਬੰਦਾ' ਬਣ ਗਿਆ। ਬਣਿਆ ਕੀਹਦਾ? ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ। ਨਾਮ ਪਿਆ ਬਾਬਾ ਬੰਦਾ ਸਿੰਘ ਬਹਾਦਰ। ਇਕ ਵੱਡੀ ਵਿਰਾਸਤ ਦਾ ਪਾਂਧੀ, ਰਾਹੀ ਬਣ ਗਿਆ। ਬਖਸ਼ਿਸ਼ ਪ੍ਰਾਪਤ ਕਰਕੇ ਇਕ ਵੱਡੀ ਵਿਰਾਸਤ ਦਾ ਹਿੱਸਾ ਹੁੰਦੇ ਹੋਏ ਸਿਰਜੀ ਵਿਰਾਸਤ ਦੀਆਂ ਕੰਧਾਂ ਇਹੋ ਜਿਹੀਆਂ ਮਜ਼ਬੂਤ ਕੀਤੀਆਂ ਕਿ ਖਾਲਸਾ ਰਾਜ ਦੀ ਸਥਾਪਨਾ ਹੋਈ। ਭਾਵ ਹੈ ਕਿ ਵਿਰਾਸਤਾਂ ਵਿਚੋਂ ਹੀ ਪੈੜਾਂ ਦੀ ਤਲਾਸ਼ ਕਰਨੀ ਪੈਂਦੀ ਹੈ।

ਆਉ, ਆਪਣੇ ਚਲ ਰਹੇ ਵਿਸ਼ੇ ਵਲ ਆਈਏ ਕਿ 'ਮਾਂ ਦੇ ਰੂਪ ਵਿਚ ਮਾਤਾ ਤ੍ਰਿਪਤਾ ਜੀ, ਭੈਣ ਦੇ ਰੂਪ ਵਿਚ ਬੇਬੇ ਨਾਨਕੀ ਜੀ ਅਤੇ ਗੁਰੂ ਕੇ ਮਹਿਲ (ਧਰਮ ਸੁਪਤਨੀ) ਦੇ ਰੂਪ ਵਿਚ ਮਾਤਾ ਸੁਲੱਖਣੀ ਜੀ। ਇਸ ਤੋਂ ਬਾਅਦ ਦੂਜੀ ਜੋਤਿ ਦੇ ਸਮੇਂ (ਧਰਮ ਸੁਪਤਨੀ) ਗੁਰੂ ਕੇ ਮਹਿਲ ਦੇ ਰੂਪ ਵਿਚ ਮਾਤਾ ਖੀਵੀ ਜੀ, ਲੰਗਰ ਦੇ ਇੰਚਾਰਜ, ਮੁਖੀ ਬਣ ਕੇ ਬੇਅੰਤ ਸੇਵਾਵਾਂ ਗੁਰੂ ਘਰ ਵਿਚ ਨਿਭਾਈਆਂ। ਅਨੇਕਾਂ ਤਰਾਂ ਦੀਆਂ ਸੇਵਾਵਾਂ ਦਸ ਗੁਰੂ ਸਾਹਿਬਾਨ ਤੱਕ ਅਤੇ ਬਾਅਦ ਵਿਚ ਹੁਣ ਤੱਕ ਨਿਭਾਈਆਂ ਜਾ ਰਹੀਆਂ ਹਨ।

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਅੰਗ- ੯੬੭*

ਇਨ੍ਹਾਂ ਮਹਾਨ ਆਤਮਾਵਾਂ ਦੀ ਵਰਗ ਵੰਡ ਵਿਦਵਾਨਾਂ ਨੇ ਇਸ ਤਰਾਂ ਕੀਤੀ ਹੈ -

**1. ਗੁਰੂ ਸਾਹਿਬ ਦੀਆਂ ਮਾਤਾਵਾਂ ਜਨਨੀਆਂ ਦੇ ਰੂਪ ਵਿਚ।**

**2. ਗੁਰੂ ਕੇ ਮਹਿਲਾਂ ਦੇ ਰੂਪ ਵਿਚ -** ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਮਨਸਾ ਦੇਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ, ਮਾਤਾ ਕਿਸ਼ਨ ਕੌਰ ਜੀ, ਮਾਤਾ ਗੁਜਰੀ (ਕੌਰ) ਜੀ, ਮਾਤਾ ਸੁੰਦਰੀ (ਕੌਰ) ਜੀ, ਮਾਤਾ ਜੀਤੋ ਜੀ ਮਾਤਾ ਸਾਹਿਬ ਦੇਵਾ (ਕੌਰ) ਜੀ।

**3. ਗੁਰੂ ਸਾਹਿਬ ਦੀਆਂ ਪੁੱਤਰੀਆਂ ਦੇ ਰੂਪ ਵਿਚ -** ਬੀਬੀ ਅਨੋਖੀ ਜੀ, ਬੀਬੀ ਅਮਰੋ ਜੀ, ਬੀਬੀ ਦਾਨੀ ਜੀ, ਬੀਬੀ ਭਾਨੀ ਜੀ, ਬੀਬੀ ਵੀਰੋ ਜੀ।

**4. ਭੈਣਾਂ ਦੇ ਰੂਪ ਵਿਚ -** 1. ਬੇਬੇ ਨਾਨਕੀ ਜੀ, ਬੀਬੀ ਵੀਰੋ ਜੀ. ਬੀਬੀ ਰੂਪ ਕੌਰ ਜੀ।

**5. ਨੂੰਹਾਂ ਦੇ ਰੂਪ ਵਿਚ -** ਬੀਬੀ ਪੰਜਾਬ ਕੌਰ (ਮਾਤਾ)

**6. ਗੁਰੂ ਘਰ ਦੀਆਂ ਸਤਿਸੰਗ ਪ੍ਰੇਮੀ ਬੀਬੀਆਂ -** ਮਾਤਾ ਸਭਰਾਈ ਜੀ, ਬੀਬੀ ਕੌਲਾਂ ਜੀ, ਬੇਗਮ ਨੂਰਜਹਾਂ ਜੀ, ਮਾਈ ਭਾਗੋ ਜੀ, ਮਾਈ ਸੁਲੱਖਣੀ ਜੀ ਅਤੇ ਹੋਰ ਅਨੇਕਾਂ ਬੀਬੀਆਂ ।

**7. ਗੁਰੂ ਘਰ ਦੀਆਂ ਬੇਅੰਤ ਸ਼ਹੀਦ ਸਿੰਘਣੀਆਂ।**

**8. ਪੰਜਾਬ ਦੀਆਂ ਰਾਣੀਆਂ ਦੇ ਰੂਪ ਵਿਚ -** ਰਾਣੀ ਸਦਾ ਕੌਰ, ਮਹਾਰਾਣੀ ਮਹਿਤਾਬ ਕੌਰ, ਰਾਣੀ ਚੰਦ ਕੌਰ, ਮਹਾਰਾਣੀ ਜਿੰਦਾਂ, ਸ਼ਹਿਜਾਦੀ ਬੰਬਾ ਜਿੰਦਾ, ਰਾਣੀ ਸਾਹਿਬ ਕੌਰ।

**ਪੰਜਾਬ ਦੀਆਂ ਬਹਾਦਰ ਬੀਬੀਆਂ -** ਬੀਬੀ ਅਨੂਪ ਕੌਰ, ਬੀਬੀ ਸੁਸ਼ੀਲ ਕੌਰ, ਬੀਬੀ ਦੀਪ ਕੌਰ, ਬੀਬੀ ਬਲਜੀਤ ਕੌਰ, ਬੀਬੀ ਨਿਰਭੈ ਕੌਰ ਆਦਿਕ।

ਇਨ੍ਹਾਂ ਮਹਾਨ ਸਖਸ਼ੀਅਤਾਂ ਦੇ ਸਮੁੱਚੇ ਜੀਵਨ ਪ੍ਰੇਰਨਾ ਦਾ ਸਰੋਤ ਹਨ। ਲੋੜ ਹੈ ਇਨ੍ਹਾਂ ਰਿਸ਼ਤਿਆਂ ਨੂੰ ਵਾਚ ਕੇ, ਪੜ੍ਹ ਕੇ, ਵਿਚਾਰ ਕੇ ਅਜੋਕੇ ਸਮੇਂ ਵਿਚ ਆਪਣੀ ਵਿਰਾਸਤ ਦੀਆਂ ਪੈੜਾਂ ਦੀ ਤਲਾਸ਼ ਕਰਨੀ। ਜੇਕਰ ਅਸੀਂ ਇਨ੍ਹਾਂ ਵੱਖ-ਵੱਖ ਰੂਪਾਂ ਵਿਚ ਆਏ ਰਿਸ਼ਤਿਆਂ ਦੀ ਨਿਸ਼ਾਨਦੇਹੀ (ਪਛਾਣ) ਕਰਕੇ, ਧੇਅ ਬਣਾ ਕੇ ਚਲਾਂਗੇ ਤਾਂ ਅਜੋਕੇ ਖੰਡਿਤ ਪਰਿਵਾਰ ਅਵੱਸ਼ ਹੀ ਸੁੱਖ ਸ਼ਾਂਤੀ, ਪਿਆਰ ਅਤੇ ਪੁਰਾਤਨ ਮਾਹੌਲ ਦੀ ਝਲਕ ਸਿਰਜ ਸਕਦੇ ਹਨ। ਖੇਰੂੰ-ਖੇਰੂੰ ਹੋਈ ਰਿਸ਼ਤਿਆਂ ਦੀ ਪਛਾਣ ਨੂੰ ਜੋੜ ਸਕਦੇ ਹਾਂ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਤੇ ਚੱਲ ਕੇ ਅਨੰਦਮਈ ਜੀਵਨ ਜੀਉਂ ਸਕਦੇ ਹਾਂ। ਇਹ ਸਤਿਕਾਰਤ ਬੀਬੀਆਂ ਸਾਡਾ ਰੋਲ ਮਾਡਲ ਹਨ। ਆਉਣ ਵਾਲੇ ਸਮੇਂ ਵਿਚ ਅਦਾਰਾ 'ਆਤਮ ਮਾਰਗ' ਵਲੋਂ ਸਤਿਕਾਰਤ ਬੀਬੀਆਂ ਵਲੋਂ ਸਿੱਖ ਧਰਮ ਵਿਚ ਪਾਏ ਯੋਗਦਾਨ ਬਾਰੇ ਲੇਖ ਸ਼ੁਰੂ ਕਰਨ ਦਾ ਵਿਚਾਰ ਹੈ। ਇਨ੍ਹਾਂ ਮਹਾਨ ਬੀਬੀਆਂ ਵਲੋਂ ਸਮੇਂ-ਸਮੇਂ ਸਿਰ ਜਨਨੀ, ਮਾਂ, ਧੀ, ਭੈਣ ਅਤੇ ਧਰਮ ਸੁਪਤਨੀ ਦੇ ਰੂਪ ਵਿਚ ਨਿਭਾਏ ਗਏ ਫਰਜ਼ਾਂ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ ਜਾਵੇਗਾ।

ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਬੀਜੀ (ਪਰਮ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਨੂੰ ਵੀ ਵਿਰਾਸਤ ਵਿਚੋਂ ਹੀ ਰੂਹਾਨੀਅਤ ਪ੍ਰਾਪਤ ਹੋਈ। ਆਪ ਜੀ

(ਪੰਨਾ 59 ਦੀ ਬਾਕੀ)

ਸ਼ਬਦ ਦੀ ਸਾਂਝ ਵਧਾਉਣ ਵਾਸਤੇ, ਨਾਮ ਨਾਲ ਜੁੜਨ ਵਾਸਤੇ ਬੇਨਤੀ ਕੀਤੀ ਜਾਂਦੀ ਹੈ -

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ*
*ਸੰਤ ਟਹਲ ਕੀ ਬੇਲਾ॥ ਅੰਗ- ੧੩*

ਗੁਰੂ ਜੀ ਵੀ ਕਿੰਨੇ ਪਿਆਰ ਨਾਲ ਬੇਨਤੀ ਕਰਦੇ ਨੇ ਕਿ ਮੇਰੇ ਮਿਤਰੋ! ਮੇਰੀ ਬੇਨਤੀ ਨੂੰ ਸੁਣ ਲਓ ਕਿ ਕਿਹੜਾ ਸਮਾਂ ਹੈ 'ਸੰਤ ਟਹਲ ਕੀ ਬੇਲਾ।' ਇਹ ਸੇਵਾ ਸਿਮਰਨ ਦਾ ਵੇਲਾ ਹੈ। ਸੰਤ ਦੀ ਸੇਵਾ ਕੀ ਹੈ -

*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ਅੰਗ- ੨੬੫*

ਇਹ ਅਪੀਲ ਕੀਤੀ ਸੀ ਕਿ ਮੈਗਜ਼ੀਨ ਤੁਸੀਂ ਜਿੰਨੇ ਬੈਠੇ ਹੋ ਤੁਹਾਡੇ ਕੋਲ ਤਾਂ ਪਹੁੰਚਦਾ ਹੈ। ਜਿਹੜੀਆਂ ਬੱਚੀਆਂ ਇਥੇ ਆਈਆਂ, ਵਿਆਹੀਆਂ ਗਈਆਂ, ਅੱਗੇ ਗਈਆਂ ਉਹਨਾਂ ਨੇ ਵੀ ਆਪਣੇ ਸਹੁਰੇ ਘਰਾਂ 'ਚ ਇਹ ਮੈਗਜ਼ੀਨ ਲਵਾ ਦਿਤੇ ਕਿਉਂਕਿ ਤੋਹਫਾ ਹੈ। ਜੇ ਤੁਸੀਂ ਕਿਸੇ ਨੂੰ ਦੇ ਦਿੰਦੇ ਹੋਂ, ਸ਼ਬਦ ਨਾਲ ਜੋੜਦੇ ਹੋਂ ਬਹੁਤ ਵੱਡੀ ਸੇਵਾ ਹੈ ਕਿਉਂਕਿ ਇਸ ਵਿਚ ਜੁਗਤ ਮਿਲ ਜਾਂਦੀ ਹੈ, ਘਰ ਬੈਠਿਆਂ ਨੂੰ ਹੀ ਪ੍ਰਾਪਤੀ ਹੋ ਜਾਂਦੀ ਹੈ। ਕਿੱਡੀ ਰਹਿਮਤ ਵਰਸ ਜਾਂਦੀ ਹੈ। ਇਕ ਵਾਰੀ ਦਾ ਕਿਹਾ ਹੋਇਆ ਵਾਹਿਗੁਰੂ, 'ਅੰਤ ਮਤੇ ਸੋ ਗਤੇ।' ਸੋ ਚਰਨ ਧੂੜ ਮਿਲੀ, ਮੁਖ ਧੂੜ ਵੀ ਮਿਲ ਗਈ, ਬਖਸ਼ਿਸ਼ ਹੋ ਗਈ। ਇਕ ਵਾਰੀ ਵੀ ਬੋਲ ਕੇ ਦੇਖ ਲਓ ਕਹਿੰਦੇ ਆਖਰੀ ਸਮੇਂ। ਉਸ ਸਮੇਂ ਮੁਖ ਤੋਂ ਬਾਹਰ ਨਿਕਲ ਗਿਆ ਸਵਾਸ। ਮੁੜ ਕੇ ਤਾਂ ਅੰਦਰ ਆਉਂਦਾ ਨਹੀਂ। ਫੇਰ ਉਸ ਸਮੇਂ ਕਿਹਾ ਹੋਇਆ ਇਹ ਗੁਰੂ ਲੋਕ ਨੂੰ ਲੈ ਜਾਂਦਾ ਹੈ। ਕਹਿੰਦੇ, ਇਹ ਤਾਂ ਕੀ, ਦੇਹੀ ਤਾਂ ਪਵਿੱਤਰ ਮੰਨੀ ਹੀ ਗਈ -

*ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥*
*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥*
*ਅੰਗ- ੧੩੭੦*

ਕਿੰਨਾ ਕੁੰਭ ਲੱਗਿਆ। ਕੁੰਭ 'ਤੇ ਇਸ਼ਨਾਨ 12 ਸਾਲ ਬਾਅਦ ਮਿਲਦੈ। ਇਥੇ ਤਾਂ ਕਿੱਡੀ ਕ੍ਰਿਪਾ ਹੈ। ਨਾਮ ਬਾਣੀ ਦੇ ਅਖੰਡ ਪ੍ਰਵਾਹ ਚੱਲ ਰਹੇ ਨੇ। ਕੁੰਭ ਲੱਗਿਆ ਹੈ, ਸੇਵਾ ਦਾ, ਸਿਮਰਨ ਦਾ। ਇਕ ਵਾਰੀ ਵੀ ਕਹਿਣ ਨਾਲ ਕਹਿੰਦੇ ਦੇਖ ਤਾਂ ਸਹੀ ਕਿੱਡੀ ਵੱਡੀ ਬਖਸ਼ਿਸ਼ ਹੋ ਜਾਂਦੀ ਹੈ -

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥*
*ਅੰਗ- ੪੬੮*

*ਸਾਧ ਕੀ ਧੂਰਿ ਕਰਹੁ ਇਸਨਾਨੁ ॥*
*ਸਾਧ ਊਪਰਿ ਜਾਈਐ ਕੁਰਬਾਨੁ ॥ ਅੰਗ- ੨੮੩*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਕੀ ਕੀ ਫ਼ਤਹਿ॥*

ਦੇ ਮਾਤਾ ਜੀ ਅਤੇ ਪਿਤਾ ਜੀ ਜੋ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਵਿਚ ਅਨੰਦ ਮਾਣਦੇ। ਇਸ ਵਿਰਾਸਤ ਦੀ ਸਿਖਰ ਉਸ ਵੇਲੇ ਨਜ਼ਰ ਆਉਂਦੀ ਹੈ ਜਦੋਂ ਸਤਿਕਾਰਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਰਚਿਤ ਪੁਸਤਕ 'ਰੰਗਲੇ ਸੱਜਣ' ਵਿਚ ਮਾਤਾ ਜੀ ਦੇ ਪਿਤਾ ਨੂੰ ਸੰਤ ਹੀਰਾ ਸਿੰਘ ਨਾਮ ਨਾਲ ਸੰਬੋਧਨ ਕਰਕੇ ਸਤਿਕਾਰਤ ਕੀਤਾ। ਆਪ ਜੀ ਦੇ ਪਿਤਾ ਅਤੇ ਮਾਤਾ ਜੀ ਨਾਮ ਬਾਣੀ ਨਾਲ ਰੰਗੀਆਂ ਰੂਹਾਂ ਸਨ। ਮਾਤਾ ਜੀ 'ਤੇ ਇਸ ਵਿਰਸੇ ਦਾ ਅਸਰ ਹੋਣਾ ਸੁਭਾਵਿਕ ਹੀ ਸੀ। ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦਾ ਰੋਲ ਰਤਵਾੜਾ ਸਾਹਿਬ ਸੰਸਥਾ ਵਿਚ ਇਕ ਮਿਸਾਲ ਹੈ। ਮਾਤਾ ਜੀ ਦੇ ਜ਼ਿਕਰ ਨਾਲ ਹੀ ਸੰਸਥਾ ਦਾ ਇਤਿਹਾਸਕ ਪ੍ਰਸੰਗ ਪੂਰਾ ਹੁੰਦਾ ਹੈ। ਪ੍ਰੋ. ਮੋਹਨ ਸਿੰਘ ਦੇ ਸ਼ਬਦਾਂ ਵਿਚ ਮਾਂ ਦੇ ਪਿਆਰ ਦੀ ਇਕ ਝਲਕ ਪੇਸ਼ ਹੈ-

*ਮਾਂ ਜਿਹਾ ਘਣਛਾਵਾਂ ਬੂਟਾ ਕਿਤੇ ਨਜ਼ਰ ਨਾ ਆਇਆ,*
*ਜਿਸ ਤੋਂ ਲੈ ਕੇ ਛਾਂ ਉਧਾਰੀ ਰੱਬ ਨੇ ਸਵਰਗ ਬਣਾਇਆ।*
*ਕੁੱਲ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਮੁਰਝਾਂਦੇ,*
*ਪਰ ਇਹ ਬੂਟਾ ਫੁੱਲ ਸੁੱਕਿਆਂ ਮੁਰਝਾਇਆ।*

ਗੁਰਬਾਣੀ ਵਿਚ ਇਸਤ੍ਰੀ ਦੇ 32 ਗੁਣਾਂ (ਦਇਆ, ਨਿਮ੍ਰਤਾ, ਲੱਜਿਆ, ਪਿਆਰ ਆਦਿਕ) ਦਾ ਜ਼ਿਕਰ ਕੀਤਾ ਗਿਆ ਹੈ -

*ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥*
*ਆਗਿਆਕਾਰੀ ਸੁਘੜ ਸਰੂਪ ॥ ਅੰਗ- ੩੭੧*

ਸਤਿਕਾਰਯੋਗ ਮਾਤਾ ਜੀ ਦੇ ਜੀਵਨ ਵਿਚੋਂ ਇਨ੍ਹਾਂ ਗੁਣਾਂ ਦਾ ਝਲਕਾਰਾ ਵਿਹਾਰਕ ਰੂਪ ਵਿਚ ਸਪੱਸ਼ਟ ਨਜ਼ਰ ਆਉਂਦਾ ਹੈ।

ਆਉ! ਇਸ ਪਾਸੇ ਵਲ ਵਧੀਏ। ਰਤਵਾੜਾ ਸਾਹਿਬ ਇਕ ਵਿਰਾਸਤੀ ਸੰਸਥਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਵਲੋਂ ਆਰੰਭੀ ਇਹ ਸੰਪਰਦਾ ਹੋਤੀ ਮਰਦਾਨ ਅਤੇ ਰਾੜਾ ਸਾਹਿਬ ਦੀ ਸੰਪਰਦਾ ਨਾਲ ਸਿੱਖ ਪੰਥ ਵਿਚ ਬੜੇ ਪਿਆਰ ਤੇ ਸਤਿਕਾਰ ਨਾਲ ਜਾਣੀ ਜਾਂਦੀ ਹੈ। ਪਿਆਰੇ ਮਹਾਂਪੁਰਸ਼ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਨੇ ਇਸ ਸੰਸਥਾ ਦੇ ਬਾਨੀ ਹੋਣ ਦੇ ਨਾਤੇ, ਵਿਰਾਸਤੀ ਪੈੜਾਂ ਵਿਚੋਂ ਹੀ ਇਸ ਸੰਸਥਾ ਦੀ ਸਥਾਪਨਾ ਕੀਤੀ। ਸਤਿਗੁਰਾਂ ਵਲੋਂ ਬਖਸ਼ੇ ਵਡਮੁੱਲੇ ਸ਼ਾਨਾ ਮੱਤੀ ਇਤਿਹਾਸ ਅਤੇ ਵਿਰਸੇ ਨਾਲ ਆਪ ਜੁੜ ਕੇ ਹੋਰਨਾਂ ਨੂੰ ਜੋੜਨ ਲਈ ਸੰਸਥਾ ਦਿਨ ਰਾਤ ਯਤਨਸ਼ੀਲ ਹੈ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ 'ਆਤਮ ਮਾਰਗ'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-47)*

### ਸਤਿਗੁਰ ਨਾਨਕ ਦੇਵ ਜੀ ਦੀ ਜਗਨ ਨਾਥ ਫੇਰੀ

ਨੀਲਾ-ਨੀਲਾ ਸਮੁੰਦਰ ਉਪਰ ਤਣੇ ਹੋਏ ਨੀਲੇ ਅਕਾਸ਼ ਵਾਂਗੂੰ ਹੇਠਾਂ ਵਿਛਿਆ ਪਿਆ ਨਿੱਕੀ-ਨਿੱਕੀ ਲਹਿਰ ਨਾਲ ਸੁਹਾਵਾ ਹੋ ਰਿਹਾ ਹੈ। ਉਹੋ ਅਸਮਾਨਾਂ ਦੇ ਤਾਰੇ ਸਮੁੰਦਰ ਵਿਚ ਡਲ੍ਹਕਾਂ ਦੇ ਰਹੇ ਹਨ। ਤਾਰਿਆਂ ਦੀ ਫੌਜ ਜਿਵੇਂ ਆਸਮਾਨਾਂ ਵਿਚੋਂ ਟੁਰੀ ਜਾ ਰਹੀ ਹੈ ਤਿਵੇਂ-ਤਿਵੇਂ ਸਮੁੰਦਰ ਵਿਚੋਂ। ਹੁਣ ਤਾਂ ਵੇਖੋ ਕੋਈ-ਕੋਈ ਤਾਰਾ ਬਾਕੀ ਰਹਿ ਗਿਆ ਹੈ, ਹਨ੍ਹੇਰੇ ਦਾ ਘੋਪਾ ਬੀ ਪਤਲਾ ਪੈਂਦਾ ਜਾ ਰਿਹਾ ਹੈ। ਇਸ ਵੇਲੇ ਸਮੁੰਦਰ ਦੇ ਕਿਨਾਰੇ ਥੋੜ੍ਹੀ ਵਿੱਥ ਪਰ ਇਕ ਬ੍ਰਾਹਮਣ ਜੀ ਮਹਾਰਾਜ ਪਦਮ ਆਸਨ ਲਾਈ ਬੈਠੇ ਹਨ। ਆਪ ਨੇ ਇਸ ਤਰ੍ਹਾਂ ਮੂੰਹ ਉੱਚਾ ਕੀਤਾ ਹੈ ਕਿ ਨਜ਼ਰ ਆਕਾਸ਼ਾਂ ਵਿਚ ਗੱਡ ਗਈ ਹੈ, ਸਿਰ ਪਿੱਠ ਨਾਲ ਜਾ ਲੱਗਾ ਹੈ, ਸੁਆਸ ਇਤਨਾ ਧੀਮਾ ਹੈ ਕਿ ਮਾਨੋਂ ਆ ਹੀ ਨਹੀਂ ਰਿਹਾ। ਤਾੜੀ ਆਕਾਸ਼ ਵਿਚ ਲਗ ਰਹੀ ਹੈ। ਬਸਤੀ ਵਲੋਂ ਇਕ ਆਦਮੀ ਆਇਆ, ਬ੍ਰਾਹਮਣ ਜੀ ਨੂੰ ਮੱਥਾ ਟੇਕਿਆ ਤੇ ਕੁਛ ਮਾਇਆ ਉਸ ਤੂੰਬੇ ਵਿਚ, ਜੋ ਤਾੜੀ ਵਾਲੇ ਮਹਾਤਮਾ ਦੇ ਅੱਗੇ ਪਿਆ ਸੀ, ਪਾ ਕੇ ਪਰੇ ਜਾ ਕੇ ਬੈਠ ਗਿਆ। ਇਸ ਤਰ੍ਹਾਂ ਜਿਉਂ-ਜਿਉਂ ਸੋਝਲਾ ਹੁੰਦਾ ਗਿਆ, ਹੋਰ ਮਨੁੱਖ ਤੇ ਤੀਵੀਆਂ ਆਉਂਦੇ ਗਏ, ਇਥੋਂ ਤਾਈਂ ਕਿ ਸੂਰਜ ਚੜ੍ਹਦੇ ਤਾਈਂ ਦੋ ਚਾਰ ਸੌ ਦੀ ਭੀੜ ਲਗ ਗਈ। ਬ੍ਰਾਹਮਣ ਜੀ ਕੁਛ ਦਿਨ ਚੜ੍ਹੇ ਤ੍ਰਾਟਕ ਖੋਲ੍ਹਿਆ ਕਰਦੇ ਸਨ ਤੇ ਉਸ ਵੇਲੇ ਕੁਝ ਤ੍ਰਿਲੋਕੀ ਦੀ ਗੱਲਬਾਤ ਸੁਣਾਇਆ ਕਰਦੇ ਸਨ, ਸੋ ਹੁਣ ਸਾਰੇ ਇਸ ਉਡੀਕ ਵਿਚ ਬੈਠੇ ਹਨ ਕਿ ਕਦੋਂ ਆਪ ਤਾੜੀ ਖੋਹਲਦੇ ਹਨ, ਤ੍ਰਾਟਕ ਛੋੜਦੇ ਹਨ, ਹੇਠਾਂ ਤੱਕਦੇ ਹਨ ਤੇ ਅੱਜ ਵੇਖੋ ਅਗਮ ਨਿਗਮ ਦੇ ਕੀ ਕੌਤਕ ਸੁਣਾਉਂਦੇ ਹਨ। ਇੰਨੇ ਨੂੰ ਦੋ ਮੁਸਾਫਰ ਆ ਗਏ, ਦੋਵੇਂ ਸਾਧੂ ਜਾਪਦੇ ਸੇ। ਇਕ ਦੇ ਚਿਹਰੇ ਪਰ ਨੂਰ ਤੇ ਪ੍ਰਭਾਵ ਐਉਂ ਦਾ ਸੀ ਕਿ ਮਾਨੋਂ ਕੁਦਰਤ ਦੇ ਹੁਕਮ ਕਰਨ ਵਾਲਾ ਕੋਈ ਅਚਰਜ ਜਲਵਾ ਦਿਸ ਰਿਹਾ ਹੈ, ਦੂਸਰੇ ਦੇ ਚਿਹਰੇ ਤੇ ਮਿੱਠਤ ਪਿਆਰ ਤੇ ਸੇਵਾ ਦਾ ਰੰਗ ਲਹਿਰੇ ਲੈ ਰਿਹਾ ਸੀ। ਇਹ ਦੋਵੇਂ ਆ ਕੇ ਖੜੇ ਹੋ ਗਏ, ਕੁਝ ਚਿਰ ਤੱਕਦੇ ਰਹੇ। ਖਲਕਤ ਦੀ ਨਜ਼ਰ ਵੀ ਉਠੀ ਤੇ ਉਹਨਾਂ ਤੇ ਜਾ ਪਈ, ਬੇਵੱਸੇ ਸਭ ਦੇ ਸਿਰ ਝੁਕ ਗਏ। ਕੁਝ ਚਿਰ ਦੋਵੇਂ ਤਕਦੇ ਰਹੇ, ਫਿਰ ਇਕ ਨੇ ਅੱਗੇ ਵੱਧ ਕੇ ਬ੍ਰਾਹਮਣ ਦੇ ਅੱਗੋਂ ਉਸ ਦਾ ਪੈਸਿਆਂ ਵਾਲਾ ਤੂੰਬਾ ਚਾ ਕੇ ਉਸੇ ਦੀ ਪਿੱਠ ਪਿੱਛੇ ਧਰ ਦਿਤਾ ਤੇ ਆਪ ਪਿੜ ਦੇ ਵਿਚ ਬੈਠ ਗਏ।

ਸੂਰਜ ਹੁਣ ਉੱਚਾ ਹੋ ਆਇਆ ਸੀ, ਆਸਮਾਨ ਵਿਚ ਧੁੱਪ ਦੀ ਲਿਸ਼ਕ ਵਿਚ ਨਜ਼ਰ ਘਬਰਾਉਂਦੀ ਸੀ, ਵੇਲਾ ਹੋ ਗਿਆ ਕਿ ਹੁਣ ਤਾੜੀ ਖੁਲ੍ਹ ਜਾਏ, ਸੋ ਬ੍ਰਾਹਮਣ ਜੀ ਨੇ ਸਹਿਜੇ-ਸਹਿਜੇ ਨੈਣ ਬੰਦ ਕੀਤੇ, ਸਹਿਜੇ-ਸਹਿਜੇ ਧੌਣ ਟਿਕਾਣੇ ਲੈ ਆਏ, ਅਹੋ ਧੰਨਯ ਦੀ ਆਵਾਜ਼ ਆਈ। ਨੈਣ ਫੇਰ ਖੋਹਲੇ ਤੇ ਚਾਰ ਚੁਫੇਰੇ ਤੱਕੇ ਤੇ ਬੋਲੇ, ਸੁਖੀ ਰਹੋ। ਵਿਸ਼ਨੂੰ ਭਗਵਾਨ ਪ੍ਰਸੰਨ ਥੇ, ਨਾਰਦ ਜੀ ਸੇ ਪ੍ਰੇਮ ਵਾਕ ਕਰ ਰਹੇ ਥੇ। ਅਦਭੁਤ ਕਥਾ ਹੋ ਰਹੀ ਥੀ। ਬ੍ਰਹਮਪੁਰੀ ਮੇਂ ਅਹਿਲਾਦ ਥਾ, ਸ਼ਿਵਪੁਰੀ ਮੇਂ ਆਜ ਸੰਕੀਰਤਨ ਹੋ ਰਹਾ ਹੈ, ਨਟ ਰਾਜ ਨਾਚ ਕਰ ਰਹੇ ਹੈਂ। ਸੁਖੀ ਬਸੋ ਭਾਈ! ਪਰਜਾ ਕੇ ਭਾਗ ਅੱਛੇ ਹੈਂ, ਆਨੰਦ ਸੇ ਰਹੋ, ਧਨ ਸੇ ਧਾਮ ਭਰੇ ਰਹੇਂ।

ਮੁਸਾਫਰ - ਬ੍ਰਾਹਮਣ ਰਾਜ ਜੀ! ਆਪ ਨੇ ਕੀ ਵਾਕ ਉਚਾਰਿਆ ਹੈ?

ਇਹ ਪ੍ਰਸ਼ਨ ਸੁਣਦੇ ਹੀ ਬ੍ਰਾਹਮਣ ਦੀ ਨਜ਼ਰ ਇਸ ਪਾਸੇ ਪਈ। ਦਿਲ ਵਿਚ ਇਕ ਚੂੰਢੀ ਭਰੀ ਗਈ, ਇਕ ਕਾਂਬਾ ਸਰੀਰ ਵਿਚੋਂ ਲੰਘਿਆ, ਅੱਖਾਂ ਵਿਚ ਇਕ ਖਿਸਖਿਸੀ ਜਿਹੀ ਝਰਨਾਟ ਫਿਰੀ। ਜਵਾਬ ਦੇਣ ਵੱਲੋਂ ਜੀਭ ਬੰਦ ਪਾਈ। ਦੈਵੀ ਮੁਸਾਫਰ ਨੇ ਫੇਰ ਉਹੋ ਪ੍ਰਸ਼ਨ ਕੀਤਾ। ਹੁਣ ਬੜਾ ਹੀਆ ਕਰਕੇ ਸ਼ਰਧਾ ਘਟਣ ਦੇ ਭੈ ਤੋਂ ਕੁਛ ਬਲ ਪਾ ਕੇ ਮਨ ਉੱਚਾ ਕੀਤਾ ਤੇ ਦਬੀ ਜਿਹੀ ਆਵਾਜ਼ ਵਿਚ ਬੋਲਿਆ -

ਬ੍ਰਾਹਮਣ (ਘੂਰ ਕੇ) - ਅਗਮ ਨਿਗਮ ਕੀ ਬਾਤੇਂ ਹੈਂ, ਤੁਮ.......ਕਿਆ ਜਾਨੋਂ ਬਾਲਕੇ!

ਮੁਸਾਫਰ - ਆਪ ਅੰਤਰਯਾਮੀ ਹੋ?

ਬ੍ਰਾਹਮਣ (ਅੱਖਾਂ ਮੀਟ ਕੇ) - ਯੋਗ ਬਲ ਸੇ।

ਮੁਸਾਫਰ - ਐਉਂ ਗੁਪਤ ਨੂੰ ਵੇਖਦੇ ਹੋ ਜਿਵੇਂ ਪਰਤੱਖ ਜਗਤ ਨੂੰ?

ਬ੍ਰਾਹਮਣ - ਯੋਗ ਬਲ ਸੇ (ਥਤਲ ਕੇ) ਹਸਤਾਮਲ ਵਤ।

ਮੁਸਾਫਰ - ਆਪ ਦਾ ਤੂੰਬਾ ਕਿੱਥੇ ਹੈ?

ਬ੍ਰਾਹਮਣ - (ਅੱਗੇ, ਐਧਰ, ਉਧਰ ਵੇਖ ਕੇ) - ਹੈਂ, ਕਿਧਰ ਗਿਆ ਸ਼ਾਲਾ?

ਮੁਸਾਫਰ - ਤ੍ਰਿਲੋਕੀ ਤੇ ਅਗਮ ਨਿਗਮ ਦੇ ਦ੍ਰਿਸ਼ਟਾ ਜੀ! ਆਪਣੇ ਤੂੰਬੇ ਦਾ ਤੁਹਾਨੂੰ ਪਤਾ ਨਹੀਂ ਕਿ ਸ਼ਾਲਾ ਕਿੱਧਰ ਗਿਆ?

ਬ੍ਰਾਹਮਣ (ਖਿਝ ਕੇ) - ਸਰਾਪ ਦੇਗਾ, ਨਹੀਂ ਬਾਤਓ ਕਿੱਧਰ ਹੈ?

ਮੁਸਾਫਰ - ਤ੍ਰਾਟਕ ਲਗਾਓ, ਸਮਾਧੀ ਜਮਾਓ, ਅੰਤਰਮੁਖ ਹੋ ਜਾਓ, ਲਿਆਓ ਪਤਾ।

ਬ੍ਰਾਹਮਣ (ਸ਼ਰਮਿੰਦਾ ਹੋ ਕੇ) - ਕਿੱਧਰ ਹੈ? ਬਤਾਓ, (ਘੂਰ ਕੇ ਸ਼ਹਿਰ ਵਾਸੀਆਂ ਨੂੰ) ਬਤਾਓ ਕਿੱਧਰ ਹੈ?

ਸਾਰੇ ਲੋਕੀਂ ਹੱਸ ਪਏ।

ਬ੍ਰਾਹਮਣ (ਖਿਸਿਆ ਕੇ) - ਜਿਸ ਨਗਰੀ ਮੇਂ ਸਾਧੂ ਬ੍ਰਾਹਮਣ ਸੇ ਮਸਖਰੀ, ਉਹ ਨਗਰੀ ਉਜੜੀ।

ਇਸ ਵਾਕ ਦੇ ਉਚਰਦੇ ਸਾਰ ਦੋਹਾਂ ਮੁਸਾਫਰਾਂ ਵਿਚੋਂ ਸੇਵਾ ਭਾਵ ਵਾਲੇ ਨੇ ਮੋਢੇ ਤੋਂ ਲਾ ਕੇ ਕੁਝ ਖੁਹਲਿਆ, ਵਿਚੋਂ ਇਕ ਸੁੰਦਰ ਸਾਜ ਨਿਕਲਿਆ, ਜਿਸ ਨੂੰ ਉਸ ਨੇ ਵਜਾਇਆ। ਐਸਾ ਮਿੱਠਾ ਤੇ ਸੁੰਦਰ ਕਿ ਸਭ ਦੇ ਦਿਲ ਖਿੱਚ ਹੋ ਗਏ ਅਰ ਮੋਹਿਤ ਹੋ ਕੇ ਹੋਰ ਸਭ ਕੁਝ ਭੁੱਲ ਗਏ। ਅੱਧੀ ਘੜੀ ਇਹ ਸਾਜ਼ ਵਜਦਾ ਰਿਹਾ, ਧਨਾਸਰੀ ਦੀ ਮਿੱਠੀ ਲੈ ਇਕ ਅਚਰਜ ਅਲਾਪ ਵਿਚ ਰਸ ਦਾ ਰੰਗ ਜਮਾਉਂਦੀ ਰਹੀ ਕਿ ਅਚਾਨਕ ਦੂਸਰੇ ਮੁਸਾਫਰ ਜੀ ਦਾ ਇਲਾਹੀ ਗਲਾ ਖੁਲ੍ਹਿਆ ਤੇ ਰੱਬੀ ਨਾਦ ਦੀ ਧੁਨਿ ਉੱਠੀ -

*ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥*
*ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ ੧ ॥ ਕਲ ਮਹਿ ਰਾਮ ਨਾਮੁ ਸਾਰੁ ॥*
*ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥ ੧ ॥ ਰਹਾਉ ॥*
*ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥*
*ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥ ੨ ॥*
*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ*
*ਧਰਮ ਕੀ ਗਤਿ ਰਹੀ ॥ ੩ ॥*
*ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥*

*ਅੰਗ- ੬੬੩*

ਇਹ ਸ਼ਬਦ ਦੇ ਗਾਵੇਂ ਜਾਣ ਦਾ ਇਕ ਲਿਵਲੀਨ ਕਰ ਲੈਣ ਵਾਲਾ ਅਸਰ ਸੀ, ਇਸ ਦੇ ਅਰਥ ਭਾਵ ਵਿਚ ਬ੍ਰਾਹਮਨ ਰਾਜ ਜੀ ਦੇ ਸਾਰੇ ਪਖੰਡ ਦਾ ਉਘਾੜਾ ਸੀ, ਜ਼ਮਾਨੇ ਵਿਚ ਵਰਤ ਰਹੀ ਭੁੱਲ ਦਾ ਨਕਸ਼ਾ ਸੀ। ਲੋਕਾਂ ਤੇ ਡਾਢਾ ਡੂੰਘਾ ਅਸਰ ਪਿਆ।

ਮੁਸਾਫਰ - ਹੇ ਜੋਗੀ ਰਾਜ! ਤੂੰਬਾ ਆਪ ਨੂੰ ਅਜੇ ਤੱਕ ਨਹੀਂ ਦਿਸਿਆ ਤੇ ਤ੍ਰਿਲੋਕੀ ਦੀ ਖਬਰ ਤੁਸੀਂ ਰੋਜ਼ ਦੇਂਦੇ ਹੋ। ਤੂੰਬਾ ਆਪ ਦੀ ਪਿੱਠ ਪਿੱਛੇ ਪਿਆ ਹੈ, ਆਪ ਨੂੰ ਉਸ ਦਾ ਪਤਾ ਨਹੀਂ। ਇਹ ਜੋਗ ਹੈ ਕਿ ਅਜੋਗ ਹੈ?

ਸਾਰੇ ਭਗਤ ਜਨਾਂ ਦੀ ਸ਼ਰਧਾ ਇਸ ਵੇਲੇ ਸੱਟ ਖਾ ਗਈ। ਕਈ ਤਾਂ ਜੋ ਬਹੁਤ ਮੁਗਧ ਸੇ ਅਜੇ ਬੀ ਬ੍ਰਾਹਮਣ ਦੇ ਨਾਲ ਕੁਝ ਹਮਦਰਦੀ ਵਿਚ ਸੇ, ਪਰ ਬਾਕੀ ਦੇ ਕੋਈ ਹੱਸ ਰਹੇ ਸਨ, ਕੋਈ ਸੈਨਤਾਂ ਕਰ ਰਹੇ ਸਨ ਤੇ ਕੋਈ ਰੱਬੀ ਮੁਸਾਫਰਾਂ ਵੱਲ ਤੱਕ-ਤੱਕ ਕੇ ਅਸਚਰਜ ਹੋ ਰਹੇ ਸਨ ਕਿ ਇੰਨੇ ਨੂੰ ਉਹਨਾਂ ਨੇ ਇਕ ਹੋਰ ਸ਼ਬਦ ਗਾਵਿਆ। ਸਾਰੇ ਦਿਲ ਖਿੱਚ ਹੋ ਗਏ ਤੇ ਉਸ ਧੁਨ ਵਿਚ ਮਗਨ ਹੋ ਗਏ। ਜੋਗੀ ਬ੍ਰਾਹਮਣ ਇਸ ਵੇਲੇ ਖਿਸਕੰਤ ਹੋ ਗਿਆ ਤੇ ਕਿਸੇ ਨੂੰ ਉਸ ਦਾ ਧਿਆਨ ਬੀ ਨਾ ਰਿਹਾ। ਸ਼ਬਦ ਸਮਾਪਤ ਹੋਣ ਪਰ ਲੋਕਾਂ ਨੇ ਬੇਨਤੀ ਕੀਤੀ ਕਿ ਆਪ ਸ਼ਹਿਰ ਚੱਲੋ, ਪਰ ਆਪ ਓਥੇ ਹੀ ਟਿਕੇ ਰਹੇ ਤੇ ਲੋਕ ਪ੍ਰਣਾਮ ਕਰ ਕਰਕੇ ਚਲੇ ਗਏ। ਫੇਰ ਦੁਪਹਿਰੇ ਕੁਛ ਸੱਜਣ ਭੋਜਨ ਲੈ ਆਏ ਤੇ ਵਾਰਤਾਲਾਪ ਕਰਦੇ ਰਹੇ।

ਜਦ ਲੋਕੀਂ ਸ਼ਹਿਰ ਵਿਚ ਘਰੋ-ਘਰੀ ਗਏ ਤਾਂ ਸਵੇਰ ਵਾਲੀ ਕਥਾ ਮਸ਼ਹੂਰ ਹੋ ਗਈ। ਜਿੱਥੇ ਵੇਖੋ ਇਹੋ ਗੱਲ, ਜਿੱਥੇ ਸੁਣੋ ਇਹੋ ਕਹਾਣੀ। ਲੋਕੀਂ ਸੁਣਦੇ ਸਨ, ਹੱਸਦੇ ਸਨ ਤੇ ਫੇਰ ਉਹਨਾਂ ਰੱਬੀ ਬੰਦਿਆਂ ਦੇ ਦੀਦਾਰ ਦੀ ਚਾਹ ਕਰਦੇ ਸਨ। ਇਹ ਰੱਬੀ ਬੰਦੇ ਕੌਣ ਸਨ? ਕਲਿ ਤਾਰਨ ਭਗਵਾਨ ਗੁਰੂ ਨਾਨਕ ਨਿਰੰਕਾਰੀ, ਜੋ ਆਸਾਮ, ਕਛਾਰ, ਪੂਰਬੀ ਬੰਗਾਲ ਬ੍ਰਹਮਾ ਦਾ ਸੈਲਾ ਕਰਦੇ ਸਮੁੰਦਰ ਰਸਤੇ ਰਾਤ 'ਪੁਰੀ' ਅੱਪੜੇ ਸਨ। ਪੁਰੀ ਜਗਨ ਨਾਥ ਦਾ ਨਾਮ ਹੈ, ਜੋ ਸਮੁੰਦਰ ਕਿਨਾਰੇ ਹਿੰਦੂਆਂ ਦਾ ਭਾਰੀ ਤੀਰਥ ਹੈ, ਜਿਸ ਦੀ ਬਾਬਤ ਖਿਆਲ ਹੈ ਕਿ ਕਦੇ ਬੋਧੀਆਂ, ਕਦੇ ਵਾਮੀਆਂ, ਕਦੇ ਵੈਸ਼ਨਵਾਂ ਦੇ ਹੱਥ ਸੀ ਪਰ ਹੁਣ ਵੈਸ਼ਨਵ ਮੰਦਰ ਹੈ ਤੇ ਬਾਰ੍ਹਵੀਂ ਸਦੀ ਤੋਂ ਵੈਸ਼ਨਵਾਂ ਦਾ ਤੀਰਥ ਰਾਜ ਹੈ। ਹਾੜ ਸੁਦੀ ਪੰਚਮੀ ਨੂੰ ਏਥੋਂ ਰਥ ਨਿਕਲਦਾ ਹੈ। ਖਿਚੜੀ ਦਾ ਲੰਗਰ ਚਲਦਾ ਹੈ, ਕਲੇਵਰ ਚੜ੍ਹਦਾ ਹੈ। ਓਸ ਸਮੇਂ ਕੋਈ ਹੋਰ ਰਸਮਾਂ ਰਿਵਾਜ ਜਾਰੀ ਸਨ ਤੇ ਬੁੱਤ ਪ੍ਰਸਤੀ ਕਮਾਲ ਤੇ ਸੀ, ਪਖੰਡ ਦਾ ਜ਼ੋਰ ਸੀ, ਲੋਕੀਂ ਏਥੇ ਆ ਕੇ ਮਰਨਾ ਤੇ ਰਥ ਅੱਗੇ ਲੰਮੇ ਪੈ ਕੇ ਆਤਮ ਘਾਤ ਕਰਨਾ ਧੰਨ ਸਮਝਦੇ ਸਨ। ਇਸ ਪ੍ਰਕਾਰ ਦੇ ਬਨਾਵਟੀ ਰੰਗਾਂ ਵਿਚ ਸਤਿਨਾਮੁ ਦਾ ਚਾਨਣ ਪਾਉਣ ਮਹਾਰਾਜ ਉਥੇ ਅੱਪੜੇ ਸਨ। ਅੱਪੜਦੇ ਹੀ ਸ਼ਹਿਰ ਵਿਚ ਆਪ ਦੇ ਕੌਤਕ ਦੀ ਕਥਾ ਹੋ ਰਹੀ ਸੀ। ਅਨੇਕਾਂ ਲੋਕ ਦਿਹਾੜੀ ਦਰਸ਼ਨ ਵਾਸਤੇ ਗਏ।

*'ਚਲਦਾ.......................।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-55)*

ਸਮੁੱਚੀ ਤੰਦਰੁਸਤੀ ਲਈ ਭਾਰਤ ਦੀ ਦੇਣ

ਵਾਸਤਵ ਵਿਚ ਮਨੁੱਖ ਸਮੁੱਚੀ ਦੁਨੀਆਂ ਦਾ ਨਿਵਾਸੀ ਹੈ, ਆਪਣੇ ਅੰਦਰ ਦੀ ਦੁਨੀਆਂ ਤੇ ਬਾਹਰ ਦੀ ਦੁਨੀਆਂ, ਪਰ ਅੰਦਰ ਤੇ ਬਾਹਰ ਦੀ ਦੁਨੀਆਂ ਵਿਚ ਬਹੁਤ ਵੱਡਾ ਅੰਤਰ ਹੈ, ਲੋੜ ਹੈ ਇਸ ਅੰਤਰ ਨੂੰ, ਇਸ ਕਮੀ ਨੂੰ ਪੂਰਾ ਕਰਨ ਦੀ, ਭਰਨ ਦੀ ਕਿਉਂਕਿ ਇਕ ਪਾਸੀ ਤਰੱਕੀ ਠੀਕ ਨਹੀਂ। ਉਹ ਤਾਂ ਸੰਤੁਲਨ ਵਿਗਾੜ ਦਿੰਦੀ ਹੈ, ਅੱਧਾ ਸੱਚ ਤਾਂ ਪੂਰਾ ਸੱਚ ਨਹੀਂ ਹੋ ਸਕਦਾ। ਜਿਹੜਾ ਮਨੁੱਖ ਅੰਤਰ ਤੇ ਬਾਹਰ ਦੇ ਜੀਵਨ ਵਿਚ ਸੇਤੂ ਬਣਾ ਲੈਂਦਾ ਹੈ ਉਸ ਨੂੰ ਹੀ ਸੰਪੂਰਨ ਕਿਹਾ ਜਾ ਸਕਦਾ ਹੈ। ਸੰਪੂਰਨ ਤੰਦਰੁਸਤੀ ਦਾ ਇਹ ਹੀ ਇਕ ਮਾਤਰ ਸਹਸ ਹੈ। ਵਾਸਤਵ ਵਿਚ ਸੰਪੂਰਨ ਤੰਦਰੁਸਤੀ ਵਿਗਿਆਨਕ ਵਿਵਸਤਕ ਸੰਪੂਰਨਤਾ ਹੈ, ਜਿਹੜੀ ਕਿ ਜੀਵਨ ਲਈ ਲੋੜੀਂਦੀ ਹੈ।

ਸੰਸਾਰ ਵਿਚ ਤਿੰਨ ਤਰ੍ਹਾਂ ਦੇ ਲੋਕ ਹਨ, ਪਹਿਲੇ ਉਹ ਜਿਹੜੇ ਸਮੇਂ ਅਨੁਸਾਰ ਦਿਸ਼ਾਮਾਨ ਹਨ, ਦੂਸਰੇ ਜਿਹੜੇ ਉਦੇਸ਼ ਮਾਨ ਹਨ। ਆਪਣੇ ਉਦੇਸ਼ ਵਲ ਹੀ ਜਾਂਦੇ ਹਨ। ਤੀਸਰੇ ਮੰਤਵ ਵਲ ਜੋ ਉਹਨਾਂ ਦਾ ਮੰਤਵ ਹੈ ਉਸ ਵਲ ਹੀ ਕੰਮ ਕਰਦੇ ਹਨ। ਜਿਹੜੇ ਸਮੇਂ ਨਾਲ ਚਲਦੇ ਹਨ ਉਹ ਇਹ ਨਹੀਂ ਸਮਝਦੇ, ਉਹ ਕਿਉਂ ਐਸਾ ਕਰ ਰਹੇ ਹਨ। ਉਨ੍ਹਾਂ ਨੂੰ ਭਵਿੱਖ ਦਾ ਕੁਝ ਪਤਾ ਹੀ ਨਹੀਂ। ਉਹ ਸਾਰਾ ਸਮਾਂ ਭਵਿੱਖ ਦੇ ਸੁਪਨੇ ਲੈਂਦੇ ਲੰਘਾ ਦਿੰਦੇ ਹਨ। ਉਨ੍ਹਾਂ ਨੂੰ ਭਵਿੱਖ ਦਾ ਕੁਝ ਪਤਾ ਵੀ ਨਹੀਂ ਹੁੰਦਾ, ਉਹ ਜਾ ਤਾਂ ਭਵਿੱਖ ਦੇ ਸੁਪਨੇ ਲੈਂਦੇ ਰਹਿੰਦੇ ਹਨ ਜਾਂ ਭਵਿੱਖ ਦਾ ਵਿਸ਼ਲੇਸ਼ਨ ਕਰਦੇ ਰਹਿੰਦੇ ਹਨ, ਆਪਣੀ ਸਫਲਤਾ ਬਾਰੇ ਜਾਂ ਆਪਣੀ ਹਾਰ ਬਾਰੇ ਸੋਚਦੇ ਹਨ, ਉਹ ਸਦਾ ਹੀ ਅਸੰਤੁਸ਼ਟ ਰਹਿੰਦੇ ਹਨ, ਜੋ ਇਸ ਸਮੇਂ ਹੈ ਉਸ ਨੂੰ ਦੇਖ ਕੇ, ਲੈ ਕੇ ਸਫਲ ਨਹੀਂ ਕਰ ਸਕਦੇ, ਇਹੋ ਜਿਹੇ ਲੋਕ ਨਾ ਤਾਂ ਸਫਲ ਹੀ ਹੋ ਸਕਦੇ ਹਨ, ਨਾ ਹੀ ਉਹ ਖੁਸ਼ ਰਹਿ ਸਕਦੇ ਹਨ।

ਉਦੇਸ਼ ਮਾਨ ਲੋਕ ਜਿਹੜੇ ਆਪਣੇ ਉਦੇਸ਼ ਦੇ ਬਧੇ, ਉਹ ਆਪਣੇ ਆਪ ਨੂੰ ਬਹੁਤ ਹਦ ਤਕ ਅਨੁਸ਼ਾਸਨ ਵਿਚ ਲਿਆ ਸਕਦੇ ਹਨ। ਉਹ ਹਾਲਾਤ ਅਨੁਸਾਰ ਆਪਣੀਆਂ ਡਿਊਟੀਆਂ ਕਰ ਸਕਦੇ ਹਨ ਪਰ ਉਨ੍ਹਾਂ ਦੀ ਸੋਚ ਸੀਮਤ ਹੀ ਰਹਿੰਦੀ ਹੈ ਕਿਉਂਕਿ ਉਹ ਬਹੁਤ ਉੱਚਾ ਨਹੀਂ ਸੋਚ ਸਕਦੇ। ਉਨ੍ਹਾਂ ਦੇ ਜੀਵਨ ਸੰਸਾਰ ਦੇ ਪਦਾਰਥਵਾਦ ਵਿਚ ਹੀ ਫਸੇ ਰਹਿੰਦੇ ਹਨ। ਤੀਸਰੀ ਪ੍ਰਕਾਰ ਦੇ ਉਹ ਲੋਕ ਹਨ ਜਿਹੜੇ ਮਨੋਰਥ ਲਈ ਕੰਮ ਕਰਦੇ ਹਨ। ਉਹ ਜੋ ਕੁਝ ਸੋਚਦੇ ਹਨ, ਕਰਦੇ ਹਨ, ਉਹ ਉਨ੍ਹਾਂ ਦੇ ਮਨੋਰਥ ਅਨੁਸਾਰ ਹੀ ਹੁੰਦਾ ਹੈ, ਉਹ ਆਪਣੀਆਂ ਆਦਤਾਂ ਨਿਯਮਤ ਕਰਦੇ ਹਨ। ਉਹ ਆਪਣੀ ਸਰੀਰਕ ਤੇ ਮਾਨਸਿਕ ਹਾਲਤ ਬਾਰੇ ਜਾਣਦੇ ਹਨ ਤੇ ਇਹ ਵੀ ਜਾਣਦੇ ਹਨ ਕਿ ਸਰੀਰ ਤੇ ਮਨ ਵਿਚ ਬਹੁਤ ਫਰਕ ਨਹੀਂ। ਸੰਪੂਰਨ ਸਿਹਤ ਲਈ ਦੋਨੋਂ ਹੀ ਆਵਸ਼ਕ ਹਨ। ਉਹ ਜਾਣਦੇ ਹਨ ਮਾਨਸਿਕ ਤੇ ਸਰੀਰਕ ਤੰਦਰੁਸਤੀ ਦੋਨੋਂ ਹੀ ਜੀਵਨ ਉਦੇਸ਼ ਪ੍ਰਾਪਤੀ ਲਈ ਜ਼ਰੂਰੀ ਹਨ। ਜੀਵਨ ਉਦੇਸ਼ ਤੁਸੀਂ ਕੀ ਬਣਾਉਂਦੇ ਹੋ, ਰਖਦੇ ਹੋ, ਖੁਸ਼ੀ, ਪੂਰਣਤਾ, ਸ਼ਾਂਤੀ, ਮੁਕਤੀ, ਸਮਾਧੀ ਇਹੋ ਜਿਹੇ ਲੋਕ ਬਹੁਤ ਘੱਟ ਹਨ ਪਰ ਉਹ ਤੰਦਰੁਸਤ ਹਨ।

ਪੁਰਾਤਨ ਰਿਸ਼ੀ ਮੁਨੀ ਸਦਾ ਸਮੁੱਚੀ ਤੰਦਰੁਸਤੀ ਲਈ ਹੀ ਜ਼ੋਰ ਦਿੰਦੇ ਸਨ। ਉਨ੍ਹਾਂ ਨੇ ਮਨੁੱਖ ਨੂੰ ਪੂਰੀ ਤਰ੍ਹਾਂ ਸਮਝਿਆ, ਉਨ੍ਹਾਂ ਨੇ ਮਨ ਤੇ ਸਰੀਰ ਦੇ ਸਬੰਧ ਨੂੰ ਪੂਰੀ ਤਰ੍ਹਾਂ ਨਾਲ ਸਮਝਿਆ, ਉਨ੍ਹਾਂ ਨੇ ਸਮਝਿਆ ਕਿ ਸਰੀਰ ਕੇਵਲ ਮਨ ਦੇ ਹੁਕਮ ਨਾਲ ਹੀ ਚਲਦਾ ਹੈ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸਰੀਰ ਕੇਵਲ ਇਕ ਸਾਧਨ ਹੈ, ਪੂਰਨ ਰੂਪ ਨਹੀਂ ਕਿਉਂਕਿ ਸਰੀਰ ਇਕ ਸਾਧਨ ਹੈ। ਇਸ ਕਰਕੇ ਇਸ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਜੇਕਰ ਸਰੀਰ ਬੀਮਾਰ ਹੈ ਤਾਂ ਮਨ ਸਾਰਾ ਉਸ ਬਿਮਾਰੀ ਵਿਚ ਸਰੀਰ ਦੇ ਉਸ ਹਿੱਸੇ ਵਿਚ ਹੀ ਲੱਗਾ ਰਹਿੰਦਾ ਹੈ। ਮਨ ਹੀ ਸਰੀਰ ਨੂੰ ਕੰਟਰੋਲ ਕਰਦਾ ਹੈ, ਇਹ ਤੁਸੀਂ ਬੜੀ ਅਸਾਨੀ ਨਾਲ ਦੇਖ ਸਕਦੇ ਹੋ। ਜਿਹੜਾ ਅੰਦਰ ਆਰਡਰ ਦਿੰਦਾ ਹੈ ਉਹ ਤੁਹਾਡਾ ਸਭ ਤੋਂ ਚੰਗਾ ਮਿੱਤਰ ਹੋ ਸਕਦਾ ਹੈ ਜਾਂ ਫੇਰ ਸਭ ਤੋਂ ਵੱਡਾ ਦੁਸ਼ਮਨ, ਤੁਹਾਡੀ ਤੰਦਰੁਸਤੀ ਦਾ ਸਰੋਤ ਤੁਹਾਡੀ ਬਿਮਾਰੀ ਦੀ ਜੜ੍ਹ।

ਸਰੀਰਕ ਤੇ ਮਾਨਸਿਕ ਤੰਦਰੁਸਤੀ ਕਿਸ ਤਰ੍ਹਾਂ ਰਖੀ ਜਾਏ ਤਾਂ ਜੋ ਤੁਸੀਂ ਆਪਣਾ ਉਦੇਸ਼ ਪ੍ਰਾਪਤ ਕਰ ਸਕੋ। ਯੋਗ ਤੇ ਬਹੁਤ ਸਾਰੇ ਅਭਿਆਸ ਹਨ ਜੋ ਸਦੀਆਂ ਤੋਂ ਚਲਦੇ ਆ ਰਹੇ ਹਨ। ਇਹ ਕੇਵਕ ਸਰੀਰਕ ਅਭਿਆਸ ਹੀ ਨਹੀਂ, ਇਹ ਮਾਨਸਿਕ ਤੇ ਅਧਿਆਤਮਕ ਵੀ ਹੈ।

ਯੋਗ ਆਪਣੀ ਕੋਸ਼ਿਸ਼, ਆਪਣੇ ਯਤਨ ਦਾ ਹੀ ਵਿਗਿਆਨ ਹੈ ਇਕ। ਇਹ ਇਕ ਵਿਗਿਆਨ ਅਨੁਸ਼ਾਸਨ ਹੈ ਜਿਹੜਾ ਸਦੀਆਂ ਤੋਂ ਪੂਰਨ ਕੀਤਾ ਗਿਆ ਹੈ। ਇਹ ਅਭਿਆਸ ਕਰਕੇ ਪ੍ਰਮਾਣਤ ਹੈ। ਇਨ੍ਹਾਂ ਹਦਾਇਤਾਂ ਦਾ ਪਾਲਨ ਕਰਕੇ ਤੁਸੀਂ ਸਫਲ ਹੋ ਸਕਦੇ ਹੋ। ਜਿਸ ਤਰ੍ਹਾਂ ਤੁਸੀਂ ਅਭਿਆਸ ਕਰੋਗੇ ਤੁਸੀਂ ਦੇਖੋਗੇ ਤੁਸੀਂ ਕਿੰਨਾਂ ਕੁਝ ਕਰ ਲਿਆ ਹੈ, ਫੇਰ ਉਸ ਤੋਂ ਅੱਗੇ ਚੱਲਣ ਲਈ ਤਿਆਰੀ ਕਰੋ। ਇਹੋ ਜਿਹੇ ਬੰਦਿਆਂ ਦੇ ਉਦੇਸ਼ ਨੂੰ ਤੁਸੀਂ ਕੀ ਕਹੋਗੇ। ਖੁਸ਼ੀ ਸਿਹਤਮੰਦ, ਸੰਪੂਰਨਤਾ, ਸ਼ਾਂਤ, ਸਥਿਰ, ਨਿਰਵਾਨ ਸਭ ਠੀਕ ਹੈ। ਇਹੋ ਜਿਹੇ ਲੋਕ ਬਹੁਤ ਘੱਟ ਹਨ, ਪਰ ਉਹ ਤੰਦਰੁਦਤ ਹਨ, ਹਰ ਪੱਖੋਂ ਉਹ ਸੰਪੂਰਨ ਹਨ।

ਪੁਰਾਤਨ ਸਮੇਂ ਦੇ ਸੰਤ ਸਦਾ ਸੰਪੂਰਨ ਤੰਦਰੁਸਤੀ ਤੇ ਜ਼ੋਰ ਦਿੰਦੇ ਸੀ। ਉਹ ਸਰੀਰ ਤੇ ਮਨ ਦੇ ਸਬੰਧ ਨੂੰ ਚੰਗੀ ਤਰ੍ਹਾਂ ਸਮਝਦੇ ਸੀ। ਚੇਤਨਾ ਦੀ ਪੂਰੀ ਸਮਝ ਉਨ੍ਹਾਂ ਨੂੰ ਸੀ। ਉਹ ਜਾਣਦੇ ਸੀ ਕਿ ਸਰੀਰ ਕੇਵਲ ਮਨ ਤੇ ਪੜ੍ਹਦਾ ਹੈ ਤੇ ਮਨ ਚੇਤਨਤਾ ਤੇ ਪੜ੍ਹਦਾ ਹੈ। ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਸਰੀਰ ਕੇਵਲ ਇਕ ਸਾਧਨ ਹੈ, ਪੂਰਨ ਆਪਾ ਨਹੀਂ ਕਿਉਂਕਿ ਸਰੀਰ ਹੀ ਸਭ ਕੁਝ ਕਰਨ ਵਾਲਾ ਹੈ। ਇਸ ਕਰਕੇ ਇਸ ਦੀ ਸੰਭਾਲ ਬਹੁਤ ਜ਼ਰੂਰੀ ਹੈ। ਜੇਕਰ ਸਰੀਰ ਵਿਚ ਕਿਤੇ ਤਕਲੀਫ ਹੈ, ਮਨ ਉਥੇ ਹੀ ਫਸਿਆ ਰਹਿੰਦਾ ਹੈ, ਮਨ ਹੀ ਸਰੀਰ ਨੂੰ ਕੰਟਰੋਲ ਕਰਦਾ ਹੈ। ਤੁਸੀਂ ਇਹ ਗੱਲ ਬੜੀ ਸੌਖੀ ਤਰ੍ਹਾਂ ਦੇਖ ਸਕਦੇ ਹੋ। ਪੜ੍ਹਨਾ ਬੰਦ ਕਰੋ ਤੇ ਹੌਲੀ-ਹੌਲੀ ਆਪਣੀ ਕੁਰਸੀ ਤੋਂ ਉਠੋ, ਧਿਆਨ ਨਾਲ ਦੇਖੋ, ਤੁਸੀਂ ਦੇਖੋਗੇ ਇਹ ਤੁਹਾਡਾ ਸਰੀਰ ਨਹੀਂ ਜਿਹੜਾ ਖੜ੍ਹਾ ਹੋਇਐ, ਇਹ ਤੁਹਾਡੇ ਅੰਦਰ ਕਿਸੇ ਨੇ ਹੁਕਮ ਦਿਤਾ ਤਾਂ ਤੁਸੀਂ ਖੜ੍ਹੇ ਹੋਏ, ਸਰੀਰ ਤਾਂ ਕੇਵਲ ਇਕ ਸਾਧਨ ਹੈ ਜਿਹੜਾ ਹੁਕਮ ਲੈਂਦਾ ਹੈ। ਜਿਹੜਾ ਧੁਰਾ ਹੁਕਮ ਦਿੰਦਾ ਹੈ ਉਹ ਤੁਹਾਡਾ ਸਭ ਤੋਂ ਵੱਡਾ ਮਿੱਤਰ ਹੋ ਸਕਦਾ ਹੈ ਜਾਂ ਸਭ ਤੋਂ ਵੱਡਾ ਸ਼ਤਰੂ, ਤੁਹਾਡੀ ਤੰਦਰੁਸਤੀ ਦਾ ਸਰੋਤ, ਤੁਹਾਡੀ ਬਿਮਾਰੀ ਦਾ ਸਰੋਤ, ਕੁਝ ਵੀ ਹੋ ਸਕਦਾ ਹੈ।

ਚੰਗੀ, ਤੰਦਰੁਸਤੀ ਮਾਨਸਿਕ ਤੁੰਦਰੁਸਤੀ ਕਿਸ ਤਰ੍ਹਾਂ ਬਣਾਈ ਰਖੀ ਜਾਏ ਤਾਂ ਜੋ ਜੀਵਨ ਦਾ ਉਦੇਸ਼ ਪ੍ਰਾਪਤ ਕੀਤਾ ਜਾ ਸਕੇ। ਯੋਗ ਵਿਚ ਬਹੁਤ ਸਾਰੇ ਅਭਿਆਸ ਦਸੇ ਗਏ ਹਨ ਜਿਨ੍ਹਾਂ ਨਾਲ ਤੁਸੀਂ ਚੰਗੀ ਸਿਹਤ ਰਖ ਸਕਦੇ ਹੋ। ਤੰਦਰੁਸਤ ਰਹਿ ਸਕਦੇ ਹੋ। ਇਹ ਅਭਿਆਸ ਕੇਵਲ ਸਰੀਰਕ ਹੀ ਨਹੀਂ, ਇਹ ਮਾਨਸਿਕ ਤੇ ਅਧਿਆਤਮਕ ਵੀ ਹਨ। ਯੋਗ ਤਾਂ ਆਪਾ ਚੀਨਣ ਦਾ ਵਿਗਿਆਨ ਹੈ। ਇਕ ਵਿਗਿਆਨਕ ਅਨੁਸ਼ਾਸਨ ਹੈ ਜਿਹੜਾ ਸਦੀਆਂ ਤੋਂ ਚਲਿਆ ਆ ਰਿਹਾ ਹੈ। ਇਹ ਤਰੀਕੇ ਵਿਗਿਆਨਕ ਤਰੀਕੇ ਨਾਲ ਪਰਪੱਕ ਕੀਤੇ ਗਏ ਹਨ। ਇਹਨਾਂ ਦੇ ਅਭਿਆਸ ਨਾਲ ਤੁਸੀਂ ਜ਼ਰੂਰ ਕਾਮਯਾਬੀ ਪ੍ਰਾਪਤ ਕਰ ਸਕਦੇ ਹੋ। ਸਫਲਤਾ ਪ੍ਰਾਪਤ ਕਰ ਸਕਦੇ ਹੋ। ਜਦੋਂ ਤੁਸੀਂ ਅਭਿਆਸ ਸ਼ੁਰੂ ਕਰੋਗੇ, ਤੁਸੀਂ ਦੇਖੋਗੇ ਕਿਵੇਂ ਤੁਹਾਡੇ ਅੰਦਰ ਬਦਲਾਓ ਆਉਂਦਾ ਹੈ। ਤੁਹਾਡਾ ਅਭਿਆਸ ਕਿਸ ਤਰ੍ਹਾਂ ਤੁਹਾਨੂੰ ਪੂਰਨਤਾ ਵਲ ਲੈ ਜਾਂਦਾ ਹੈ। ਤੁਸੀਂ ਸਫਲਤਾ ਪ੍ਰਾਪਤ ਕਰਕੇ ਸਮਝ ਜਾਂਦੇ ਹੋ ਤੇ ਅੱਗੇ ਦੀ ਤਿਆਰੀ ਕਰਦੇ ਹੋ।

## ਸਫਾਈ ਤੇ ਸ਼ਕਤੀ

ਯੋਗਾ ਦੇ ਪੁਰਾਤਨ ਖਰੜੇ ਸਰੀਰ ਦੀ ਦੋ ਕ੍ਰਿਆਵਿਧੀਆਂ ਦਸਦੇ ਹਨ ਇਕ ਸਰੀਰ ਨੂੰ ਸਾਫ ਕਰਨ ਦੀ, ਦੂਸਰਾ ਸ਼ਕਤੀ ਦੇਣ, ਪੋਸ਼ਟਿਕ। ਇਹ ਦੋਨੋਂ ਹੀ ਮਿਲ ਕੇ ਕੰਮ ਕਰਦੇ ਹਨ। ਯੋਗ ਦੀਆਂ ਪੁਰਾਤਨ ਪੁਸਤਕਾਂ ਹੱਥ ਲਿਖੇ ਖਰੜੇ ਸਾਨੂੰ ਅੰਦਰ ਦੀ ਸਫਾਈ ਦੇ ਚਾਰ ਵੱਡੇ ਤਰੀਕਿਆਂ ਬਾਰੇ ਸੁਚੇਤ ਕਰਦੇ ਹਨ। ਮਲ ਮੂਤਰ, ਫੇਫੜੇ, ਰੋਮ, ਕਿਡਨੀਆਂ (ਗੁਰਦੇ)। ਸੋ ਹਰੇਕ ਨੂੰ ਆਪਣੇ ਇਹ ਸਾਰੇ ਜੰਤਰ ਦੇਖਦੇ ਰਹਿਣਾ ਚਾਹੀਦਾ ਹੈ। ਇਹ ਠੀਕ ਕੰਮ ਕਰ ਰਹੇ ਹਨ, ਸਭ ਨੂੰ ਆਪਣੇ ਅੰਦਰ ਦੀ ਸਫਾਈ ਦੇ ਜੰਤਰਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਇਹਨਾਂ ਨੂੰ ਕੰਟਰੋਲ ਕਰਨ ਦਾ ਪਤਾ ਹੋਣਾ ਚਾਹੀਦਾ ਹੈ, ਇਹਨਾਂ ਦੇ ਠੀਕ ਕੰਮ ਕਰਨ ਦਾ ਪਤਾ ਹੋਣਾ ਚਾਹੀਦਾ ਹੈ, ਕਿਉਂਕਿ ਜੇ ਇਹ ਸਫਾਈ ਦੇ ਜੰਤਰ ਠੀਕ ਕੰਮ ਨਹੀਂ ਕਰਨਗੇ ਤਾਂ ਸ਼ਕਤੀ ਦੇਣ ਵਾਲੇ ਜੰਤਰ ਠੀਕ ਕੰਮ ਨਹੀਂ ਕਰ ਸਕਦੇ। ਜਿਸ ਕਾਰਣ ਸਰੀਰ ਨਿਘਰਦਾ ਜਾਵੇਗਾ। ਰੁਕਾਵਟ ਤੇ ਵਿਧੀ ਵਿਰੁੱਧ ਹੋਣ ਨਾਲ ਬਿਮਾਰੀਆਂ ਲਗਦੀਆਂ ਹਨ ਮਨ ਦਬਾਅ ਵਿਚ ਚਿੰਤਾ ਵਿਚ ਰਹਿੰਦਾ ਹੈ, ਨਾੜੀ ਤੰਤਰ ਤਣਾਓ ਵਿਚ ਰਹਿੰਦਾ ਹੈ।

ਪੁਰਾਤਨ ਪੁਸਤਕਾਂ ਅਨੁਸਾਰ ਕੁਝ ਇਕ ਬਹੁਤ ਸੌਖੇ ਵਿਆਮ ਦਸੇ ਗਏ ਹਨ ਜਿਹੜੇ ਤੁਹਾਡੇ ਸਰੀਰ ਦੀ ਅੰਦਰ ਦੀ ਸਫਾਈ ਲਈ ਹਨ। ਭਾਵੇਂ ਸਾਰੇ ਤਰੀਕੇ ਜਿਹੜੇ ਦਸੇ ਗਏ ਹਨ ਉਹ ਖਾਸ ਮਹੱਤਵਪੂਰਨ ਹਨ। ਫੇਫੜਿਆਂ ਦੀ ਐਕਸਰਸਾਈਜ਼, ਸੁਆਸ ਲੈਣੇ, ਵਾਸਤਵ ਵਿਚ ਸੁਆਸ ਖਾਣ ਪੀਣ ਤੋਂ ਵਧੇਰੇ ਜ਼ਰੂਰੀ ਹਨ। ਸੁਆਸ ਹੀ ਮਨ ਤੇ ਸਰੀਰ ਦਾ ਸੇਤੂ ਹਨ, ਸੁਆਸ ਹੀ ਸਰੀਰ ਤੇ ਮਨ ਦੀ ਹਾਲਤ ਦਾ ਪੂਰਾ ਪਤਾ ਰਖਦੇ ਹਨ। ਸੁਆਸ ਹੀ ਪ੍ਰਾਣ ਸ਼ਕਤੀ ਹਨ। ਸੁਆਸ ਅੰਦਰ ਕਰਨੇ ਬਾਹਰ ਕੱਢਣੇ ਹੀ ਜੀਵਨ ਦੇ ਰਖਵਾਲੇ ਹਨ। ਬਾਹਰ ਸੁਆਸ ਕੱਢਣ ਨਾਲ ਅੰਦਰ ਦੀ ਵਰਤੀ ਹੋਈ ਗੈਸ ਨਿਕਲਦੀ ਹੈ। ਸੁਆਸ ਅੰਦਰ ਕਰਨ ਨਾਲ ਸ਼ਕਤੀ, ਆਕਸੀਜਨ ਅੰਦਰ ਜਾਂਦੀ ਹੈ।

*'ਚਲਦਾ..........।'*

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ।

ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 142 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

ਇਹ ਕੀਰਤਨ ਪ੍ਰਬਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਮੰਘਿਰਿ - ਸੰਗਰਾਂਦ-16 ਨਵੰਬਰ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ - ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ**
**19 ਨਵੰਬਰ, ਦਿਨ ਸ਼ੁਕਰਵਾਰ-ਰਤਵਾੜਾ ਸਾਹਿਬ, (ਸਮਾਂ - ਸਵੇਰੇ 10.00 ਤੋਂ 3.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

### ਦਸਵੰਧ ਭੇਜਣ ਲਈ -

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Account Name – Vishav Gurmat Roohani Mission Charitable Trust**
**Account No. – 40227222757, Bank Name - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith any donations amount should be sent to the Trust only through any of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor’s ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
